# ਪੰਜਾਬ ਓਪਨ ਸਕੂਲ

# ਸੰਗੀਤ ਗਾਇਨ

(ਮੈਟ੍ਰਿਕੁਲੇਸ਼ਨ ਸ਼੍ਰੇਣੀ ਲਈ)

ਪੰਜਾਬ ਸਕੂਲ ਸਿੱਖਿਆ ਬੋਰਡ
ਸਾਹਿਬਜ਼ਾਦਾ ਅਜੀਤ ਸਿੰਘ ਨਗਰ

**ਪ੍ਰਕਾਸ਼ਕ** : ਸੱਕਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ

**© ਪੰਜਾਬ ਸਕੂਲ ਸਿੱਖਿਆ ਬੋਰਡ**

**ਐਡੀਸ਼ਨ** : 2015-16 : ਕਾਪੀਆਂ -------

**ਪੈਟਰਨ** : ਡਾਇਰੈਕਟਰ ਅਕਾਦਮਿਕ, ਪੰਜਾਬ ਸਕੂਲ ਸਿੱਖਿਆ ਬੋਰਡ

**ਲੇਖਕ/ਸੋਧਕ** : ਸ੍ਰੀਮਤੀ ਮਨਪ੍ਰੀਤ ਕੌਰ

ਸ੍ਰੀ ਸ਼ਸੀਅਰਵਿੰਦ

ਚਿੱਤਰਕਾਰ : ਸ. ਮਨਜੀਤ ਸਿੰਘ, ਪੰਜਾਬ ਸਕੂਲ ਸਿੱਖਿਆ ਬੋਰਡ

**ਮੁੱਖ ਸੰਪਾਦਕ** : ਸ੍ਰੀਮਤੀ ਅਮਰਜੀਤ ਕੌਰ ਦਾਲਮ ਉਪ ਡਾਇਰੈਕਟਰ ਓਪਨ ਸਕੂਲ

**ਵਿਸ਼ਾ ਕੋਆਰਡੀਨੇਟਰ** : ਸ੍ਰੀਮਤੀ ਚਰਨਪ੍ਰੀਤ ਕੌਰ, ਲੈਕਚਰਾਰ ਸੰਗੀਤ, ਪੰਜਾਬ ਸਕੂਲ ਸਿੱਖਿਆ ਬੋਰਡ

**ਕੋਰਸ ਕੋਆਰਡੀਨੇਟਰ** : ਸ੍ਰੀਮਤੀ ਰਵਿੰਦਰ ਕੌਰ ਬਨਵੈਤ

(ਅਨੁਵਾਦ, ਮੁੜ ਪ੍ਰਕਾਸ਼ਨ, ਵਿਆਖਿਆ ਅਤੇ ਸੋਧ ਦੇ ਸਾਰੇ ਹੱਕ ਪੰਜਾਬ ਸਕੂਲ ਸਿੱਖਿਆ ਬੋਰਡ ਕੋਲ ਰਾਖਵੇਂ ਹਨ।)

---

**ਪ੍ਰਿੰਟਰ ਦਾ ਨਾਂ** : ਕਨਵਿਨੀਏਂਟ ਪ੍ਰਿੰਟਰ, ਪ੍ਰਿਥਵੀ ਨਗਰ, ਜਲੰਧਰ।

# ਸੰਦੇਸ਼

ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪਹਿਲ ਦਿੰਦੇ ਹੋਏ ਨੈਸ਼ਨਲ ਇੰਨਸਟੀਚਿਊਟ ਆਫ਼ ਓਪਨ ਸਕੂਲਿੰਗ, ਨੋਆਇਡਾ ਦੇ ਪੈਟਰਨ ਤੇ ਪੰਜਾਬ ਸਕੂਲ ਸਿੱਖਿਆ ਪ੍ਰਣਾਲੀ ਰਾਹੀਂ ਸਿੱਖਿਆ ਪ੍ਰਦਾਨ ਕਰਨ ਦਾ ਉਪਬੰਧ ਕੀਤਾ ਗਿਆ ਹੈ। ਓਪਨ ਸਕੂਲ ਪ੍ਰਣਾਲੀ ਦਾ ਵਿਦਿਆਰਥੀ ਹੋਣ ਨਾਲ਼ ਆਪ ਵਲੋਂ ਰਾਸ਼ਟਰੀ ਸਿੱਖਿਆ ਨੀਤੀ ਦੇ ਉਦੇਸ਼ ਦੀ ਪੂਰਤੀ ਦੇ ਸਰਵ-ਵਿਆਪਕ ਸਿੱਖਿਆ ਦੇ ਟੀਚੇ ਨੂੰ ਪੂਰਾ ਕਰਨ ਲਈ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ।

ਸਿੱਖਿਆ ਹੀ ਇੱਕ ਅਜਿਹਾ ਸ਼ਕਤੀਸ਼ਾਲੀ ਉਪਰਾਲਾ ਹੈ ਜਿਸ ਨਾਲ਼ ਸਮਾਜ ਵਿੱਚ ਪਰਿਵਰਤਨ ਲਿਆਂਦਾ ਜਾ ਸਕਦਾ ਹੈ। ਓਪਨ ਸਿੱਖਿਆ ਪ੍ਰਣਾਲੀ ਨੂੰ ਹਰ ਪੱਖੋਂ ਰਸਮੀ ਸਿੱਖਿਆ ਪ੍ਰਣਾਲੀ ਦੇ ਬਰਾਬਰ ਮੰਨਿਆ ਜਾਂਦਾ ਹੈ ਕਿਉਂਕਿ ਇਸ ਦੇ ਪਾਠ-ਕ੍ਰਮ ਅਤੇ ਪਰੀਖਿਆ ਵਿੱਚ ਕੋਈ ਅੰਤਰ ਨਹੀਂ ਹੈ। ਰੈਗੂਲਰ ਵਿਦਿਆਰਥੀਆਂ ਵਾਂਗ ਓਪਨ ਪ੍ਰਣਾਲੀ ਦੇ ਵਿਦਿਆਰਥੀਆਂ ਲਈ ਵੀ ਸਲਾਨਾ ਪ੍ਰੀਖਿਆ ਪ੍ਰਣਾਲੀ ਲਾਗੂ ਕੀਤੀ ਗਈ ਹੈ।

ਇਸ ਪ੍ਰਣਾਲੀ ਦੀਆਂ ਕੁਝ ਖ਼ਾਸ ਵਿਸ਼ੇਸ਼ਤਾਵਾਂ ਹਨ ਜਿਵੇਂ ਕਿ ਪੜ੍ਹਾਈ ਸਕੀਮ ਅਧੀਨ ਵਿਸ਼ਿਆਂ ਦੀ ਚੋਣ ਲਈ ਲਚਕੀਲਾਪਣ, ਪਹਿਲਾਂ ਪਾਸ ਕੀਤੇ ਵਿਸ਼ਿਆਂ ਨੂੰ ਕਰੈਡਿਟ ਕੈਰੀ ਕਰਨ ਦਾ ਲਾਭ, ਪਰੀਖਿਆ ਪਾਸ ਕਰਨ ਦੇ ਵੱਧ ਅਵਸਰ ਅਤੇ ਉਮਰ ਦੀ ਹੱਦ ਵਿੱਚ ਛੋਟ ਆਦਿ। ਇਸ ਪ੍ਰਣਾਲੀ ਅਧੀਨ ਰੈਗੂਲਰ ਤੌਰ' ਤੇ ਸਕੂਲ ਜਾਣ ਦੀ ਜ਼ਰੂਰਤ ਨਹੀਂ ਸਗੋਂ ਵਿਸ਼ੇਸ਼ ਤੌਰ' ਤੇ ਤਿਆਰ ਕਰਵਾਈ ਪਾਠ ਸਮਗਰੀ ਤੋਂ ਸੁਵਿਧਾ ਅਤੇ ਸਮੇਂ ਅਨੁਸਾਰ ਸਵੈ-ਅਧਿਐਨ ਰਾਹੀਂ ਹੀ ਪੜ੍ਹਾਈ ਹੀ ਕੀਤੀ ਜਾ ਸਕਦੀ ਹੈ। ਪੜ੍ਹਾਈ ਦੌਰਾਨ ਆਈਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਅਧਿਐਨ ਕੇਂਦਰ ਸਥਾਪਿਤ ਕਰਕੇ ਵਿਅਕਤੀਗਤ ਸੰਪਰਕ ਪ੍ਰੋਗਰਾਮ ਲਗਾਏ ਜਾਂਦੇ ਹਨ ਅਤੇ ਜਿਸ ਦੌਰਾਨ ਪ੍ਰਯੋਗੀ ਵਿਸ਼ਿਆਂ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ।

ਹਥਲੀ ਪਾਠ ਸਮਗਰੀ ਵਿੱਚ ਸੰਗੀਤ ਗਾਇਨ ਦੀ ਵਿਸ਼ਾ-ਵਸਤੂ ਸਰਲ ਭਾਸ਼ਾ ਵਿੱਚ ਦਰਸਾਉਣ ਦਾ ਉਪਰਾਲਾ ਕੀਤਾ ਗਿਆ ਹੈ। ਆਸ ਕੀਤੀ ਜਾਂਦੀ ਹੈ ਕਿ ਇਸ ਕੋਰਸ ਦੀ ਪੜ੍ਹਾਈ ਮੁਕੰਮਲ ਹੋਣ ਤੇ ਆਪ ਨੂੰ ਸਫ਼ਲ ਇਨਸਾਨ ਬਣ ਸਕਣ ਲਈ ਸੇਧ ਮਿਲ਼ੇਗੀ। ਪਾਠ ਸਮਗਰੀ ਵਿੱਚ ਹੋਰ ਸੁਧਾਰ ਲਿਆਉਣ ਲਈ ਖੇਤਰ ਤੋਂ ਪ੍ਰਾਪਤ ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

ਚੇਅਰਪਰਸਨ

ਪੰਜਾਬ ਸਕੂਲ ਸਿੱਖਿਆ ਬੋਰਡ

# ਵਿਸ਼ਾ-ਸੂਚੀ


| ਅਧਿਆਇ | ਵਿਸ਼ਾ | ਪੰਨਾ ਨੰ. |
|---|---|---|
| 1. | ਪਰਿਭਾਸ਼ਾਵਾਂ :-<br>ਸਪਤਕ, ਚਲ ਸਵਰ, ਅਚਲ ਸਵਰ , ਅਲੰਕਾਰ,<br>ਸ਼ਰੂਤੀ ਠਾਅ, ਦੁਗਣ ਵਕਰ ਸਵਰ, ਸਰਗਮ ਗੀਤ, ਸਥਾਈ ਅੰਤਰਾ। | 7 |
| 2. | ਥਾਟ ਦੇ ਨਿਯਮ ਅਤੇ ਭਾਤਖੰਡੇ ਜੀ ਦੇ ਦਸ ਥਾਟ। | 10 |
| 3. | ਖਿਆਲ ਛੋਟਾ, ਖਿਆਲ ਵੱਡਾ, ਖਿਆਲ। | 12 |
| 4. | ਸੰਗੀਤ ਦਾ, ਸਾਜ, ਤਾਨਪੁਰਾ, ਇਤਿਹਾਸ ਤੇ ਅੰਗ ਵਰਣਨ। | 14 |
| 5. | ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਸੁਰਲਿੱਪੀ ਅਤੇ ਤਾਲ-ਲਿੱਪੀ। | 17 |
| 6. | ਗੀਤ ਦੀਆਂ ਕਿਸਮਾਂ-ਸ਼ਬਦ, ਭਜਨ, ਲੋਕ ਗੀਤ। | 20 |
| 7. | ਗਾਇਕ ਦੇ ਗੁਣ ਤੇ ਦੋਸ਼। | 22 |
| 8. | ਥਾਟ ਤੇ ਰਾਗ ਦੇ ਨਿਯਮਾਂ ਦੀ ਆਪਸੀ ਤੁਲਨਾ। | 24 |
| 9. | ਪੰਜਾਬ ਦੇ ਲੋਕ ਸਾਜ਼। | 27 |
| 10. | ਜੀਵਨੀ-ਤਾਨਸੈਨ। | 35 |
| 11. | ਰਾਗ-ਭੁਪਾਲੀ, ਖਮਾਜ, ਭੈਰਵ। | 39 |
| 12. | ਤਾਲਾਂ-ਇਕ ਤਾਲ, ਰੁਪਕ ਤਾਲ, ਚੌਤਾਲ। | 47 |
| 13. | ਲੋਕ ਗੀਤ। | 49 |
| 14. | ਦੇਸ਼ ਭਗਤੀ ਗਾਨ। | 51 |
| 15. | ਰਾਸ਼ਟਰੀ ਗਾਨ। | 54 |
| 16. | ਰਾਸ਼ਟਰੀ ਗੀਤ। | 57 |
| 17. | ਮੁਲਾਂਕਣ ਪੱਤਰ | 59 |

# ਸੰਗੀਤ (ਗਾਇਨ)

## ਸ਼੍ਰੇਣੀ - ਦਸਵੀਂ

**ਸਮਾਂ** ਲਿਖਤੀ : 3 **ਘੰਟੇ** ਲਿਖਤੀ = 30 ਅੰਕ

**ਪ੍ਰਯੋਗੀ** : 20 ਮਿੰਟ **ਪ੍ਰਯੋਗੀ** = 40 **ਅੰਕ**

**ਸੀ. ਸੀ. ਈ.** = 30 ਅੰਕ

**ਕੁਲ ਅੰਕ** = 100 ਅੰਕ

ਪੇਪਰ – ਏ (ਲਿਖਤੀ)

ਪ੍ਰਸ਼ਨ–ਪੱਤਰ ਦੀ ਰੂਪ–ਰੇਖਾ (ਲਿਖਤੀ)

1. ਲਿਖਤੀ ਪ੍ਰਸ਼ਨ–ਪੱਤਰ ਵਿੱਚ ਕੁੱਲ 14 ਪ੍ਰਸ਼ਨ ਹੋਣਗੇ।
2. ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।
3. ਪ੍ਰਸ਼ਨ ਪੱਤਰ ਦੇ ਕੁੱਲ ਤਿੰਨ ਭਾਗ ਹੋਣਗੇ।

ਭਾਗ–1 ਵਿੱਚੋਂ 8 ਵਸਤੂਨਿਸ਼ਠ ਪ੍ਰਸ਼ਨ (ਪ੍ਰੋ. ਨੰ: 1–8) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ ਇੱਕ ਲਾਈਨ ਤੋਂ ਵੱਧ ਨਹੀ ਹੋਣਾ ਚਾਹੀਦਾ ਹੈ। 8 × 1 = 8 ਅੰਕ

ਭਾਗ–2 ਵਿੱਚੋਂ 4 ਸੰਖੇਪਾਤਮਕ ਪ੍ਰਸ਼ਨ (ਪ੍ਰ. ਨੰ: 9–12) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਇਹਨਾਂ ਪ੍ਰਸ਼ਨਾਂ ਦੇ ਉੱਤਰ 10–15 ਲਾਈਨਾਂ ਦੇ ਹੋਣੇ ਚਾਹੀਦੇ ਹਨ। 4 × 3 = 12 ਅੰਕ

ਭਾਗ–3 ਵਿੱਚੋਂ 2 ਨਿਬੰਧਾਤਮਕ ਪ੍ਰਸ਼ਨ (ਪ੍ਰ. ਨੰ: 13–14) ਅੰਦਰੂਨੀ ਛੋਟ ਦੇ ਕੇ ਪੁੱਛੇ ਜਾਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ।

ਇਹਨਾਂ ਪ੍ਰਸ਼ਨਾਂ ਵਿੱਚੋਂ ਇੱਕ ਪ੍ਰਸ਼ਨ ਪਾਠ–ਕ੍ਰਮ ਦੀ ਇਕਾਈ–1 ਵਿੱਚੋਂ ਅਤੇ ਇੱਕ ਪ੍ਰਸ਼ਨ ਇਕਾਈ–2 ਵਿੱਚੋਂ ਹੋਵੇਗਾ। 5 × 2 = 10 ਅੰਕ

**ਇਕਾਈਵਾਰ ਪ੍ਰਸ਼ਨਾਂ ਅਤੇ ਅੰਕਾਂ ਦੀ ਵੰਡ**

| ਪ੍ਰਸ਼ਨਾਂ ਦੀ ਕਿਸਮ | ਅੰਕ ਪ੍ਰਤੀ ਪ੍ਰਸ਼ਨ | ਪ੍ਰਸ਼ਨਾਂ ਦੀ ਸੰਖਿਆ | ਇਕਾਈਵਾਰ ਪ੍ਰਸ਼ਨਾਂ ਦੀ ਵੰਡ | | ਕੁੱਲ ਅੰਕ |
|---|---|---|---|---|---|
| | | | ਇਕਾਈ-1 | ਇਕਾਈ-2 | |
| ਵਸਤੂਨਿਸ਼ਠ ਪ੍ਰਸ਼ਨ | 1 ਅੰਕ | 8 | 4 | 4 | **8** |
| ਛੋਟੇ ਉੱਤਰਾਂ ਵਾਲੇ ਪ੍ਰਸ਼ਨ | 3 ਅੰਕ | 4 | 2 | 2 | **12** |
| ਨਿਬੰਧਾਤਮਕ ਪ੍ਰਸ਼ਨ | 5 ਅੰਕ | 2 | 1 | 1 | **10** |
| **ਕੁੱਲ** | | **14** | **7** | **7** | 30 |

## ਪੇਪਰ-ਬੀ (ਗਾਇਨ)

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਪ੍ਰਯੋਗੀ)

ਨੋਟ—ਪ੍ਰਯੋਗੀ ਪ੍ਰੀਖਿਆ ਦੀ ਇੱਕ ਟੋਲੀ ਵਿੱਚ 9 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ। ਪ੍ਰਸ਼ਨ-ਪੱਤਰ ਮੌਕੇ ਦੇ ਤਿਆਰ ਕੀਤਾ ਜਾਵੇਗਾ। ਪ੍ਰਯੋਗੀ ਪ੍ਰੀਖਿਆ ਦਾ ਪ੍ਰਸ਼ਨ-ਪੱਤਰ ਤਿਆਰ ਕਰਨ ਸਮੇਂ ਲਿਖਤੀ ਪੇਪਰ ਦੇ ਪਾਠ-ਕ੍ਰਮ ਦਾ ਧਿਆਨ ਰੱਖਣ ਦੇ ਨਾਲ-ਨਾਲ ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ।

1. ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਵਿਦਿਆਰਥੀ ਦੀ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਛੋਟੇ ਖਿਆਲ ਦਾ ਗਾਇਨ ਕਰਨਾ। ਇਸ ਲਈ ਸਮਾਂ 6 ਮਿੰਟ ਅਤੇ ਅੰਕ 10 ਹੋਣਗੇ।
2. ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਛੋਟਾ ਖਿਆਲ ਦਾ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਅਤੇ ਅੰਕ 10 ਹੋਣਗੇ।
3. ਪਾਠ-ਕ੍ਰਮ ਦੀਆਂ ਤਾਲਾਂ ਵਿੱਚੋਂ ਕਿਸੇ ਇੱਕ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨਾ। ਇਸ ਲਈ ਸਮਾਂ-4 ਮਿੰਟ ਅਤੇ ਅੰਕ 10 ਹੋਣਗੇ।
4. ਦਿੱਤੀਆਂ ਸੁਰਸੰਗਤੀਆਂ ਤੋਂ ਪਾਠ-ਕ੍ਰਮ ਦੇ ਰਾਗਾਂ ਦੀ ਜਾਣ-ਪਛਾਣ ਕਰਨੀ। ਇਸ ਲਈ ਸਮਾਂ 2 ਮਿੰਟ ਅਤੇ ਅੰਕ 5 ਹੋਣਗੇ।
5. ਉਪਰੋਕਤ ਰਾਗਾਂ ਵਿੱਚੋਂ ਕਿਸੇ ਇੱਕ ਰਾਗ ਵਿੱਚ ਭਜਨ, ਲੋਕਗੀਤ, ਰਾਸ਼ਟਰੀ ਗਾਨ ਜਾਂ ਸ਼ਬਦ ਦਾ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਅਤੇ ਅੰਕ 5 ਹੋਣਗੇ।

# ਅਧਿਆਇ-1
# ਪਰਿਭਾਸ਼ਾਵਾਂ

**(i) ਸਪਤਕ**

ਸੱਤ ਸੁਰਾਂ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ।

ਸਪਤਕ ਦਾ ਅਰਥ ਹੈ ਸਪਤ (ਸੱਤ) ਅਸੀਂ ਇਹ ਵੀ ਕਹਿ ਸਕਦੇ ਹਾਂ ਚੱਲ ਅਤੇ ਅਚੱਲ ਸੁਰਾਂ ਦੇ ਗਾਉਣ ਤੇ ਵਜਾਉਣ ਦੇ ਅੰਤਰ ਨਾਲ 12 ਸੁਰ ਬਣਦੇ ਹਨ। ਇਨ੍ਹਾਂ ਵਿਚੋਂ ਸ਼ੁੱਧ ਸੱਤ ਸੁਰਾਂ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ।

**ਸਪਤਕ ਦੀਆਂ ਕਿਸਮਾਂ** :-ਆਵਾਜ਼ ਜਾਂ ਧੁਨੀ ਕਈ ਤਰ੍ਹਾਂ ਦੀ ਹੁੰਦੀ ਹੈ ਜਿਨ੍ਹਾਂ ਵਿਚੋਂ ਕਈ ਧੁਨੀਆਂ ਭਾਰੀ ਤੇ ਬਰੀਕ ਹੁੰਦੀਆਂ ਹਨ। ਇਸ ਧੁਨੀ ਦੇ ਅੰਤਰ ਨੂੰ ਦੇਖਦੇ ਸਪਤਕ ਮੁੱਖ ਤਿੰਨ ਤਰ੍ਹਾਂ ਦੇ ਹਨ।

1. **ਮੰਦਰ ਸਪਤਕ** :- ਇਸ ਸਪਤਕ ਦੀ ਆਵਾਜ਼ ਆਮ ਆਵਾਜ਼ ਨਾਲੋਂ ਦੁੱਗਣੀ ਨੀਵੀਂ ਹੁੰਦੀ ਹੈ। ਸੁਰ ਲਿੱਪੀ ਵਿਚ ਇਸ ਸਪਤਕ ਦੇ ਸੁਰਾਂ ਦੇ ਥੱਲੇ ਬਿੰਦੀ ਲਗਾਈ ਜਾਂਦੀ ਹੈ। ਜਿਵੇਂ-ਮ ਪ ਧ ਨੀ।

2. **ਮੱਧ ਸਪਤਕ** :-ਆਮ ਆਵਾਜ਼ ਨੂੰ ਮੱਧ ਸਪਤਕ ਦੀ ਆਵਾਜ਼ ਕਹਿੰਦੇ ਹਨ। ਇਸ ਸਪਤਕ ਦੀ ਆਵਾਜ਼ ਨਾ ਜ਼ਿਆਦਾ ਨੀਵੀਂ ਤੇ ਨਾ ਜ਼ਿਆਦਾ ਉੱਚੀ ਹੁੰਦੀ ਹੈ। ਸੁਰ ਲਿੱਖੀ ਵਿਚ ਇਨ੍ਹਾਂ ਦੇ ਸੁਰਾਂ ਕੋਈ ਚਿੰਨ੍ਹ ਨਹੀਂ ਲਗਦਾ ਜਿਵੇਂ : ਸਾ ਰੇ ਗਾ ਮ ਪ ਧ ਨੀ।

3. **ਤਾਰ ਸਪਤਕ** :-ਇਸ ਸਪਤਕ ਦੇ ਸੁਰਾਂ ਦੀ ਆਵਾਜ਼ ਮੱਧ ਸਪਤਕ ਤੇ ਸੁਰਾਂ ਤੋਂ ਦੁੱਗਣੀ ਅਤੇ ਮੰਦਰ, ਸਪਤਕ ਦੀ ਸੁਰਾਂ ਤੋਂ ਚੌਗੁਣੀ ਉੱਚੀ ਹੁੰਦੀ ਹੈ। ਇਸ ਸਪਤਕ ਦੀ ਆਵਾਜ਼ ਬਰੀਕ ਤੇ ਤੀਖੀ ਹੁੰਦੀ ਹੈ। ਇਨ੍ਹਾਂ ਸੁਰਾਂ ਨੂੰ ਰਿਆਜ ਨਾਲ ਹੀ ਗਾਇਆ, ਵਜਾਇਆ ਜਾਂਦਾ ਹੈ। ਇਸ ਸਪਤਕ ਦੇ ਸੁਰਾਂ ਦੇ ਉੱਪਰ ਬਿੰਦੀ ਲਗਾਈ ਜਾਂਦੀ ਹੈ। ਜਿਵੇਂ-ਸ ਰੇ ਗ ਮ।

**(ii) ਅਚੱਲ ਸਵਰ** :-ਅਚੱਲ ਸਵਰ ਦਾ ਅਰਥ ਹੈ ਸਥਿਰ ਜਾਂ ਨਾ ਚੱਲਣ ਵਾਲਾ ਜਾਂ ਆਪਣੀ ਜਗ੍ਹਾ ਦੇ ਅਡਿਗ ਰਹਿਣ ਵਾਲਾ। ਇਸ ਲਈ ਭਾਰਤੀ-ਸੰਗੀਤ ਦੇ ਉਹ ਸਵਰ ਜਿਹੜੇ ਮੂਲਜਗ੍ਹਾ 'ਤੇ ਨਿਸ਼ਚਿਤ ਰਹਿਣ ਉਨ੍ਹਾਂ ਨੂੰ ਅਚੱਲ ਦੀ ਸੰਗੀਆਂ (ਨਾਂ) ਦਿੱਤੀ ਜਾਂਦੀ ਹੈ। ਸੰਗੀਤ ਵਿਚ ਅਚੱਲ ਦੋ ਹੀ ਮੰਨੇ ਗਏ ਹਨ। 'ਸ' ਅਤੇ 'ਪ' ਇਹ ਦੋ ਸਵਰ ਅਜਿਹੇ ਸਵਰ ਹਨ ਜਿਹੜੇ ਗਾਇਨ, ਵਾਦਨ ਸਮੇਂ ਆਪਣੇ ਨਿਸ਼ਚਿਤ ਸਥਾਨ 'ਤੇ ਰਹਿੰਦੇ ਹਨ।

**(iii) ਚੱਲ ਸਵਰ** :-ਚੱਲ ਦਾ ਅਰਥ ਹੈ, 'ਚੱਲਣ ਵਾਲਾ' ਇਸ ਲਈ ਉਹ ਸਵਰ ਜਿਹੜੇ ਆਪਣੇ ਨਿਸ਼ਚਿਤ ਸਥਾਨ ਤੋਂ ਉੱਪਰ ਜਾਂ ਨੀਵੇਂ ਵੱਲ ਜਾਣ ਉਸ ਨੂੰ ਚੱਲ ਸਵਰ ਕਹਿੰਦੇ ਹਨ। ਇਹਨਾ ਸਵਰਾ ਦੀ ਸੰਖਿਆ ਪੰਜ ਹੋ ਜਿਵੇਂ :-

ਰੁੇ ਗੁ ਮ' ਧੁ ਨੁੀ

ਅਚੱਲ ਸਵਰ =ਸ, ਪ

ਅਚੱਲ ਸਵਰ = ਰੁੇ ਗੁ ਮ' ਧੁ ਨੁੀ

**(iv) ਅਲੰਕਾਰ**

ਅਲੰਕਾਰ ਸ਼ਬਦ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਹੈ 'ਸਜਾਉਣਾ'। ਜਿਵੇਂ : ਮਨੁੱਖ ਅਪਨੇ ਸਰੀਰ ਨੂੰ ਸਜਾਉਣ ਲਈ ਭਿੰਨ-ਬਿੰਨ ਤਰ੍ਹਾਂ ਦੇ ਗਹਿਣੇ ਪਾਉਂਦਾ ਹੈ ਕਿ ਉਹ ਖੂਬਸੂਰਤ ਲੱਗੇ ਉਸੇ ਤਰ੍ਹਾਂ ਜਦੋਂ ਅਸੀਂ ਗਾਇਨ, ਵਾਦਨ ਤੇ ਨਰਿਤ ਵਿਚ ਭਿੰਨ-ਭਿੰਨ ਤਰ੍ਹਾਂ ਦੇ ਸਵਰ ਸਮੂਹਾਂ ਨੂੰ ਪ੍ਰਯੋਗ ਕਰਕੇ ਇਨ੍ਹਾਂ ਕਲਾਵਾਂ ਨੂੰ ਸਜਾਉਂਦੇ ਹਾਂ ਉਸ ਨੂੰ ਅਲੰਕਾਰ ਕਹਿੰਦੇ ਹਨ। ਅਲੰਕਾਰ ਦਾ ਇਕ ਸਿਧਾਂਤ ਹੈ ਕਿ ਜੋ ਸਵਰ ਅਸੀਂ ਅਲੰਕਾਰਾਂ ਦੀ ਅਰੋਹ ਵਿਚ ਲਗਾਵਾਂਗੇ ਉਹ ਹੀ ਸਵਰ ਅਵਰੋਹੀ ਵਿਚ ਲੱਗਣਗੇ। ਅਲੰਕਾਰ ਸ਼ੁੱਧ ਸਵਰਾਂ ਤੋਂ ਇਲਾਵਾ ਕੋਮਲ ਸਵਰ ਤੇ ਤੀਬਰ ਸਵਰ ਲਗਾ ਕੇ ਵੀ ਬਣਾਏ ਜਾ ਸਕਦੇ ਹਨ। ਅਲੰਕਾਰਾਂ ਨੂੰ ਪਲਟਾ ਵੀ ਕਿਹਾ ਜਾਂਦਾ ਹੈ ਜਿਸ ਦਾ ਅਰਥ ਪਲਟਣਾ। ਅਲੰਕਾਰ ਬਣਾਉਂਦੇ ਸਮੇਂ ਸਵਰਾਂ ਦੀ ਸੰਖਿਆ ਅਤੇ ਕ੍ਰਮ ਆਪਣੀ ਇੱਛਾ ਮੁਤਾਬਿਕ ਨਿਯਮਬੱਧ ਕੀਤੇ ਜਾ ਸਕਦੇ ਹਨ। ਗਾਇਨ ਵਿਚ ਤਾਨਾ ਵੀ ਅਲੰਕਾਰਾਂ ਦੇ ਆਧਾਰ 'ਤੇ ਬਣਦੀਆਂ ਹਨ। ਇਨ੍ਹਾਂ ਦੇ ਅਭਿਆਸ ਨਾਲ ਗਾਇਨ, ਵਾਦਨ ਦੋਨੋਂ ਕਲਾਵਾਂ ਵਿਚ ਨਿਖਾਰ ਆ ਜਾਂਦਾ ਹੈ। ਸੰਗੀਤ ਵਿਚ ਸਵਰਾਂ ਦੇ ਛੋਟੇ-ਛੋਟੇ ਸਮੂਹ ਲੈ ਕੇ ਅਲੰਕਾਰਾਂ ਦੀ ਰਚਨਾ ਕੀਤੀ ਜਾਂਦੀ ਹੈ ਕਿਉਂਕਿ ਜਦੋਂ ਅਸੀਂ ਇਕ ਸਵਰ ਦਾ ਪ੍ਰਯੋਗ ਕਰਦੇ ਹਾਂ ਤਾਂ ਉਹ ਇੰਨਾ ਮੰਨ ਨੂੰ ਨਹੀਂ ਭਾਉਂਦਾ ਪ੍ਰੰਤੂ ਜਦੋਂ ਅਸੀਂ ਅਲੰਕਾਰਾਂ ਵਿਚ ਸਵਰਾਂ ਦੇ ਛੋਟੇ-ਛੋਟੇ ਟੁਕੜਿਆਂ ਦਾ ਵਕਰ ਰੂਪ ਵਿਚ ਪ੍ਰਯੋਗ ਕਰਦੇ ਹਾਂ ਤਾਂ ਇਹ ਦੋਨੋਂ ਕ੍ਰਿਆਵਾਂ ਵਿਚ ਇਕ ਮਸਤੀ ਜਹੀ ਆ ਜਾਂਦੀ ਹੈ ਅਤੇ ਅਲੰਕਾਰ ਗਾਉਣ ਜਾਂ

ਵਜਾਉਣ ਵਾਲਾ ਇਸ ਦਾ ਪੂਰਾ ਅਨੰਦ ਮਾਣਦਾ ਹੈ। ਭਰਤ ਨਾਟਯ ਸ਼ਾਸਤਰ ਵਿਚ ਭਰਤ ਮੁਨੀ ਜੀ ਨੇ ਠੀਕ ਹੀ ਕਿਹਾ ਹੈ ਜਿਵੇਂ ਪਾਣੀ ਤੋਂ ਬਿਨਾਂ ਨਦੀ, ਚੰਦਰਮਾ ਤੋਂ ਬਿਨਾਂ ਰਾਤ, ਫੁੱਲ ਤੋਂ ਬਿਨਾਂ ਬੂਟਾਂ ਹੈ। ਉਸੀ ਤਰ੍ਹਾਂ ਅਲੰਕਾਰਾਂ ਤੋਂ ਬਿਨਾਂ ਸੰਗੀਤ ਦੀ ਸੁੰਦਰਤਾ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ।

**ਅਲੰਕਾਰਾਂ ਦਾ ਲਾਭ**

ਅਲੰਕਾਰਾਂ ਦੇ ਹੇਠ ਲਿਖੇ ਲਾਭ ਹਨ :

1. ਅਲੰਕਾਰਾਂ ਨੂੰ ਜੇਕਰ ਅਕਾਰ ਨਾਲ ਗਾਇਆ ਜਾਵੇ ਅਤੇ ਨਾਲ ਤਾਲ ਦਿੱਤੀ ਜਾਵੇ ਤਾਂ ਵਿਦਿਆਰਥੀ ਦਾ ਗਲ੍ਹਾ ਅਤੇ ਲੈਅ ਦੋਨੋਂ ਤਿਆਰ ਹੋ ਜਾਂਦੇ ਹਨ।

2. ਅਲੰਕਾਰਾਂ ਦੇ ਅਭਿਆਸ ਨਾਲ ਸਾਜ਼ ਤੇ ਮਾਸਪੇਸ਼ੀਆਂ ਨੂੰ ਲੰਬੇ ਸਮੇਂ ਤੱਕ ਕੰਮ ਕਰਨ ਦੀ ਸ਼ਕਤੀ ਮਿਲਦੀ ਹੈ।

3. ਅਲੰਕਾਰਾਂ ਦੇ ਗਾਣ, ਵਜਾਣ ਨਾਲ ਸੁਰ ਗਿਆਨ ਵੱਧਦਾ ਹੈ।

4. ਅਲੰਕਾਰਾਂ ਦੇ ਅਭਿਆਸ ਤੋਂ ਬਾਅਦ ਵਿਦਿਆਰਥੀ ਖ਼ੁਦ ਅਲੰਕਾਰਾਂ ਦੀ ਰਚਨਾ ਕਰ ਸਕਦਾ ਹੈ।

5. ਅਲੰਕਾਰਾਂ ਦੇ ਅਭਿਆਸ ਨਾਲ ਅਲਾਪ ਅਤੇ ਤਾਨਾ ਦੀ ਤਿਆਰ ਵਿਚ ਸਹਾਇਤਾ ਮਿਲਦੀ ਹੈ।

6. ਅਲੰਕਾਰਾਂ ਦੇ ਅਭਿਆਸ ਨਾਲ ਸਵਰ ਗਿਆਨ ਵਿਚ ਵਾਧਾ ਅਤੇ ਲੈਅ ਦਾ ਅਭਿਆਸ ਹੁੰਦਾ ਹੈ।

7. ਅਲੰਕਾਰਾਂ ਦਾ ਅਭਿਆਸ ਕੇਵਲ ਸੰਗੀਤ ਸਿੱਖਣ ਸਮੇਂ ਹੀ ਨਹੀਂ ਸਗੋਂ ਜਦੋਂ ਵੀ ਰਾਗ ਦੀ ਤਿਆਰੀ ਕਰਨੀ ਹੋਵੇ ਤਾਂ ਰਾਗਾਂ ਦਾ ਅਭਿਆਸ ਕਰਨਾ ਜ਼ਰੂਰੀ ਹੈ।

ਇਸ ਲਈ ਸੰਗੀਤ ਦੇ ਵਿਦਿਆਰਥੀਆਂ ਨੂੰ ਇਸ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ, ਜਿਸ ਸਦਕਾ ਉਹ ਉੱਤਮ ਸ਼੍ਰੇਣੀ ਦੇ ਕਲਾਕਾਰ ਬਣ ਸਕਦੇ ਹਨ। ਕਿਰਿਆਤਮਕ ਭਾਗ ਵਿਚ ਅਲੰਕਾਰ ਦਿੱਤੇ ਜਾ ਰਹੇ ਹਨ। ਵਿਦਿਆਰਥੀ ਨੂੰ ਇਨ੍ਹਾਂ ਅਲੰਕਾਰਾਂ ਦਾ ਅਭਿਆਸ ਕਰਕੇ ਆਪਣੀ ਕਲਾਂ ਵਿਚ ਨਿਖਾਰ ਲਿਆਉਣਾ ਚਾਹੀਦਾ ਹੈ।

**(v) ਸ਼ਰੂਤੀ**

ਸ਼ਰੂਤੀ ਦਾ ਅਰਥ ਹੈ ਸੁਣਨਾ। ਸੰਗੀਤ ਵਿਚ ਅਸੀਂ ਹਰ ਸੁਣਨ ਵਾਲੀ ਆਵਾਜ਼ ਨੂੰ ਸ਼ਰੂਤੀ ਨਹੀਂ ਕਹਿ ਸਕਦੇ। ਅਸੀਂ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਜੋ ਧਵਨੀ ਦੂਸਰੀ ਧੁਨੀਆਂ ਤੋਂ ਵੱਖਰੀ ਪਛਾਣੀ ਜਾ ਸਕੇ ਉਸ ਨੂੰ ਸੰਗੀਤ ਵਿਚ ਸ਼ਰੂਤੀ ਕਹਿੰਦੇ ਹਨ।

ਅਭਿਨਵ ਰਾਗ ਮੰਜਰੀ ਵਿਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ, 'ਉਹ ਆਵਾਜ਼ ਜੋ ਗੀਤ ਵਿਚ ਪ੍ਰਯੋਗ ਕੀਤੀ ਜਾਵੇ ਇਕ-ਦੂਜੇ ਤੋਂ ਅਲੱਗ ਪਛਾਣੀ ਜਾ ਸਕੇ। ਉਸ ਨੂੰ ਸ਼ਰੂਤੀ ਕਹਿੰਦੇ ਹਨ।'

ਸੰਗੀਤ ਵਿਚ ਬਾਈ ਨਾਦ ਅਜਿਹੇ ਹਨ ਜਿਸ ਨੂੰ ਸੁਣ ਕੇ ਪਛਾਣਿਆ ਜਾ ਸਕਦਾ ਹੈ, ਸੰਗੀਤ ਵਿਚ ਇਨ੍ਹਾਂ ਬਾਈ ਨਾਦਾਂ ਨੂੰ ਹੀ ਸ਼ਰੂਤੀ ਕਿਹਾ ਜਾਂਦਾ ਹੈ।

ਹਰ ਸ਼ਰੂਤੀ ਨਾਦ ਹੈ, (ਆਵਾਜ਼) ਹੈ। ਪ੍ਰੰਤੂ ਹਰ ਇਕ ਨਾਦ (ਆਵਾਜ਼) ਸ਼ਰੂਤੀ ਨਹੀਂ ਹੋ ਸਕਦੀ।

ਸ਼ਰੂਤੀ ਉਹ ਧਵਨੀ ਹੈ ਜੋ ਕੰਨਾਂ ਨੂੰ ਸਪੱਸ਼ਟ ਸੁਣਾਈ ਦੇਵੇ, ਸੰਗੀਤ ਲਈ ਉਪਯੋਗੀ ਹੋਵੇ, ਇਕ-ਦੂਜੇ ਤੋਂ ਅਲੱਗ ਪਹਿਚਾਨੀ ਜਾ ਸਕੇ, ਸੁਨਣ ਵਿਚ ਮਧੁਰ ਤੇ ਮਿੱਠੀ ਹੋਵੇ, ਉਹ ਹੀ ਸ਼ਰੂਤੀ ਹੈ।

22 ਸ਼ਰੂਤੀਆਂ ਦੇ ਨਾਂ ਹੇਠ ਲਿਖੇ ਹਨ :-

1. ਤੀਵਰ, 2. ਕੁਮੁਦਵਤੀ, 3. ਮੰਦਾ, 4. ਛੰਦੋਵਤੀ, 5. ਦਯਾਵਤੀ, 6. ਰੰਜਨੀ, 7. ਰਕਤਿਕਾ, 8. ਰੌਦੀ, 9. ਕ੍ਰੋਧੀ, 10. ਵਜਰਿਕਾ, 11. ਪ੍ਰਸਾਰਿਣੀ, 12. ਪ੍ਰੀਤੀ, 13. ਮਾਰਜਨੀ, 14. ਕਸ਼ਿਤੀ, 15. ਰਕਤਾ, 16. ਸੰਦੀਪਨੀ, 17. ਆਲਾਪਨੀ, 18. ਮੰਦੱਤੀ, 19. ਰੋਹਿਣੀ, 20. ਰਮਯਾ, 21. ਉਗ੍ਰਾ, 22. ਕਸ਼ੋਮਣੀ।

ਭਾਰਤੀ ਸੰਗੀਤ ਵਿਚ ਗਾਉਣ ਵਜਾਉਣ ਸਮੇਂ ਇਨ੍ਹਾਂ ਬਾਈ ਸ਼ਰੂਤੀਆਂ ਦਾ ਪ੍ਰਯੋਗ ਕਰਨਾ ਕਠਿਨ ਹੈ। ਇਸ ਲਈ ਇਨ੍ਹਾਂ 22 ਸ਼ਰੂਤੀਆਂ ਵਿਚੋਂ ਅਜਿਹੀਆਂ ਸੱਤ ਸ਼ਰੂਤੀਆਂ ਨੂੰ ਚੁਣਿਆ ਗਿਆ ਜਿਹੜੀਆਂ ਆਸਾਨੀ ਨਾਲ ਗਾਇਆ ਵਜਾਇਆ ਜਾ ਸਕਣ। ਇਨ੍ਹਾਂ ਦਾ ਨਾਂ ਸਵਰ ਰੱਖਿਆ ਗਿਆ। ਭਾਰਤੀ ਸੰਗੀਤ ਇਨ੍ਹਾਂ ਸੱਤ ਸਵਰਾਂ 'ਤੇ ਹੀ ਆਧਾਰਿਤ ਹੈ।

**vi ) ਠਾਅ**

ਠਾਅ ਨੂੰ ਬਰਾਬਰ ਦੀ ਲੈਅ ਵੀ ਆਖਦੇ ਹਨ, ਜਦੋਂ ਇਕ ਮਾਤਰਾ ਕਾਲ ਵਿਚ ਇਕ ਬੋਲ ਬੋਲਿਆ ਜਾ ਵਜਾਇਆ ਜਾਵੇ ਤਾਂ ਉਸ ਨੂੰ ਠਾਅ ਲੈਅਕਾਰੀ ਕਹਿੰਦੇ ਹਨ। ਤਾਲ ਵਿਚ ਲਿਖਣ ਲਈ ਇਕ ਮਾਤਰਾਂ ਤੇ ਇਕ ਬੋਲ ਤਾਲ ਦਾ ਲਿਖਿਆ ਜਾਂਦਾ ਹੈ ਜਿਵੇਂ :-

| (1) | 1 | – | – | – | 2 | – | – | – |
|---|---|---|---|---|---|---|---|---|
| | ਗ | ऽ | ऽ | ऽ | ਧ | ऽ | ऽ | ऽ |

| (2) | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਠਾਅ ਲੈਅਕਾਰੀ | ਧਾ | ਗੇ | ਨਾ | ਤੀ | ਨਾ | ਕੇ | ਧਿੰ | ਨਾ |

**(vii) ਦੁਗਣ**

ਜਦੋਂ ਇਕ ਮਾਤਰਾ ਕਾਲ ਵਿਚ ਦੋ ਮਾਤਰਾਵਾਂ ਬੋਲੀਆਂ ਜਾਣ ਉਸ ਨੂੰ ਦੁਗਣ ਕਹਿੰਦੇ ਹਨ ਜਾਂ ਜਦੋਂ ਲੈਅ ਦੀ ਇਕ ਮਾਤਰਾ ਤੇ ਦੋ ਬੋਲਾਂ ਨੂੰ ਬੋਲਿਆ ਜਾਂ ਵਜਾਇਆ ਜਾਵੇ ਉਹ ਦੁਗਣ ਅਖਵਾਉਂਦੀ ਹੈ। ਤਾਲ ਵਿਚ ਦੁਗਣ ਨੂੰ ਲਿਖਣ ਲਈ ਇਕ ਮਾਤਰਾ ਤੇ ਤਾਲ ਦੇ ਦੋ ਬੋਲਾਂ ਨੂੰ ਲਿਖਿਆ ਜਾਂਦਾ ਹੈ ਜਿਵੇਂ :-

| | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਠਾਅ ਲੈਅਕਾਰੀ | ਧਾ | ਗੇ | ਨਾ | ਤੀ | ਨਾ | ਕੇ | ਧਿੰ | ਨਾਂ |
| ਦੁਗਣ ਲੈਅਕਾਰੀ | ਧਾਗੇ | ਨਾਤੀ | ਨਾਕੇ | ਧਿੰਨਾ | ਧਾਗੇ | ਨਾਤੀ | ਨਾਕੇ | ਧਿੰਨਾ |

**(viii) ਵਕਰ ਸਵਰ**

ਉਹ ਸਵਰ ਜਿਸ ਨੂੰ ਰਾਗ ਵਿਚ ਸਿੱਧੇ ਕ੍ਰਮ ਨੂੰ ਭੰਗ ਕਰਕੇ ਉਸ ਦਾ ਪ੍ਰਯੋਗ ਟੇਢਾ ਕੀਤਾ ਜਾਵੇ ਉਸ ਨੂੰ ਵਕਰ ਸਵਰ ਕਹਿੰਦੇ ਹਨ ਵਕਰ ਦਾ ਅਰਥ ਹੈ, ਟੇਢਾ। ਜਦੋਂ ਅਸੀਂ ਇਕ ਸਵਰ ਤੱਕ ਜਾ ਕੇ ਪਿੱਛੇ ਮੁੜ ਜਾਂਦੇ ਹਾਂ ਜਿਸ ਸਵਰ ਤੋਂ ਅਸੀਂ ਪਿੱਛੇ ਮੁੜਦੇ ਹਾਂ ਉਸ ਸਵਰ ਨੂੰ ਛੱਡ ਦਿੱਤਾ ਜਾਂਦਾ ਹੈ ਉਸ ਨੂੰ ਵਕਰ ਸਵਰ ਕਹਿੰਦੇ ਹਨ ਜਿਵੇਂ ਗ ਮ ਗ ਪ ਇਸ ਕ੍ਰਮ ਵਿਚ ਮ ਸਵਰ ਵਕਰ ਹੈ ਕਿਉਂਕਿ ਅਸੀਂ ਮ ਸਵਰ ਤੇ ਜਾ ਕੇ ਫਿਰ ਪਿੱਛੇ ਗ ਸਵਰ ਤੇ ਮੁੜ ਆਉਂਦੇ ਹਾਂ ਤੇ ਅੱਗੇ ਚਲਦੇ ਹਾਂ ਉਸ ਨੂੰ ਛੱਡ ਦਿੰਦੇ ਹਾਂ ਤੇ ਫਿਰ ਗਾ ਸਵਰ ਤੇ ਆ ਜਾਂਦੇ ਹਾਂ। ਕਿਉਂਕਿ ਇਥੇ ਅਸੀਂ ਗ ਮ ਗ ਸਵਰਾਂ ਨੂੰ ਵਕਰ ਪ੍ਰਯੋਗ ਕੀਤਾ ਹੈ।

**(ix) ਸਰਗਮ ਗੀਤ**

ਰਾਗ ਦੇ ਸਵਰਾਂ ਵਿਚ ਰੱਚੀ ਗਈ ਤਾਲ ਬੱਧ ਰਚਨਾ ਨੂੰ ਸਰਗਮ ਗੀਤ ਕਹਿੰਦੇ ਹਨ। ਸਰਗਮ ਵਿਚ ਰਾਗ ਦੇ ਸਵਰਾਂ ਨੂੰ ਨਿਯਮ ਅਨੁਸਾਰ ਗਾਇਆ ਜਾਂਦਾ ਹੈ। ਇਹ ਇਕ ਸ਼ਾਸਤਰੀ ਗਾਇਨ ਸ਼ੈਲੀ ਹੈ। ਇਸ ਰਚਨਾ ਰਾਹੀਂ ਰਾਗ ਵਿਚ ਪ੍ਰਯੋਗ ਹੋਣ ਵਾਲੇ ਸਵਰ ਅਤੇ ਰਾਗ ਦੇ ਸਵਰੂਪ ਦਾ ਗਿਆਨ ਘੱਟ ਸਮੇਂ ਵਿਚ ਹੋ ਜਾਂਦਾ ਹੈ। ਸਰਗਮ ਗੀਤ ਸਿਰਫ਼ ਸ਼ਾਸਤਰੀ ਰਾਗਾਂ ਵਿਚ ਨਿਯਮ ਹੁੰਦੇ ਹਨ ਅਤੇ ਇਨ੍ਹਾਂ ਦੇ ਨਾਲ ਮੱਧ ਲੈਅ ਦੀਆਂ ਤਾਲਾਂ ਜਿਵੇਂ ਤਿੰਨ ਤਾਲ, ਝਪਤਾਲ, ਰੂਪਕ ਤਾਲ ਆਦਿ ਤਾਲਾਂ ਵਜਾਈਆਂ ਜਾਂਦੀਆਂ ਹਨ। ਸਰਗਮ ਗੀਤ ਦੀ ਗਾਇਨ ਸ਼ੈਲੀ ਛੋਟੇ ਖਿਆਲ ਦੀ ਤਰ੍ਹਾਂ ਹੁੰਦੀ ਹੈ। ਇਸ ਵਿਚ ਪਹਿਲਾਂ ਸਥਾਈ ਫਿਰ ਅੰਤਰਾ ਅਤੇ ਬਾਅਦ ਵਿਚ ਛੋਟੀਆਂ-ਛੋਟੀਆਂ ਸਰਗਮਾਂ ਦੀਆਂ ਤਾਲਾਂ ਗਾਈਆਂ ਜਾਂਦੀਆਂ ਹਨ। ਇਹ ਇਕ ਸੀ ਸਿੱਧੀ ਅਤੇ ਸਰਲ ਰਾਗ ਰਚਨਾ ਹੈ। ਵਿਦਿਆਰਥੀ ਇਸ ਨੂੰ ਬੜੀ ਜਲਦੀ ਨਾਲ ਸਮਝੇ ਕੇ ਗਾਉਨ ਲਗਦੇ ਹਨ।

**(x) ਸਥਾਈ** :- ਇਹ ਗੀਤ ਜਾਂ ਗੱਤ ਦਾ ਪਹਿਲਾ ਭਾਗ ਹੁੰਦਾ ਹੈ। ਗੀਤ ਜਾਂ ਗੱਤ ਦੇ ਪਹਿਲੇ ਪਦ ਜਾਂ ਭਾਗ ਨੂੰ ਸਥਾਈ ਕਹਿੰਦੇ ਹਨ। ਗਾਇਨ/ਵਾਦਕ ਵਿਚ ਸਥਾਈ ਦਾ ਪ੍ਰਯੋਗ ਸਭ ਤੋਂ ਜ਼ਿਆਦਾ ਹੁੰਦਾ ਹੈ। ਰਾਗ ਦਾ ਅਲਾਪ/ਤਾਨ ਦੇ ਦੁਆਰਾ ਸਵਰ ਵਿਸਥਾਰ ਕਰਦਾ ਹੋਇਆ ਵਾਦਕ/ਗਾਇਕ ਬਾਰ-ਬਾਰ ਸਥਾਈ ਦੇ ਮੁਖੜੇ ਨੂੰ ਫੜ ਕੇ ਤਾਲ ਦੇ ਚੱਕਰ ਵਿਚ ਪਹੁੰਚ ਜਾਂਦਾ, ਇਸ ਵਿਚ ਮੰਦਰ, ਮੱਧ ਸਪਤਕ ਦੇ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਇਸ ਦੇ ਇਕ ਜਾਂ ਦੋ, ਤਿੰਨ ਆਵਰਤਨ ਹੁੰਦੇ ਹਨ। ਧਰੁਪਦ ਗਾਇਨ ਸ਼ੈਲੀ ਵਿਚ ਚਾਰ ਆਵਰਤਨ ਦੀ ਸਥਾਈ ਹੁੰਦੀ ਹੈ। ਰਾਗ ਦੇ ਅੰਤਰੇ ਦੇ ਇਕ ਭਾਗ ਨੂੰ ਗਾ ਕੇ ਜਾਂ ਵਜਾ ਕੇ ਮੁੜ ਸਥਾਈ ਜ਼ਰੂਰ ਵਜਾਈ ਜਾਂਦੀ ਹੈ।

**(xi) ਅੰਤਰਾ** :-ਗੀਤ ਜਾ ਗੱਤ ਦੇ ਦੂਸਰੇ ਭਾਗ ਨੂੰ ਅੰਤਰਾ ਕਹਿੰਦੇ ਹਨ। ਇਸ ਦਾ ਵਿਸਥਾਰ ਖੇਤਰ ਮੱਧ ਸਪਤਕ ਤੋਂ ਹੁੰਦਾ, ਤਾਰ ਸਪਤਕ ਦੇ ਗੰਧਾਰ, ਮਧਯਮ ਸੁਰ ਤੱਕ ਹੁੰਦਾ ਹੈ। ਅੰਤਰਾ ਹਮੇਸ਼ਾ ਮੱਧ ਸਪਤਕ ਦੇ ਸੁਰਾਂ ਅਰਥਾਤ, ਗੰਧਾਰ, ਮੰਦਰ, ਪੰਚਮ ਤੋਂ ਸ਼ੁਰੂ ਕੀਤਾ ਜਾਂਦਾ ਹੈ। ਅੰਤਰੇ ਦੇ ਵੀ ਦੋ ਜਾਂ ਇਸ ਤੋਂ ਵੱਧ ਆਵਰਤਨ ਹੁੰਦੇ ਹਨ।

ਅਧਿਆਇ-2

# ਥਾਟ, ਥਾਟ ਦੇ ਨਿਯਮ, ਭਾਤਖੰਡੇ ਜੀ ਦੇ ਦਸ ਥਾਟ

**ਥਾਟ** :-ਭਾਰਤੀ ਸੰਗੀਤ ਦੇ ਵੱਖ-ਵੱਖ ਸਿਧਾਂਤਾਂ ਦੇ ਹੇਠ ਸਮੇਂ-ਸਮੇਂ ਸਿਰ ਵਰਗੀਕਰਨ ਹੁੰਦਾ ਰਿਹਾ ਜਿਵੇਂ ;- ਗ੍ਰਾਮ, ਮੂਰਛਨਾ ਜਾਤੀ, ਰਾਗ ਰਾਗਨੀ ਵਰਗੀ ਕਰਨ ਤੇ ਥਾਟ ਰਾਗ ਵਰਗੀ ਕਰਨੀ। ਸੱਤ ਸੁਰਾਂ ਦਾ ਉਹ ਸਮੂਹ ਵਿਚ ਵਿਚ ਰਾਗ ਉਤਪੰਨ ਕਰਨ ਦੀ ਸ਼ਕਤੀ ਹੋਵੇ ਉਸ ਨੂੰ ਸੰਗੀਤ ਦੀ ਭਾਸ਼ਾ ਵਿਚ ਥਾਟ ਕਹਿੰਦੇ ਹਨ। ਥਾਟ ਨੂੰ ਕਈ ਗੁਣੀਜਨ ਮੇਲ ਵੀ ਕਹਿੰਦੇ ਹਨ। ਥਾਟ ਰਾਗ ਦਾ ਸਿਧਾਂਤ ਸਬ ਤੋਂ ਪਹਿਲਾਂ ਪੰ: ਵਿਅਕਟਮੁੱਖੀ ਜੀ ਨੇ ਕੀਤਾ ਜਿਸ ਵਿਚ ਉਨ੍ਹਾਂ ਨੇ ਸੰਗੀਤ ਦੇ ਆਧਾਰਾ 'ਤੇ ਇਹ ਸਿੱਧ ਕੀਤਾ ਕਿ ਸੰਗੀਤ ਦੇ 12 ਸੁਰਾਂ (ਸ਼ੁੱਧ, ਕੋਮਲ, ਤੀਵਰ) ਤੋਂ 72 ਥਾਟ ਉਤਪੰਨ ਹੋ ਸਕਦੇ ਹਨ, ਆਧੁਨਿਕ ਕਾਲ ਵਿਚ ਪੰ: ਭਾਤਖੰਡੇ ਜੀ ਨੇ ਰਾਗ ਰਾਗਨੀ ਪੱਧਤੀ ਨੂੰ ਨਕਾਰਦੇ ਹੋਏ ਉਨ੍ਹਾਂ ਨੇ ਇਨ੍ਹਾਂ 72 ਥਾਟਾਂ ਵਿਚੋਂ 10 ਥਾਟ ਲੈ ਕੇ ਉੱਤਰੀ ਸੰਗੀਤ ਪੱਦਤੀ ਦੇ ਸਾਰੇ ਰਾਗਾਂ ਦਾ ਵਰਗੀਕਰਣ ਇਨ੍ਹਾਂ ਥਾਟਾਂ ਦੇ ਸਿਧਾਂਤ 'ਤੇ ਕੀਤਾ। ਭਾਤਖੰਡੇ ਜੀ ਨੇ ਇਨ੍ਹਾਂ ਥਾਟਾਂ ਦੇ ਅੰਤਰਗਤ ਆਂਦੇ ਰਾਗਾਂ ਦੇ ਨਾਂਅ 'ਤੇ ਹੀ ਇਨ੍ਹਾਂ ਥਾਟਾਂ ਦਾ ਨਾਂ ਰੱਖਿਆ। ਇਨ੍ਹਾਂ ਥਾਟਾਂ ਵਿਚ ਸਵਰ ਕ੍ਰਮਵਾਰ ਪ੍ਰਯੋਗ ਕੀਤੇ ਗਏ। ਕਈ ਥਾਟ ਸਵਰ ਸਮੂਹ ਦੀ ਪਹਿਚਾਣ ਹਿੱਤ ਹੀ ਬਣਾਏ ਗਏ ਹਨ ਤੇ ਕਈ ਰਾਗ ਇਸ ਸਿਧਾਂਤ ਤੇ ਖਰੇ ਤੇ ਪੂਰੇ ਵੀ ਉਤਰੇ ਹਨ ਕਿਉਂਕਿ ਜੋ ਸਵਰ ਉਸ ਰਾਗ ਵਿਚ ਵਰਤੇ ਗਏ ਸਵਰਾਂ ਦੇ ਆਧਾਰ 'ਤੇ ਉਹ ਇਨ੍ਹਾਂ 10 ਥਾਟਾਂ ਵਿਚੋਂ ਕਿਸੀ ਵੀ ਥਾਟ ਦੇ ਅੰਤਰਗਤ ਨਹੀਂ ਆਏ। ਕਈ ਸੰਗੀਤ ਸ਼ਾਸ਼ਤਰੀਆਂ ਨੇ ਉਨ੍ਹਾਂ ਦੇ ਸੁਰਾਂ ਦੇ ਲਗਾਵ ਜਾਂ ਵਾਦੀ-ਸੰਵਾਦੀ ਦੇ ਆਧਾਰ 'ਤੇ ਇਨ੍ਹਾਂ ਥਾਟਾਂ ਦੇ ਅੰਤਰਗਤ ਰਾਗਾਂ ਨੂੰ ਰੱਖਣਾ ਹੀ ਉਚਿੱਤ ਸਮਝਿਆ।

**ਥਾਟ ਦੇ ਨਿਯਮ**

**ਥਾਟ ਦੇ ਹੇਠ ਲਿਖੇ ਨਿਯਮ ਹਨ :**

1. ਥਾਟ ਵਿਚ ਸੱਤ ਸਵਰਾਂ ਦਾ ਹੋਣਾ ਜ਼ਰੂਰੀ ਹੈ।
2. ਥਾਟ ਵਿਚ ਸਵਰ ਕ੍ਰਮ ਅਨੁਸਾਰ ਹੋਣੇ ਚਾਹੀਦੇ ਹਨ। ਜਿਵੇਂ :-ਸਾ ਤੋਂ ਬਾਅਦ ਰੇ ਤੇ ਰੇ ਤੋਂ ਬਾਅਦ ਰਾ ਸਵਰ ਆਉਣਾ ਜ਼ਰੂਰੀ ਹੈ।
3. ਥਾਟ ਵਿਚ ਕੇਵਲ ਅਰੋਹ ਦਾ ਹੋਣਾ ਜ਼ਰੂਰੀ ਹੈ। ਕਿਉਂਕਿ ਰਾਗ ਵਿਚ ਲੱਗਣ ਵਾਲੇ ਸੁਰਾਂ ਤੇ ਥਾਟ ਦੀ ਅਰੋਹੀ ਤੋਂ ਹੀ ਥਾਟ ਦਾ ਨਾਂਅ ਜਾਣਿਆ ਜਾ ਸਕਦਾ ਹੈ।
4. ਥਾਟ ਦੀ ਪਹਿਚਾਣ ਲਈ ਉਸ ਵਿਚੋਂ ਉਤਪੰਨ ਹੋਏ ਕਿਸੇ ਰਾਗ ਦਾ ਨਾਂ ਦਿੱਤਾ ਜਾਂਦਾ ਹੈ ਜਿਵੇਂ ਬਿਲਾਵਲ ਰਾਗ ਬਿਲਾਵਲ ਥਾਟ ਤੋਂ ਉਤਪੰਨ ਹੋਇਆ ਹੈ। ਇਸ ਲਈ ਉਸ ਥਾਟ ਦਾ ਨਾਂ ਬਿਲਾਵਲ ਥਾਟ ਰੱਖ ਦਿੱਤਾ ਗਿਆ।
5. ਥਾਟ ਗਾਏ-ਵਜਾਏ ਨਹੀਂ ਜਾਂਦੇ ਇਸ ਲਈ ਜਿਸ ਵਿਚ ਰੰਜਕਤਾ ਦਾ ਹੋਣਾ ਜ਼ਰੂਰੀ ਨਹੀਂ।
6. ਇਕ ਥਾਟ ਤੇ ਕਈ ਰਾਗ ਉਤਪੰਨ ਕੀਤੇ ਜਾ ਸਕਦੇ ਹਨ।
7. ਥਾਟ ਤੋਂ ਰਾਗ ਦੀ ਉਤਪੱਤੀ ਕੀਤੀ ਜਾਂਦੀ ਹੈ।
8. ਥਾਟ ਵਿਚ ਸਵਰਾਂ ਦੇ ਰੂਪ ਕੋਮਲ ਅਤੇ ਤੀਬਰ ਕ੍ਰਮਵਾਰ ਆ ਸਕਦੇ ਹਨ।

**ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੇ ਦੱਸ ਥਾਟ**

1. **ਬਿਲਾਵਲ ਥਾਟ** :-ਇਸ ਥਾਟ ਵਿਚ ਸਾਰੇ ਸੁਰ ਸ਼ੁੱਧ ਲੱਗਦੇ ਹਨ। ਜਿਵੇਂ ਸਾ ਰੇ ਗ ਮ ਪ ਧ ਨੀ। ਇਸ ਥਾਟ ਨੂੰ ਸ਼ੁੱਧ ਥਾਟ ਮੰਨਿਆ ਗਿਆ ਹੈ। ਇਸ ਥਾਟ ਤੇ ਅੰਤਰਗਤ ਰਾਗ ਬਿਲਾਵਲ ਬਿਹਾਗ ਦੇਸ਼ਕਾਰ ਆਉਂਦੇ ਹਨ। ਇਸ ਦੇ ਰਾਗ 'ਤੇ ਵੀ ਇਸ ਦੇ ਥਾਟ ਦਾ ਨਾਂ ਬਿਲਾਵਲ ਪਿਆ।
2. **ਕਲਿਆਣ** :-ਇਸ ਥਾਟ ਵਿਚ ਮ (ਮਧਯਮ) ਸਵਰ ਤੀਬਰ ਲੱਗਦਾ ਹੈ ਭਾਵ ਸ਼ੁਧ ਮ ਅਤੇ ਪ ਦੇ ਵਿਚਕਾਰ ਉੱਚਾ ਸਵਰ ਤੀਵਰ ਮ ਹੈ। ਜਿਵੇਂ :–ਸਾ ਰੇ ਗਾ ਮ' ਪ ਧ ਨੀ। ਇਸ ਥਾਟ ਵਿਚ ਮ ਸਵਰ ਤੀਵਰ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਥਾਟ ਦੇ ਮੁੱਖ ਰਾਗ ਹਨ ਯਮਨ, ਸ਼ੁੱਧ ਕਲਿਆਣ, ਭੁਪਾਲੀ।
3. **ਥਾਟ ਖਮਾਜ** :-ਇਸ ਥਾਟ ਵਿਚ ਕੋਮਲ ਨੀ ਤੇ ਬਾਕੀ ਸਵਰ ਸ਼ੁੱਧ ਲਗਦੇ ਹਨ ਜਿਵੇਂ :–ਸਾ ਰੇ ਗ ਮ ਪ ਧ ਨੁੀ। ਇਸ ਥਾਟ ਦੇ ਪ੍ਰਸਿੱਧ ਰਾਗ ਹਨ ਖਮਾਜ, ਦੇਸ਼ ਤਿਲਕ ਕਮੋਦ। ਜੈ ਜੈਵੰਤੀ।
4. **ਥਾਟ ਕਾਫ਼ੀ** :-ਇਸ ਥਾਟ ਵਿਚ ਗ ਤੇ ਨੀ ਸਵਰ ਕੋਮਲ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ ਜਿਵੇਂ :– ਸਾ ਰੇ ਗੁ ਮ ਪ ਧ ਨੁੀ। ਇਸ ਥਾਟ ਦੇ ਅੰਤਰਗਤ ਰਾਗ ਹਨ ਕਾਫ਼ੀ ਭੀਮਪਲਾਸੀ, ਵਰਿੰਦਾਬਨੀ ਸਾਰੰਗ ਬਾਗੇਸ਼ਵਰੀ।
5. **ਥਾਟ ਭੈਰਵ** :-ਇਸ ਥਾਟ ਵਿਚ ਰੇ, ਧ ਸਵਰ ਕੋਮਲ ਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ ਜਿਵੇਂ :– ਸਾ ਰੁੇ ਗ ਮ ਪ ਧੁ ਨੀ। ਇਸ ਦੇ ਅੰਤਰਗਤ ਭੈਰਵ, ਰਾਮਕਲੀ, ਹਨ।
6. **ਥਾਟ ਪੁਰਵੀ** :-ਇਸ ਥਾਟ ਵਿਚ ਰੇ, ਧ ਵਰ ਕੋਮਲ ਮ ਸਵਰ ਤੀਵਰ ਲਗਦੇ ਹਨ ਜਿਵੇਂ ਸਾ ਰੁੇ ਗ ਮ' ਪ ਧੁ ਨੀ। ਇਸ ਥਾਟ ਦੇ ਅੰਤਰਗਤ ਲਲਿਤ, ਪੂਰੀਆ, ਪੁਰਵੀ ਆਦਿ ਰਾਗ ਹਨ।
7. **ਥਾਟ ਮਾਰਵਾ** :-ਇਸ ਥਾਟ ਵਿਚ ਰੇ ਸੁਰ ਕੋਮਲ ਮ ਸਵਰ ਤੀਵਰ ਲੱਗਦਾ ਹੈ ਜਿਵੇਂ :–ਸਾ ਰੁੇ ਗਾ ਮ' ਪ ਧ ਨੀ। ਇਸ ਥਾਟ ਦੇ ਅੰਤਰਗਤ ਸੋਹਨੀ, ਮਾਰਵਾ ਰਾਗ ਆਉਂਦੇ ਹਨ।
8. **ਥਾਟ ਆਸਾਵਰੀ** :- ਇਸ ਥਾਟ ਵਿਚ ਗ, ਧ, ਨੀ ਸਵਰ ਕੋਮਲ ਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਜਿਵੇਂ : ਸ ਰੇ ਗੁ ਮ ਪ ਧੁ ਨੁੀ। ਇਸ ਥਾਟ ਦੇ ਅੰਤਰਗਤ ਦਰਬਾਰੀ, ਆੜਾਨਾ, ਆਸਾਵਰੀ, ਜੋਧਪੁਰੀ ਰਾਗ ਆਉਂਦੇ ਹਨ।
9. **ਥਾਟ ਭੈਰਵੀ** :-ਇਸ ਥਾਟ ਵਿਚ ਰੇ, ਗ, ਧ, ਨੀ ਸੁਰ ਕੋਮਲ ਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਜਿਵੇਂ : ਸ ਰੁੇ ਗੁ ਮ ਪ ਧੁ ਨੁੀ। ਇਸ ਥਾਟ ਦੇ ਅੰਤਰਗਤ ਭੈਰਵੀ, ਮਾਲਕੌਂਸ ਰਾਗ ਆਉਂਦੇ ਹਨ।
10. **ਥਾਟ ਤੋੜੀ** :-ਇਸ ਥਾਟ ਵਿਚ ਰੇ, ਗ, ਧ, ਨੀ ਸਵਰ ਕੋਮਲ ਤੇ ਮ ਸਵਰ ਤੀਵਰ ਲੱਗਦਾ ਹੈ ਜਿਵੇਂ :– ਸਾ ਰੁੇ ਗੁ ਮ' ਪ ਧੁ ਨੁੀ ਇਸ ਥਾਟ ਦੇ ਅੰਤਰਗਤ ਤੋੜੀ, ਗੁਜਰੀ ਤੋੜੀ, ਮੁਲਤਾਨੀ ਰਾਗ ਆਉਂਦੇ ਹਨ।

## ਅਧਿਆਇ-3

# ਖ਼ਿਆਲ-ਛੋਟਾ ਖਿਆਲ, ਵੱਡਾ ਖ਼ਿਆਲ

### ਖ਼ਿਆਲ

ਸ਼ਾਸਤਰੀ ਸੰਗੀਤ ਜਗਤ ਵਿਚ ਖ਼ਿਆਲ ਗਾਇਨ ਸ਼ੈਲੀ ਨੂੰ ਆਧੁਨਿਕ ਸਮੇਂ ਦੀ ਸਭ ਤੋਂ ਵੱਧ ਲੋਕਪ੍ਰਿਅ ਸ਼ੈਲੀ ਮੰਨਿਆ ਜਾਂਦਾ ਹੈ। ਖ਼ਿਆਲ ਸ਼ਬਦ ਫਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਵਿਚਾਰ, ਕਲਪਨ ਇਸ ਗਾਇਨ ਸ਼ੈਲੀ ਵਿਚ ਕਲਪਨਾ ਜਾਂ ਖ਼ਿਆਲ ਦਾ ਜ਼ਿਆਦਾ ਮਹੱਤਵ ਹੁੰਦਾ ਹੈ। ਖ਼ਿਆਲ ਗਾਉਂਦੇ ਸਮੇਂ ਗਾਇਕ ਕਲਾਕਾਰ ਗਾਏ ਜਾਣ ਵਾਲੇ ਰਾਗ ਦੀ ਪ੍ਰਾਕਿਰਤੀ ਦੇ ਅਨੁਸਾਰ ਰਾਗ ਵਿਚ ਪ੍ਰਯੋਗ ਹੋਣ ਵਾਲੇ ਸਵਰਾਂ ਨੂੰ ਰਾਗ ਦੇ ਨਿਯਮ ਅਨੁਸਾਰ ਉਸ ਵਿਚ ਆਲਾਪ, ਤਾਨ, ਬੋਲਤਾਨ ਅਤੇ ਭਿੰਨ-ਭਿੰਨ ਅਲੰਕਾਰਾਂ ਰਾਹੀਂ ਆਪਣੀ ਬੰਦਿਸ਼ ਨੂੰ ਸਜਾਉਂਦਾ ਹੈ।

ਸਾਧਾਰਣ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਉਹ ਸਵਰ-ਸਮੂਹ ਜਿਸ ਵਿਚ ਗਾਇਕ ਆਪਣੀ ਕਲਪਨਾ ਸ਼ਕਤੀ ਨਾਲ ਕੁਝ ਸਵਰਾਂ, ਬੋਲਾਂ ਨੂੰ ਲੈ ਕੇ ਉਸ ਵਿਚ ਆਲਾਪ ਤਾਨ, ਬੋਲਤਾਨ ਭਿੰਨ-ਭਿੰਨ ਲੈਅਕਾਰੀਆਂ ਦਿਖਾਏ ਉਸ ਨੂੰ ਖ਼ਿਆਲ ਕਹਿੰਦੇ ਹਨ।

ਮੰਨਿਆ ਜਾਂਦਾ ਹੈ ਕਿ ਖ਼ਿਆਲ ਸ਼ੈਲੀ ਦਾ ਵਿਕਾਸ ਧਰੁਪਦ, ਧਮਾਰ ਸ਼ੈਲੀ ਤੋਂ ਬਾਅਦ ਵਿਚ ਹੋਇਆ।

ਖ਼ਿਆਲ ਸ਼ੈਲੀ ਦੇ ਅਵਿਸ਼ਕਾਰ ਬਾਰੇ ਵਿਦਵਾਨਾਂ ਦੇ ਭਿੰਨ-ਭਿੰਨ ਮੱਤ ਹਨ।

15ਵੀਂ ਸਦੀ ਵਿਚ ਖ਼ਿਆਲ ਦਾ ਅਵਿਸ਼ਕਾਰ ਜੌਨਪੁਰ ਦੇ ਸੁਲਤਾਨ ਹੁਸੈਨ ਸ਼ਰਕੀ ਨੇ ਕਿਤਾ। ਪਰ ਕੁਝ ਲੇਖਕ ਇਸ ਦਾ ਸਿਹਰਾ ਅਮੀਰ-ਖੁਸਰੋ ਨੂੰ ਵੀ ਦਿੰਦੇ ਹਨ।

ਖ਼ਿਆਲ ਸ਼ੈਲੀ ਨੂੰ ਵਿਕਾਸ ਵਿਚ, 18ਵੀਂ ਸਦੀ ਦੇ ਸੁਲਤਾਨ ਮੁਹੰਮਦ ਸ਼ਾਹ ਰੰਗੀਲੇ ਦੇ ਦਰਬਾਰੀ ਗਾਇਕ ਨਿਆਮਤ ਖ਼ਾਂ (ਸਦਾਰੰਤ) ਨੌਬਤ ਖ਼ਾਂ (ਅਦਾਰੰਗ) ਨੇ ਲਿਆਉਂਦਾ ਹੈ।

**ਖ਼ਿਆਲ ਦੋ ਪ੍ਰਕਾਰ ਦੇ ਹੁੰਦੇ ਹਨ :-**

1. ਵਿਲੰਬਿਤ ਖ਼ਿਆਲ ਜਾਂ ਵੱਡਾ ਖ਼ਿਆਲ।
2. ਦਰੁਤ ਖ਼ਿਆਲ ਜਾਂ ਛੋਟਾ ਖ਼ਿਆਲ।

**1. ਵਿਲੰਬਿਤ ਖ਼ਿਆਲ ਜਾਂ ਬੜਾ ਖ਼ਿਆਲ** :-ਇਸ ਗਾਇਨ ਦਾ ਅਵਿਸ਼ਕਾਰ ਹੁਸੈਨ ਸ਼ਰਕੀ ਨੂੰ ਮੰਨਿਆ ਜਾਂਦਾ ਹੈ। ਮੁਗ਼ਲਕਾਲ ਦੇ ਅੰਤਿਮ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦੇ ਦਰਬਾਰੀ ਗਾਇਕ ਸਦਾਰੰਗ ਅਤੇ ਅਦਾਰੰਗ ਨੇ ਹਜ਼ਾਰਾਂ ਖ਼ਿਆਲ ਅਨੇਕ ਰਾਗਾਂ ਵਿਚ ਬਣਾਏ ਅਤੇ ਆਪਣੇ ਚੇਲਿਆਂ ਨੂੰ ਸਿਖਾਏ। ਬੜੀ ਖ਼ਿਆਲ ਦਾ ਗਾਇਨ ਵਿਲੰਬਿਤ ਲੈਅ ਵਿਚ ਹੁੰਦਾ ਹੈ। ਇਸ ਦੇ ਦੋ ਭਾਗ ਹੁੰਦੇ ਹਨ, ਸਥਾਈ ਅਤੇ ਅੰਤਰਾ। ਇਸ ਦੀ ਪ੍ਰਾਕਿਰਤੀ ਗੰਭੀਰ ਹੁੰਦੀ ਹੈ। ਇਸ ਵਿਚ ਮੁਰਕੀ, ਤਾਨ, ਪਲਟੇ ਆਦਿ ਦਾ ਪ੍ਰਯੋਗ ਕਰਕੇ ਇਸ ਦੀ ਸੁੰਦਰਤਾ ਵਿਚ ਵਾਧਾ ਕੀਤਾ ਜਾਂਦਾ ਹੈ। ਇਸ ਵਿਚ ਪਹਿਲਾ ਬਰਾਬਰ ਦੀ ਤਾਨ ਲੈਣ ਤੋਂ ਬਾਅਦ ਦੁਗੁਨ ਚੋਗੁਣ ਦੀਆਂ ਤਾਨਾਂ ਲਾਈਆਂ ਜਾਂਦੀਆਂ ਹਨ। ਵਿਲੰਬਿਤ ਖ਼ਿਆਲ ਨਾਲ ਇਕ ਤਾਲ ਝੂਮਰਾ ਤਿਲਵਾੜਾ, ਆੜਾ-ਚਾਰ ਤਾਲ ਅਤੇ ਧੀਮਾ ਤਿੰਨ ਤਾਲ ਆਦਿ ਤਾਲਾਂ ਦਾ ਪ੍ਰਯੋਗ ਹੁੰਦਾ ਹੈ।

**2. ਦਰੁਤ ਖ਼ਿਆਲ ਜਾਂ ਛੋਟਾ ਖ਼ਿਆਲ** :-ਮੰਨਿਆ ਜਾਂਦਾ ਹੈ ਕਿ ਇਸ ਦੀ ਰਚਨਾ ਅਮੀਰ ਖੁਸਰੋ ਨੇ ਕੀਤੀ ਹੈ।

ਦਰੁਤ ਖ਼ਿਆਲ ਦੇ ਵੀ ਦੋ ਭਾਗ ਹਨ ਸਥਾਈ ਅਤੇ ਅੰਤਰਾ। ਇਸ ਦੀ ਪ੍ਰਕਿਰਤੀ ਚੰਚਲ ਹੁੰਦੀ ਹੈ। ਬੋਲਤਾਨਾਂ,

ਅਲਾਪ ਤਾਨ ਖਟਕਾ, ਮੁਰਕੀ ਅਤੇ ਅਲੰਕਾਰਾਂ ਆਦਿ ਦੀ ਪ੍ਰਯੋਗ ਹੁੰਦਾ ਹੈ। ਦਰੁਤ ਖ਼ਿਆਲ ਦੀ ਲੈਅ ਮੱਧ ਜਾਂ ਦਰੁਤ ਹੁੰਦੀ ਹੈ। ਇਸ ਨਾਲ ਇਕਤਾਲ, ਤੀਨਤਾਲ, ਝਪਤਾਲ, ਅਤੇ ਰੂਪਕ ਆਦਿ ਤਾਲਾਂ ਦੀ ਪ੍ਰਯੋਗ ਕੀਤਾ ਜਾਂਦਾ ਹੈ।

ਖ਼ਿਆਲ ਗਾਇਨ ਵਿਚ ਆਲਾਪ ਕਰਨ ਤੋਂ ਬਾਅਦ ਬੜਾ ਖ਼ਿਆਲ ਫਿਰ ਛੋਟਾ ਖ਼ਿਆਲ ਗਾਇਆ ਜਾਂਦਾ ਹੈ।

ਦੇਸ਼ ਦੇ ਕੁਝ ਮੰਨੇ-ਪ੍ਰਮੰਨੇ (ਪ੍ਰਸਿੱਧ) ਖ਼ਿਆਲ ਗਾਇਕ ਦੇ ਨਾਂਅ ਇਸ ਤਰ੍ਹਾਂ ਹਨ :-ਉਸਤਾਦ ਫੈਆਜ਼ ਖ਼ਾਂ, ਪੰਡਿਤ ਦਲੀਪ ਚੰਦਰ ਬੇਦੀ, ਪੰ: ਔਂਕਾਰ ਨਾਥ ਠਾਕੁਰ, ਭੀਮਸੈਨ ਜੋਸ਼ੀ, ਬੜੇ ਗੁਲਾਰ ਅਲੀ ਖ਼ਾਂ ਆਦਿ।

### ਅਧਿਆਇ-4

# ਸੰਗੀਤ ਦਾ ਸਾਜ - ਤਾਨਪੁਰਾ, ਇਤਿਹਾਸ, ਅੰਗ ਵਰਣਨ




ਚਿੱਤਰ 1

**ਇਤਿਹਾਸ**

ਭਾਰਤੀ ਸ਼ਾਸਤਰੀ ਸੰਗੀਤ, ਗਾਇਨ ਵਾਦਨ ਅਤੇ ਨ੍ਰਿਤ ਤੇ ਆਧਾਰਿਤ ਹੈ। ਭਾਰਤੀ ਸ਼ਾਸਤਰੀ ਸੰਗੀਤ ਖ਼ਾਸ ਕਰ ਗਾਇਨ ਵਿਚ ਤਾਨਪੁਰੇ ਦਾ ਬਹੁਤ ਮਹੱਤਵਪੂਰਣ ਸਥਾਨ ਮੰਨਿਆ ਜਾਂਦਾ ਹੈ। ਸਵਰ-ਸੰਗੀਤ ਦੇਣ ਲਈ ਗਾਇਨ ਵਿਚ ਇਸ ਦੀ ਸੰਗਤ ਕੀਤੀ ਜਾਂਦੀ ਹੈ। ਲਗਾਤਾਰ ਸਵਰ-ਸੰਗਤੀ ਦੇਣ ਲਈ ਇਸ ਤੰਤੀ-ਵਾਦਅ (ਸਾਜ਼) ਤੋਂ ਕੋਈ ਹੋਰ ਮਹੱਤਵਪੂਰਣ ਵਾਦਅ ਨਹੀਂ ਮੰਨਿਆ ਜਾਂਦਾ। ਇਸ ਦਾ ਸਵਰ ਬਹੁਤ ਹੀ ਮਧੁਰ (ਮਿੱਠਾ) ਹੋਣ ਕਾਰਨ ਗਾਇਨ ਲਈ ਅਨੁਕੂਲ ਵਾਤਾਵਰਣ ਬਣਾਉਣ ਵਿਚ ਸਹਾਇਕ ਹੁੰਦਾ ਹੈ, ਇਸ ਦੀ ਝੰਕਾਰ ਸੁਣਦੇ ਹੀ ਗਾਇਕ, ਆਪਣੇ-ਆਪ ਗਾਉਣ ਲਈ ਮਚੱਲ ਜਾਂਦਾ ਹੈ। ਤਾਨਪੁਰੇ ਤੋਂ ਆਧਾਰ ਸਵਰ ਪ੍ਰਾਪਤ ਹੁੰਦਾ ਹੈ ਜਿਸ ਤੋਂ ਗਾਇਕ ਅਸਾਨੀ ਨਾਲ ਰਾਗ ਦਾ ਵਿਸਤਾਰ ਕਰ ਸਕਦਾ ਹੈ।

ਉੱਤਰੀ ਭਾਰਤੀ ਸੰਗੀਤ ਅਤੇ ਦੱਖਣੀ ਭਾਰਤੀ ਸੰਗੀਤ ਖੇਤਰਾਂ ਵਿਚ ਇਸ ਦਾ ਮਹੱਤਵਪੂਰਣ ਸਥਾਨ ਹੈ।

ਤਾਨਪੁਰੇ ਦੇ ਅਵਿਸ਼ਕਾਰ ਬਾਰੇ ਮਤਭੇਦ ਹਨ। ਪ੍ਰਾਚੀਨ-ਕਾਲ 'ਚ ਗਾਇਨ ਦੀ ਸੰਗਤੀ ਦੇਣ ਲਈ ਇਕ-ਤੰਤੀ ਦੁਈ-ਤੰਤੀ ਵੀਣਾਵਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ। ਮੰਨਿਆ ਜਾਂਦਾ ਹੈ ਕਿ ਉਸ ਤੋਂ ਬਾਅਦ ਹੀ ਚਾਰ ਤਾਰਾਂ ਵਾਲੇ ਤਾਨਪੁਰੇ ਦਾ ਪ੍ਰਚਾਰ ਹੋਇਆ। ਇਹ ਵੀ ਮੰਨਿਆ ਜਾਂਦਾ ਹੈ ਕਿ ਤੁੰਬਰੂ ਨਾਂਅ ਦੇ ਗੰਧਰਵ ਨੇ ਇਸ ਦਾ ਅਵਿਸ਼ਕਾਰ ਕੀਤਾ। ਇਸੇ ਲਈ ਉਸ ਨੂੰ ਤੂੰਬਰਾ ਜਾਂ ਤਾਨਪੁਪਰਾ ਕਿਹਾ ਜਾਂਦਾ ਹੈ।

**ਅੰਗ ਵਰਣਨ** :-

1. **ਤੂੰਬਾ** :-ਤਾਨਪੁਰੇ ਦੇ ਹੇਠਲੇ ਵਾਲੇ ਗੋਲਾਕਾਰ ਭਾਗ ਨੂੰ ਤੂੰਬਾ ਕਹਿੰਦੇ ਹਾਂ। ਇਹ ਸੁੱਕੀ ਲੌਕੀ ਦੇ ਗੋਲਾਕਾਰ ਭਾਗ ਦਾ ਬਣਿਆ ਹੁੰਦਾ ਹੈ। ਇਹ ਵਿਚੋਂ ਖੋਖਲਾ ਹੋਣ ਕਾਰਨ ਇਸ ਦੇ ਸਵਰ ਗੂੰਜਦੇ ਹਨ।
2. **ਤਬਲੀ** :-ਤੂੰਬੇ ਦੇ ਉੱਪਰ ਦਾ ਭਾਗ ਜੋ ਤੂੰਬੇ ਦੇ ਢੱਕਨ ਦਾ ਕੰਮ ਕਰਦਾ ਹੈ, ਤਬਲੀ ਕਹਲਾਉਂਦਾ ਹੈ। ਇਹ ਲਕੜੀ ਦਾ ਬਣਿਆ ਹੁੰਦਾ ਹੈ।
3. **ਘੁਰਚ** :-ਘੁਰਚ ਜਾਂ ਘੋੜੀ (Bridge) ਲਕੜੀ ਜਾਂ ਹਾਥੀ ਦੰਦ ਦੀ ਬਣੀ ਇਕ ਚੌਕੀ ਦੀ ਤਰ੍ਹਾਂ ਹੁੰਦੀ ਹੈ ਜਿਹੜੀ ਤਬਲੀ ਤੇ ਟਿੱਕੀ ਹੁੰਦੀ ਹੈ। ਘੁਰਚ (ਘੁਰਚ) ਦੇ ਉਪਰ ਤਾਨਪੁਰੇ ਦੀਆਂ ਚਾਰੇ ਤਾਰਾਂ ਟਿਕਾਈਆਂ ਹੁੰਦੀਆਂ ਹਨ। ਇਸ ਦੀ ਉਪਰਲੀ ਸਤਿਹ ਜਵਾਰੀ ਕਹਲਾਉਂਦੀ ਹੈ।
4. **ਡਾਂਡ** :-ਤੂੰਬੇ ਅਤੇ ਤਬਲੀ ਨਾਲ ਜੁੜਿਆ ਹੋਇਆ ਇਕ ਖੋਖਲਾ ਲੰਬਾ ਅਤੇ ਗੋਲ ਲਕੜੀ ਦਾ ਟੁਕੜਾ ਹੁੰਦਾ ਹੈ, ਜਿਸ ਨੂੰ ਡਾਂਡ ਕਹਿੰਦੇ ਹਨ।
5. **ਸਿਰਾ** :-ਤਾਨਪੁਰੇ ਦੇ ਡਾਂਡ ਦੀ ਉੱਪਰ ਵਾਲਾ ਭਾਗ ਸਿਰਾ ਕਹਾਉਂਦਾ ਹੈ। ਇਹ ਭਾਗ ਤਾਰਦਾਨ ਦੇ ਪਿੱਛੇ ਹੁੰਦਾ ਹੈ, ਜਿਸ ਵਿਚ ਤਾਨਪੁਰੇ ਦੀਆਂ ਚਾਰ ਖੂੰਟੀਆਂ ਲੱਗੀਆਂ ਹੁੰਦੀਆਂ ਹਨ।
6. **ਗੁਲੂ** :-ਤੂੰਬਾ ਅਤੇ ਡਾਂਡ ਜਿਸ ਜਗ੍ਹਾ 'ਤੇ ਆਪਸ ਵਿਚ ਜੋੜੇ ਜਾਂਦੇ ਹਨ। ਉਸ ਨੂੰ ਗੁਲੂ ਕਿਹਾ ਜਾਂਦਾ ਹੈ।
7. **ਲੰਗੋਟ** :-ਡਾਂਡ ਤੇ ਤਣੇ ਹੋਏ ਤਾਰ, ਘੁਰਚ ਤੋਂ ਲੈ ਜਾ ਕੇ ਜਿਸ ਜਗ੍ਹਾ ਤੇ ਬੰਨੇ ਜਾਂਦੇ ਹਨ। ਉਸ ਨੂੰ ਲੰਗੋਟ ਕਿਹਾ ਜਾਂਦਾ ਹੈ। ਇਸ ਨੂੰ ਕੀਲ ਜਾਂ ਮੋਂਗਰਾ ਵੀ ਕਹਿੰਦੇ ਹਨ।
8. **ਤਾਰਦਾਨ** :-ਇਹ ਡਾਂਡ ਦੇ ਉੱਪਰ ਵੱਲ ਲਗਾਇਆ ਜਾਂਦਾ ਹੈ। ਇਹ ਸੁਰਾਖਾਂ ਵਾਲੀ ਛੋਟੀ ਜਿਹੀ ਪੱਟੀ ਹੁੰਦਾ ਹੈ। ਇਨ੍ਹਾਂ ਸੁਰਾਖਾਂ ਵਿਚੋਂ ਤਾਰ ਲੰਘਦੇ ਹਨ। ਇਸ ਨੂੰ ਤਾਰ ਰਾਹਿਨ ਵੀ ਕਿਹਾ ਜਾਂਦਾ ਹੈ।
9. **ਅੱਟੀ** :-ਤਾਰਦਾਨ ਤੋਂ ਪਹਿਲਾਂ ਵੀ ਇਕ ਛੋਟੀ ਹੁੰਦੀ ਹੈ। ਤਾਰ ਇਸ ਤੋਂ ਉੱਪਰ ਤੋਂ ਹੋ ਕੇ ਲੰਘਦੇ ਹੋਏ ਤਾਰਦਾਨ ਵਿਚ ਜਾਂਦੇ ਹਨ। ਇਸ ਪੱਟੀ ਨੂੰ ਅੱਟੀ ਕਿਹਾ ਜਾਂਦਾ ਹੈ। ਇਸ ਨੂੰ ਅਟਕ ਵੀ ਕਹਿੰਦੇ ਹਨ।

10. **ਖੂੰਟੀਆਂ** :-ਡਾਂਡ ਦੇ 'ਸਿਰੇ' ਭਾਗ ਦੇ ਉੱਪਰ ਲਕੜੀ ਦੀਆਂ ਚਾਰ ਖੂੰਟੀਆਂ ਲੱਗੀਆਂ ਹੁੰਦੀਆਂ ਹਨ, ਜਿਸ ਵਿਚ ਤਾਨਪੁਰੇ ਦੇ ਚਾਰੇ ਤਾਰ ਬੰਨ੍ਹੇ ਹੁੰਦੇ ਹਨ। ਇਸ ਨੂੰ ਖੂੰਟੀਆਂ ਕਹਿੰਦੇ ਹਨ। ਖੂੰਟੀਆਂ ਤਾਰਪੁਰੇ ਦੀਆਂ ਤਾਰਾਂ ਨੂੰ ਢਿੱਲਾਂ ਜਾਂ ਕੱਸ ਕੇ ਸੁਰ ਵਿਚ ਮਿਲਾਉਣ ਦੇ ਕੰਮ ਆਉਂਦੀਆਂ ਹਨ।
11. **ਮਣਕਾ** :-ਘੁੜੱਚ ਅਤੇ ਕੀਲ ਦੇ ਵਿਚ ਤਾਰਾਂ ਵਿਚ ਅਲੱਗ-ਅਲੱਗ ਮੋਤੀ ਪਿਰੋਏ ਜਾਂਦੇ ਹਨ। ਇਨ੍ਹਾਂ ਨੂੰ ਮਣਕਾ ਕਹਿੰਦੇ ਹਨ। ਸਵਰਾਂ ਦੇ ਥੋੜ੍ਹੇ ਬਹੁਤ ਬੇਸੁਰੇਪਨ ਨੂੰ ਠੀਕ ਕਰਦੇ ਹਨ। ਇਹ ਗੋਲ, ਚਪਟੇ ਮੋਰ ਆਦਿ ਦੀ ਸ਼ਕਲ ਦੇ ਅਤੇ ਹਾਥੀ ਦੰਦ, ਲਕੜੀ ਜਾਂ ਕੰਚ ਆਦਿ ਦੇ ਬਣੇ ਹੁੰਦੇ ਹਨ।
12. **ਜਵਾਰੀ** :-ਘੁੜੱਚ ਦੇ ਉਪਰਲੇ ਸਥਾਨ ਨੂੰ ਜਵਾਰੀ ਕਹਿੰਦੇ ਹਨ। ਜਿਸ ਨੂੰ ਛੂਹ ਕੇ ਤਾਰਾਂ ਖੂੰਟੀਆਂ ਵੱਲ ਜਾਂਦੀਆਂ ਹਨ।
13. **ਸੂਤ ਜਾਂ ਧਾਗਾ** :-ਘੁੜੱਚ ਜਾਂ ਘੁਰਚ ਦੇ ਉੱਪਰ ਜਿਥੇ ਤਾਰਾਂ ਹੁੰਦੀਆਂ ਹਨ ਉਥੇ ਧਾਗੇ ਦੀ ਤੰਦ ਦਲਾਈ ਜਾਂਦੀ ਹੈ। ਤਾਨਪੁਰੇ ਦੀ ਜਵਾਰੀ ਨੂੰ ਠੀਕ ਢੰਗ ਨਾਲ ਪ੍ਰਯੋਗ ਕਰਨ ਲਈ ਧਾਗਾ ਵਰਤਿਆ ਜਾਂਦਾ ਹੈ। ਧਾਗੇ ਦੇ ਠਾਕ ਸਥਾਨ 'ਤੇ ਰੱਖੇ ਜਾਣ ਤੇ ਤਾਨਪੁਰੇ ਦੀ ਝੰਕਾਰ ਨਿਕਲਦੀ ਹੈ ਅਤੇ ਪਵਨੀ ਵਿਚ ਨਿਖਾਰ ਪੈਦਾ ਹੁੰਦਾ ਹੈ ਜਿਸ ਨੂੰ ਕਿਹਾ ਜਾਂਦਾ ਹੈ ਕਿ ਤਾਨਪੁਰੇ ਦੀ ਜਵਾਰੀ ਖੁੱਲੀ ਹੈ। ਇਹ ਧਾਗਾ ਸੂਤ ਕਹਿਲਾਉਂਦਾ ਹੈ।
14. **ਤਾਰ** :-ਤਾਨਪੁਰੇ ਵਿਚ ਚਾਰ ਤਾਰਾਂ ਹੁੰਦੀਆਂ ਹਨ। ਇਹ ਤਾਰਾਂ ਤੂੰਬੇ ਤੇ ਸਿਰੇ 'ਤੇ ਕੀਲ ਜਾਂ ਲੰਗੋਟ ਨਾਲ ਬੰਨੀਆਂ ਹੁੰਦੀਆਂ ਹਨ ਅਤੇ ਤੂੰਬੇ ਦੇ ਉੱਪਰ ਰੱਖੇ ਘੁਰਚ ਉੱਪਰੋਂ ਦੀ ਹੁੰਦੀਆਂ ਹੋਈਆਂ ਅੱਟੀ ਤੇ ਟਿਕਦੀਆਂ ਹਨ। ਫਿਰ ਤਾਰਗਹਿਨ ਵਿਚੋਂ ਪਰੋ ਕੇ ਸਿਰੇ ਉੱਪਰ ਲੱਗੀਆਂ ਖੂੰਟੀਆਂ ਨਾਲ ਕੱਸੀਆਂ ਜਾਂਦੀਆਂ ਹਨ।

ਅੱਜਕਲ੍ਹ ਤਾਨਪੁਰੇ ਵਿਚ ਕਿਧਰੇ-ਕਿਧਰੇ ਪੰਜ ਜਾਂ ਛੇ ਤਾਰਾਂ ਵਾਲੇ ਤਾਨਪੁਰੇ ਦਾ ਚਾਲਣ ਵੇਖਣ ਵਿਚ ਆਇਆ ਹੈ।

### ਤਾਨਪੁਰੇ ਦੇ ਤਾਰਾਂ ਨੂੰ ਮਿਲਾਉਣਾ :-

ਤਾਨਪੁਰੇ ਦੇ ਚਾਰ ਤਾਰ ਹੁੰਦੇ ਹਨ। ਇਸ ਦਾ ਪਹਿਲਾ ਤਾਰ ਲੋਹੇ ਦਾ ਹੁੰਦਾ ਹੈ, ਮੰਦਰ ਸਪਤਕ ਦੇ ਪੰਚਮ ਨਾਲ ਮਿਲਾਉਂਦੇ ਹਨ। ਜਿਨ੍ਹਾਂ ਰਾਗਾਂ ਵਿਚ 'ਪ' (ਪੰਚਮ) ਵਰਜਿਤ ਹੈ ਤਾਂ ਮੰਦਰ ਸਪਤਕ ਦੇ ਸ਼ੁੱਧ ਮਧੱਮ ਨਾਲ ਮਿਲਾਉਂਦੇ ਹਨ ਪਰ ਕੁਝ ਰਾਗਾਂ ਵਿਚ ਨਾਂਅ ਪੰਚਮ ਅਤੇ ਨਾਂ ਹੀ ਸ਼ੁੱਧ ਮਧੱਮ ਨਾਲ ਮਿਲਾਉਂਦੇ ਹਨ। ਪਰ ਕੁਝ ਰਾਗਾਂ ਵਿਚ ਨਾ ਪੰਚਮ ਅਤੇ ਨਾ ਹੀ ਸ਼ੁੱਧ ਮਧੱਮ ਪ੍ਰਯੋਗ ਵਿਚ ਆਉਂਦੇ ਹਨ, ਉਨ੍ਹਾਂ ਵਿਚ ਮੰਦਰ ਸਪਤਕ ਦੀ ਨੀ (ਨਿਸ਼ਾਦ) ਨਾਲ ਮਿਲਾਇਆ ਜਾਂਦਾ ਹੈ।

ਦੂਜੇ ਅਤੇ ਤੀਸਰੇ ਤਾਰ ਮੱਧ ਸਪਤਕ ਦੇ ਸ਼ੜਜ (ਸ) ਨਾਲ ਮਿਲਾਇਆ ਜਾਂਦਾ ਹੈ। ਇਹ ਲੋਹੇ ਦਾ ਹੁੰਦਾ ਹੈ, ਇਸ ਨੂੰ ਜੋੜੀ ਦੇ ਤਾਰ ਵੀ ਕਿਹਾ ਜਾਂਦਾ ਹੈ। ਚੌਥਾ ਤਾਰ ਪਿੱਤਲ ਦਾ ਹੁੰਦਾ ਹੈ ਇਹ ਮੰਦਰ ਸ਼ੜਜ (ਸ਼) ਨਾਲ ਮਿਲਾਇਆ ਜਾਂਦਾ ਹੈ। ਇਹ ਬਾਕੀ ਤਾਰਾਂ ਨਾਲੋਂ ਕੁਝ ਮੋਟਾ ਹੁੰਦਾ ਹੈ।

### ਅਧਿਆਇ-5

# ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਸੁਰਲਿੱਪੀ ਅਤੇ ਤਾਲ ਲਿੱਪੀ ਦਾ ਵਰਣਨ

ਉੱਤਰੀ ਭਾਰਤ ਵਿਚ ਪ੍ਰਯੋਗ ਹੋਣ ਵਾਲੀ ਲਿਪੀ ਨੂੰ ਭਾਤਖੰਡੇ ਜੀ ਦੀ ਸੁਰਲਿੱਪੀ ਤੋਂ ਜਾਨਿਆ ਜਾਂਦਾ ਹੈ। ਇਹ ਪੱਧਤੀ ਆਸਾਨ ਹੋਣ ਕਰਕੇ ਉੱਤਰੀ ਭਾਰਤ ਵਿਚ ਬਹੁਤ ਪ੍ਰਚਲਿਤ ਹੈ। ਭਾਤਖੰਡੇ ਜੀ ਨੇ ਸਾਰੇ ਭਾਰਤ ਦਾ ਦੌਰਾ ਕਰਕੇ ਪੁਰਾਣੇ ਘਰਾਨੇ ਦੇ ਸੰਗੀਤਕਾਰਾਂ ਤੋਂ ਸੰਗੀਤ ਦੀ ਸਾਮਗਰੀ ਇਕੱਠੀ ਕੀਤੀ। ਸੰਗੀਤ ਦੀਆਂ ਇਨ੍ਹਾਂ ਚੀਜ਼ਾਂ ਤੇ ਮਿਹਨਤ ਕਰਕੇ ਇਕ ਨਮੀ ਸੁਰਲਿੱਪੀ ਤਿਆਰ ਕੀਤੀ ਤੇ ਆਪਣੀ ਪੁਸਤਕ ਕ੍ਰਾਮਿਕ ਪੁਸਤਕ ਮਾਲਿਕਾ' ਵਿਚ ਇਕੱਠਾ ਕੀਤਾ। ਪੰ: ਜੀ ਦਾ ਵਿਚਾਰ ਸੀ ਕਿ ਵਿਸ਼ੇਸ਼ ਰਾਗ ਇਸ ਤਰ੍ਹਾਂ ਗਾਇਆ ਜਾਵੇ। ਕਿਥੇ ਕਿੰਨਾ ਠਹਿਰਾਵ ਕੀਤਾ ਜਾਵੇ। ਇਸ ਦਾ ਗਿਆਨ ਵਿਦਿਆਰਥੀਆਂ ਨੂੰ ਕਰਾਉਣ ਲਈ ਉਨ੍ਹਾਂ ਨੇ ਨੋਟੇਸ਼ਨ ਪਧਤੀ ਸ਼ੁਰੂ ਕੀਤੀ। ਨੋਟੇਸ਼ਨ ਪਧਤੀ ਆਪਣੇ–ਆਪ ਵਿਚ ਪੂਰੀ ਤਾਂ ਨਹੀਂ ਹੋ ਸਕਦੀ ਕਿਉਂਕਿ ਸੰਗੀਤ ਦੀਆਂ ਬਰੀਕੀਆਂ ਨੂੰ ਵਿਖਾਉਣ ਦੇ ਲਈ ਸੁਰਲਿੱਪੀ ਪ੍ਰਣਾਲੀ ਯੋਗ ਹੈ। ਇਸ ਲਈ ਸੁਰ, ਤਾਲ, ਭਾਸ਼ਾ ਨਾਲ ਲਿੱਪੀ ਨੋਟੇਸ਼ਨ ਜ਼ਰੂਰੀ ਉਪਯੋਗੀ ਹੈ।

ਭਾਤਖੰਡੇ ਜੀ ਦੀ ਸੁਰਲਿੱਪੀ ਤੇ ਤਾਲ ਲਿੱਪੀ ਤੇ ਚਿੰਨ੍ਹ

1. **ਸਵਰ**
    1. **ਸ਼ੁੱਧ ਸਵਰ** :-ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਸੱਤ ਸੁਰ ਸ਼ੁੱਧ ਸਵਰ ਹਨ, ਇਨ੍ਹਾਂ ਨੂੰ ਸੁਰਲਿੱਪੀ ਵਿਚ ਲਿਖਣ ਜਿਵੇਂ :–ਸਾ ਰੇ ਗ, ਮ, ਪ, ਧ, ਨੀ।
    2. **ਕੋਮਲ ਸਵਰ** :-ਕੋਮਲ ਸਵਰਾਂ ਨੂੰ ਸੁਰ ਲਿੱਪੀ ਵਿਚ ਲਿਖਣ ਲਈ ਸਵਰਾਂ ਦੇ ਥੱਲੇ ਲਾਈਨ ਜਾਂ ਡੈਸ਼ ਦਾ ਚਿੰਨ੍ਹ ਲਗਾ ਕੇ ਸੂਚਿਤ ਕੀਤਾ ਜਾਂਦਾ ਹੈ ਜਿਵੇਂ :–ਰੇ ਗੁ ਧੁ ਨੀ।
    3. **ਤੀਬਰ ਸਵਰ** :-ਇਨ੍ਹਾਂ ਸਵਰ ਲਈ ਸਵਰ ਦੇ ਉੱਪਰ ਛੋਟੀ ਜਹੀ ਰੇਖਾ ਲਗਾਈ ਜਾਂਦੀ ਹੈ ਜਿਵੇਂ ਮ' ਸਵਰ ਹੀ ਤੀਬਰ ਸਵਰ ਹੈ ਇਸ ਲਈ ਇਸ ਸਵਰ ਦੇ ਉੱਪਰ ਖੜੀ ਰੇਖਾ ਲਗਾਈ ਜਾਂਦੀ ਹੈ।
2. **ਸਪਤਕ**
    (i) **ਮੰਦਰ ਸਪਤਕ** :-ਮੰਦਰ ਸਪਤਕ ਦੇ ਸੁਰਾਂ ਦੀ ਪਹਿਚਾਣ ਦੇ ਲਈ ਸਵਰਾਂ ਦੇ ਨੀਚੇ ਬਿੰਦੀ ਲਗਾਈ ਜਾਂਦੀ ਹੈ ਜਿਵੇਂ ਮ਼ ਪ਼ ਧ਼ ਨੀ।

    (ii) **ਮੱਧ ਸਪਤਕ** :-ਮੱਧ ਸਪਤਕ਼ ਦੇ ਸਵਰਾਂ ਲਈ ਸੁਰਲਿੱਪੀ ਵਿਚ ਕੋਈ ਵੀ ਨਿਸ਼ਾਨ ਦੀ ਲੋੜ ਨਹੀਂ ਹੁੰਦੀ ਜਿਵੇਂ ਸਾ ਰੇ ਗ ਮ ਪ ਧ ਨੀ।

    (iii) **ਤਾਰ ਸਪਤਕ** :-ਤਾਰ ਸਪਤਕ ਦੇ ਸਵਰਾਂ ਦੇ ਉੱਪਰ ਬਿੰਦੀ ਲਗਾਈ ਜਾਂਦੀ ਹੈ ਜਿਵੇਂ ਸਂ ਰੇਂ ਗਂ ਮਂ।
3. **ਸਵਰ ਮਾਨ**
    (i) ‿ ਇਸ ਤਰ੍ਹਾਂ ਦੇ ਅਰਥ ਚੰਦਰ ਦੇ ਅੰਦਰ ਜਿੰਨੇ ਸਵਰ ਆਉਂਦੇ ਹਨ ਤਾਂ ਉਨ੍ਹਾਂ ਨੂੰ ਇਕ ਮਾਤਰਾ ਕਾਲ ਵਿਚ ਉਭਾਰਨ ਇਕੱਠੇ ਕੀਤਾ ਜਾਂਦਾ ਹੈ। ਜਿਵੇਂ ਗਮ, ਪਧਨੀ, ਸਾਰੇਗਮ।

4. **ਸਵਰਾਂ ਦੀ ਸੁੰਦਰਤਾ**

(i) **ਮੀਂਡ** ⁀ : ਮੀਂਡ ਦਾ ਚਿੰਨ ਸੁਰਲਿੱਪੀ ਵਿਚ ਦੱਸਣ ਲਈ ਸਵਰਾਂ ਦੇ ਉੱਪਰ ਅਰਧਚੰਦਰਾਕਾਰ ਦੱਸਦੇ ਹਨ ਜਿਵੇਂ 'ਗਮਿ' ਇਸ ਨਾਲ ਇਹ ਸਪੱਸ਼ਟ ਹੈ ਕਿ 'ਗ' ਦੇ ਪਰਦੇ ਨਾਲ 'ਮ' ਸਵਰ ਦੀ ਮੀਂਡ ਕ੍ਰਿਆ ਦੁਆਰਾ ਇਸ ਪ੍ਰਕਾਰ ਧੁਨੀ ਦਾ ਉਚਾਰਨ ਕਰਨਾ ਹੈ। 'ਸਵਰ ਦੀ ਧੁਨੀ ਖੰਡਿਤ ਹੋਏ ਬਿਨਾਂ 'ਮ'' ਸਵਰ ਉੱਤੇ ਆ ਕੇ ਰੁਕ ਜਾਈਏ।

(ii) **ਕਣ** : $\frac{ਮ}{ਪ}$ ਇਸ ਤਰ੍ਹਾਂ ਦੇ ਸਵਰ ਉੱਤੇ ਦੂਸਰਾ ਸਵਰ ਲਿਖਿਆ ਗਿਆ ਹੋਵੇ ਤਾਂ ਇਸ ਤੋਂ ਭਾਵ ਹੈ ਕਿ 'ਪ' ਸਵਰ ਦੇ ਉਚਾਰਣ ਕਰਨ ਤੋਂ ਪਹਿਲਾਂ 'ਮ' ਸਵਰ ਨੂੰ ਥੋੜ੍ਹਾ ਜਿਹਾ ਛੂਹਣਾ, ਕਣ ਪਹਿਲੇ ਸਵਰ ਜਾਂ ਬਾਅਦ ਦੇ ਸਵਰ ਦਾ ਵੀ ਹੋ ਸਕਦਾ ਹੈ। ਜਿਹੜਾ ਸਵਰ ਉੱਪਰ ਬਾਅਦ ਵਾਲਾ ਸਵਰ ਲਿਖਿਆ ਹੋਵੇਗਾ ਤਾਂ ਉਸ ਦਾ ਹੀ ਕਣ ਲਿਆ ਜਾਵੇਗਾ। ਜਿਵੇਂ

$\frac{ਗ}{ਮ}$ $\frac{ਪ}{ਧ}$

(iii) **ਖਟਕਾ** : (ਮ) ਜੇਕਰ ਕੋਈ ਸਵਰ ਇਸ ਤਰ੍ਹਾਂ ਦੀ ਬਰੈਕਟ ਵਿਚ ਹੋਵੇ ਤਾਂ ਉਸ ਸਵਰ ਦਾ ਉਚਾਰਣਕਰਨ ਤੋਂ ਪਹਿਲਾਂ ਉਸਦੇ ਬਾਅਦ ਵਾਲੇ ਸਵਰਾਂ ਦਾ ਖਟਕਾ ਲੈ ਕੇ ਕਹਾਂਗੇ ਕਿ ਉਸ ਦੇ ਪਹਿਲੇ ਵਾਲੇ ਸਵਰ ਦਾ ਖਟਕਾ ਲੈ ਕੇ ਅੰਦਰ ਵਾਲੇ ਸਵਰ ਕਰਾਂਗੇ ਜਿਵੇਂ ਗਮਪਮ ਜਾਂ ਇਹ ਕਿਰਿਆ ਜਲਦੀ ਨਾਲ ਅਤੇ ਸਵਰਾਂ ਦੇ ਸਪੱਸ਼ਟ ਉਚਾਰਨ ਨਾਲ ਕੀਤੀ ਜਾਂਦੀ ਹੈ।

$\frac{ਗ}{ਮ}$ $\frac{ਪ}{ਧ}$

5. **ਗੀਤਾ ਦਾ ਉੱਚਾਰਣ**

(i) **ਡੈਸ਼ '—'** : ਡੈਸ਼ ਦਾ ਨਿਸ਼ਾਨ ਜਿਹਨ੍ਹਾਂ ਸਵਰਾਂ ਦੇ ਅੱਗੇ ਲੱਗਾ ਹੋਵੇ ਤਾਂ ਉਨ੍ਹਾਂ ਸਵਰਾਂ ਨੂੰ ਉਚਾਰਣ ਕਰਨ ਤੋਂ ਬਾਅਦ ਉਨ੍ਹਾਂ ਸਵਰਾਂ ਤੇ ਠਹਿਰਿਆ ਜਾਂਦਾ ਹੈ। ਜਿੰਨੇ ਸਵਰਾਂ ਦੇ ਅੱਗੇ ਡੈਸ਼ ਦਾ ਚਿੰਨ੍ਹ ਹੋਵੇਗਾ। ਉਸੇ ਮਾਤਰਾ ਕਾਲ ਦਾ ਠਹਿਰਾਵ ਹੁੰਦਾ ਹੈ।

(ii) **ਅਵਗ੍ਰਹ** : 'ऽ' ਇਹ ਚਿਨ੍ਹਾਂ ਜਿਨ੍ਹਾਂ ਸਵਰਾਂ ਦੇ ਅੱਗੇ ਹੁੰਦਾ ਹੈ ਉਨ੍ਹਾਂ ਦੀ ਮਾਤਰਾ ਕਾਲ ਲਈ ਉਸ ਬੋਲ ਨੂੰ ਵਧਾਇਆ ਜਾਂਦਾ ਹੈ। ਜਿਵੇਂ : ਮ ऽ ऽ ऽ

(iii) **ਅਰਧਵਿਰਾਮ** : ',' ਇਸ ਤਰ੍ਹਾਂ ਕੋਮਾ ਦਾ ਨਿਸ਼ਾਨ ਜਿਨ੍ਹਾਂ ਗੀਤਾਂ ਜਾਂ ਗਤ ਦੇ ਬੋਲਾਂ ਜਾਂ ਸਵਰਾਂ ਅੱਗੇ ਲੱਗਾ ਹੋਵੇ ਉਸ ਦੇ ਓਨੇ ਹੀ ਸਮ, ਵਿਭਾਗ ਹੁੰਦੇ ਹਨ।

(6) **ਤਾਲ ਲਿੱਪੀ**

(i) **ਸਮ**- 'X' ਤਾਲ ਵਿਚ ਸਮ ਦੇ ਚਿੰਨ੍ਹ ਲਈ ਇਸ ਤਰ੍ਹਾਂ ਦੇ ਗੁਣ ਦਾ ਚਿੰਨ੍ਹ ਲਗਾਂਦੇ ਹਨ। ਸਮ ਤਾਲ ਦੀ ਪਹਿਲੀ ਮਾਤਰਾ ਹੀ ਹੁੰਦੀ ਹੈ।

(ii) **ਖਾਲੀ** 'O' ਤਾਲ ਵਿਚ ਖਾਲੀ ਦੇ ਲਈ ਜੀਰੋ ਦਾ ਚਿੰਨ੍ਹ ਲਗਾਇਆ ਜਾਂਦਾ ਹੈ ਤਾਲ ਵਿਚ ਖਾਲੀ ਇਕ ਤੋਂ ਵੱਧ ਵੀ ਹੋ ਸਕਦੇ ਹਨ।

(iii) **ਵਿਭਾਗ** : । ਇਸ ਤਰ੍ਹਾਂ ਦੇ ਲਾਈਨ ਤੋਂ ਤਾਲ ਦੀਆਂ ਮਾਤਰਾਵਾਂ ਦੀ ਵੰਡ ਦਾ ਪਤਾ ਲੱਗਦਾ ਹੈ। ਹਰ ਮਾਤਰਾ ਦੇ ਅਲਗ ਵਿਭਾਗ ਹੁੰਦੇ ਹਨ। ਵਿਭਾਗ ਦੇ ਲਈ ਸਿੱਧੀ ਰੇਖਾ ਦਾ ਚਿੰਨ੍ਹ ਲਗਾਇਆ ਜਾਂਦਾ ਹੈ।

(iv) **ਤਾਲੀ** : 1:2:3:4 ਸੁਰਲਿੱਪੀ ਵਿਚ ਤਾਲ ਵਿਚ ਤਾਲੀ ਦੇ ਛਿੰਨ ਲਈ ਗਿਣਤੀ ਦੇ ਜਿੰਨ ਜਿਵੇਂ 1, 2, 3, 4 ਲਗਾਏ ਜਾਂਦੇ ਹਨ ਕਈ ਤਾਲਾਂ ਵਿਚ ਇਕ ਤੋਂ ਵੱਧ ਤਾਲੀਆਂ ਹੁੰਦੀਆਂ ਹਨ।

**ਸਵਰ ਲਿੱਪੀ ਦੀਆਂ ਚੰਗਿਆਈਆਂ**

(i) ਸੁਰਲਿੱਪੀ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਕਿਸੇ ਤੋਂ ਸਿੱਖੀ ਹੋਈ ਚੀਜ਼ ਨੂੰ ਯਾਦ ਕਰਨ ਵਿਚ ਮਦਦ ਮਿਲਦੀ ਹੈ ਕਿਉਂਕਿ ਸਿੱਖੀ ਹੋਈ ਚੀਜ਼ ਨੂੰ ਵੇਖਦੇ ਹੀ ਪਹਿਲਾਂ ਯਾਦ ਕੀਤੀ ਚੀਜ਼ ਯਾਦ ਕਰਨ ਵਿਚ ਆਸਾਨੀ ਹੁੰਦੀ ਹੈ।

(ii) ਸਵਰ ਲਿੱਪੀ ਦੀ ਮਦਦ ਨਾਲ ਦੂਸਰੀ ਭਾਸ਼ਾਵਾਂ ਵਿਚ ਵੀ ਇਸ ਦਾ ਪ੍ਰਚਾਰ ਹੋ ਸਕਦਾ ਹੈ।

(iii) ਜੇਕਰ ਅਸੀਂ ਕਿਸੀ ਗੁਣੀਜਨ ਤੋਂ ਗਾਇਕੀ ਦੀ ਕੋਈ ਚੀਜ਼ ਸਿਖੀ ਹੈ ਤਾਂ ਉਸ ਨੂੰ ਸੁਰਲਿੱਪੀ ਦੇ ਸਹਾਰੇ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

(iv) ਸੁਰ ਲਿੱਪੀ ਨਾਲ ਸਮੇਂ ਦੀ ਬਚਤ ਹੁੰਦੀ ਹੈ ਲਿਖੀ ਹੋਈ ਚੀਜ਼ ਨੂੰ ਘੱਟ ਸਮੇਂ ਵਿਚ ਸਿਖਣਾ ਸੌਖਾ ਹੋ ਗਿਆ ਹੈ।

(v) ਰਾਗਾਂ ਦੀ ਨੋਟੇਸ਼ਨ ਲਿਖ ਕੇ ਰੱਖਣ ਨਾਲ ਅਸੀਂ ਅਗਲੀ ਪੀੜ੍ਹੀ ਨੂੰ ਇਹ ਚੀਜ਼ ਕਰਵਾਉਣ ਵਿਚ ਕਾਰਾਗਾਰ ਸਿੱਧ ਹੁੰਦੀ ਹੈ ਕਿਉਂਕਿ ਨੋਟੇਸ਼ਨ ਹੀ ਇਕ ਐਸਾ ਸਾਧਨ ਹੈ ਜੋ ਇਨ੍ਹਾਂ ਸਾਰਿਆਂ ਦਾ ਰਿਕਾਰਡ ਰੱਖਦਾ ਹੈ।

(vi) ਸਵਰ ਲਿੱਪੀ ਦੁਆਰਾ ਹੀ ਅਸੀਂ ਘਰਾਣੇਦਾਰ ਗਾਇਕਾਂ ਦੀਆਂ ਚੀਜ਼ਾਂ ਨੂੰ ਸੰਭਾਲ ਕੇ ਰੱਕ ਸਕਦੇ ਹਾਂ। ਜਿਵੇਂ ਭਾਤਖੰਡੇ ਜੀ ਦੀ ਪੁਸਤਕ 'ਕ੍ਰਮਿਕ ਪੁਸਤਕ ਮਾਲਿਕਾ 6' ਵਿਚ ਘਰਾਣੇਦਾਰ ਚੀਜ਼ਾਂ ਲਿਖੀਆਂ ਹਨ।

(vii) ਘੱਟ ਸਮੇਂ ਵਿਚ ਗਾਇਕੀ ਦੀਆਂ ਚੀਜ਼ਾਂ ਸਿੱਖ ਕੇ ਸਮੇਂ ਦੀ ਬਚਤ ਕਰ ਸਕਦੇ ਹਾਂ।

(viii) ਸੁਰਲਿੱਪੀ ਸਰਲ ਸਪੱਸ਼ਟ ਹੋਣ ਤੇ ਘੱਟ ਗਿਆਨ ਵਾਲੇ ਤੇ ਵਿਦਵਾਨ ਦੋਨਾਂ ਦਾ ਫ਼ਾਇਦਾ ਲੈ ਸਕਦੇ ਹਨ।

(ix) ਕਿਸੀ ਵੀ ਘਰਾਣੇ ਦੀ ਸ਼ੈਲੀ (ਗਾਇਕ, ਵਾਦਕ) ਦੀ ਸਵਰ ਲਿਪੀ ਦੀ ਮਦਦ ਨਾਲ ਹੀ ਲਿਖ ਕੇ ਸੁਰਖਿਅਤ ਰਖੀ ਜਾ ਸਕਦੀ ਹੈ।

(x) ਸਵਰ ਲਿੱਪੀ ਦਾ ਉਦੇਸ਼ ਸਪਸ਼ਟ ਤੇ ਸ਼ੁਧ ਰੂਪ ਵਿਚ ਸਾਰੀਆਂ ਚੀਜਾਂ ਦਾ ਵਰਣਨ ਕਰਨਾ ਹੈ। ਜਿਸ ਦੇ ਪੜਦੇ ਹੀ ਇਹ ਚੀਜਾਂ ਸਪਸ਼ਟ ਹੋ ਜਾਣ।

**ਸਵਰ ਲਿੱਪੀ ਦੀਆਂ ਬੁਰਾਈਆਂ**

(i) ਸਵਰਾਂ ਦਾ ਸ਼ੁਧ ਉਚਾਰਨ ਜਿਵੇਂ ਸਵਰਾਂ ਦੇ ਵਿਸ਼ਰਾਮ,ਕੋਮਲ ਤੇ ਤੀਵਰ ਸਵਰਾਂ ਦਾ ਉਚਾਰਣ ਆਦਿ ਸਵਰ ਲਿੱਪੀ ਵਿੱਚ ਨਹੀਂ ਉਤਾਰੀਆਂ ਜਾ ਸਕਦੀਆਂ। ਕੇਵਲ ਸੁਰ ਲਿਪੀ ਤੇ ਅਧਾਰਿਤ ਹੋਣਾ ਪੈਂਦਾ ਹੈ ਤੇ ਸੰਗੀਤ ਦੀ ਅਸਲੀਅਤ ਤੋਂ ਦੂਰ ਚਲੇ ਜਾਂਦੇ ਹਨ।

(ii) ਸਵਰਾਂ ਦਾ ਉਚਾਰਣ, ਰਾਗ ਨੂੰ ਗਾਉਣ ਦਾ ਢੰਗ ਇਹ ਗੱਲਾਂ ਲਿਖਣ ਤੋਂ ਨਹੀਂ ਸੁਣ ਕੇ ਲਿਖੀਆਂ ਜਾ ਸਕਦੀਆਂ ਹਨ

(iii) ਸਵਰ ਲਿੱਪੀ ਨੇ ਸੰਗੀਤ ਦੇ ਵਿਦਿਆਰਥੀਆਂ ਨੂੰ ਆਲਸੀ ਬਣਾ ਦਿੱਤਾ ਹੈ ਜਿਸ ਨਾਲ ਵਿਦਿਆਰਥੀ ਖੁਦ ਹੀ ਗਲਤ ਤਰੀਕੇ ਨਾਲ ਘਰ ਬੈਠ ਕੇ ਸੰਗੀਤ ਸਿੱਖ ਰਹੇ ਹਨ ਜਿਸ ਨਾਲ ਗੁਰੂ ਸ਼ਿਸ਼ਾ ਪਰੰਪਰਾ ਖਤਮ ਹੋ ਰਹੀ ਹੈ।

(iv) ਕਈ ਕਠਿਨ ਧੁਨਾਂ ਨੂੰ ਅਸੀਂ ਸਵਰ ਲਿਪੀ ਦੁਆਰਾ ਨਹੀਂ ਸਮਝ ਸਕਦੇ ਜਦੋਂ ਤੱਕ ਕਿਸੀ ਉਸਤਾਦ ਤੋਂ ਪ੍ਰਯੋਗੀ ਰੂਪ ਤੋਂ ਇਹ ਸਿੱਖਿਆ ਨਾ ਜਾਵੇ।

## ਅਧਿਆਇ-6

# ਗੀਤ ਦੀਆਂ ਕਿਸਮਾਂ ਭਜਨ, ਸ਼ਬਦ, ਲੋਕਗੀਤ

### (1) ਸ਼ਬਦ

ਸ਼ਬਦ ਗਾਇਨ ਵਿਚ ਗੁਰੂ ਜੀ ਦੀ ਬਾਣੀ ਦਾ ਗਾਇਨ ਹੈ, ਜੋ ਗੁਰਦੁਆਰਿਆਂ, ਧਾਰਮਿਕ ਸਥਾਨਾਂ, ਧਾਰਮਿਕ ਸਮਾਰੋਹਾਂ ਵਿਚ ਗਾਇਆ ਜਾਂਦਾ ਹੈ। ਸ਼ਬਦ ਗਾਇਨ ਨੂੰ ਮੋਕਸ਼ ਪ੍ਰਾਪਤੀ ਦਾ ਸਾਧਨ ਮੰਨਿਆ ਗਿਆ ਹੈ। ਇਨ੍ਹਾਂ ਸ਼ਬਦਾਂ ਨੂੰ ਰਾਗਾਂ ਵਿਚ ਗਾਉਣਾ ਅਤਿਅੰਤ ਪਵਿੱਤਰ ਮੰਨਿਆ ਜਾਂਦਾ ਹੈ। ਸ਼ਬਦ ਨੂੰ ਗੁਰੂ ਮੂਰਤ ਸਮਝਿਆ ਗਿਆ ਹੈ। ਸ਼ਬਦ ਦੇ ਮੂਲ ਲੇਖਕ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਹਨ। ਇਨ੍ਹਾਂ ਦੇ ਸਮੇਂ ਤੋਂ ਹੀ ਕੀਰਤਨ ਦੀ ਪ੍ਰਥਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਗਾਇਨ ਦਾ ਵਿਸ਼ੇਸ਼ ਸਮਾਂ ਨਿਰਧਾਰਿਤ ਕੀਤਾ ਗਿਆ। ਇਹ ਸਮਾਂ ਦਿਨ ਵਿਚ ਚਾਰ ਵਾਰ ਰੱਖਿਆ ਗਿਆ। ਅੱਜ ਵੀ ਇਸ ਨਿਯਮ ਦੀ ਪਾਲਣਾਂ ਕੀਤੀ ਜਾਂਦੀ ਹੈ।

ਸਮੇਂ ਦੇ ਚਕਰ ਨੂੰ ਚੌਕੀਆਂ ਦੇ ਨਾਂਅ ਨਾਲ ਸੰਬੋਧਿਤ ਕੀਤਾ ਜਾਂਦਾ ਹੈ।

1. **ਆਸਾ ਦੀ ਵਾਰ ਦੀ ਚੌਕੀ** : ਇਹ ਅੰਮ੍ਰਿਤ ਵੇਲੇ ਦੀ ਬਾਣੀ ਹੈ। ਇਹ ਬਾਣੀ ਰਾਗ ਆਸਾ ਵਿਚ ਗਾਈ ਜਾਂਦੀ ਹੈ।

2. **ਚਰਨ ਕਮਲ ਦੀ ਚੌਕੀ 'ਚ** : ਇਸ ਚੌਕੀ ਦਾ ਸਮਾਂ ਦਿਨ ਦੇ ਪਹਿਲੇ ਪਹਿਰ ਤੋਂ ਬਾਅਦ ਆਰੰਭ ਹੁੰਦਾ ਹੈ। ਇਸ ਵਿਚ ਤੋੜੀ, ਗੁਜਰੀ, ਬਿਲਾਵਲ ਦੇਵ ਗੰਧਾਰੀ ਸਾਰੰਗ, ਸੂਹੀ, ਵਡਹੰਸ, ਇਹ ਗਾਗ ਗਾਏ ਜਾਂਦੇ ਹਨ।

3. **ਕਲਿਆਣ ਦੀ ਚੌਕੀ** : ਰਾਤ ਦੇ ਪਹਿਲੇ ਪਹਿਰ ਤੋਂ ਬਾਅਦ ਹੇਠ ਲਿਖੇ ਰਾਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ : ਜੈਤਸਰੀ, ਗਾਉੜੀ, ਧਨਾਸਰੀ, ਮਾਲਗੌੜੀ, ਮਾਰੂ, ਮਲਾਰ, ਬਸੰਤ, ਕੇਦਾਰ ਆਦਿ।

### (2) ਭਜਨ

ਈਸ਼ਵਰ ਦੀ ਉਪਾਸਨਾ ਲਈ, ਅਰਾਧਨਾ ਲਈ ਜੋ ਗੀਤ ਗਾਏ ਜਾਂਦੇ ਹਨ, ਉਹਨਾਂ ਨੂੰ ਭਜਨ ਕਹਿੰਦੇ ਹਨ। ਭਜਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ। ਭਜਨ, ਆਤਮ ਵਿਸ਼ਵਾਸ, ਆਤਮ ਵਿਕਾਸ ਅਤੇ ਆਤਮ ਗਿਆਨ ਦਾ ਸਭ ਤੋਂ ਸੌਖਾ ਸਾਧਨ ਹੈ। ਇਹਨਾਂ ਭਜਨਾਂ ਦੀ ਵਰਤੋਂ ਈਸ਼ਵਰ ਗੁਣ-ਗਾਣ,ਦੇਵੀ, ਦੇਵਤਿਆਂ ਦੀ ਉਸਤਤੀ ਦੇ ਲਈ ਕੀਤੀ ਜਾਂਦੀ ਹੈ। ਭਗਤੀ ਕਾਲ ਵਿਚ ਸੂਰਦਾਸ,ਮੀਰਾ ਬਾਈ,ਕਬੀਰ ਜੀ, ਜਾਯਸੀ, ਤੁਲਸੀਦਾਸ ਦੇ ਭਜਨਾਂ ਦਾ ਗਾਇਨ ਕੀਤਾ ਜਾਂਦਾ ਸੀ। ਇਹਨਾਂ ਭਜਨਾਂ ਨੂੰ ਅੱਜ ਵੀ ਗਾਇਆ ਜਾਂਦਾ ਹੈ। ਭਜਨ ਲੋਕਾਂ ਦੀ ਆਤਮ ਸ਼ਕਤੀ ਵਧਾਉਣ ਦਾ ਸਾਧਨ ਹੈ। ਭਜਨ ਦਾ ਗਾਇਨ ਸ਼ਾਸਤਰੀ ਰਾਗਾਂ ਵਿਚ ਹੁੰਦਾ ਹੈ। ਅਤੇ ਤਾਲਾਂ ਹਲਕੇ ਵਜਨ ਦੀਆਂ ਰੱਖੀਆਂ ਜਾਂਦੀਆਂ ਹਨ ਤਾਂ ਜੋ ਜਨ ਸਧਾਰਣ ਨੂੰ ਸਮਝ ਆ ਸਕੇ। ਭਜਨ ਵਿਚ ਸ਼ਬਦ ਦੇ ਭਾਵਾਂ ਦਾ ਵਿਸ਼ੇਸ਼ ਸਥਾਨ ਹੈ, ਇਸ ਦੀ ਸ਼ਬਦਾਵਲੀ ਦਾ ਪ੍ਰਯੋਗ ਮੰਦਰਾਂ, ਧਾਰਮਿਕ ਸਥਾਨਾਂ ਅਤੇ ਸਮਾਰੋਹਾਂ ਵਿਚ ਕੀਤਾ ਜਾਂਦਾ ਹੈ। ਭਜਨ ਨੂੰ ਜਿਆਦਾਤਰ ਭੈਰਵੀ, ਖਮਾਜ, ਭੀਮਪਲਾਸੀ, ਬਾਗੇਸ਼ਵਰੀ, ਤਿਲੰਗ, ਦੇਸ਼ ਆਦਿ ਰਾਗਾਂ ਵਿਚ ਗਾਇਆ ਜਾਂਦਾ ਹੈ। ਭਜਨ ਗਾਇਨ ਵਿਚ ਢੋਲ, ਢੋਲਕੀ, ਤਬਲੇ ਦਾ ਪ੍ਰਯੋਗ ਹੁੰਦਾ ਹੈ। ਭਜਨ ਦੇ ਨਾਲ ਜਿਆਦਾਤਰ ਕਹਿਰਵਾ, ਦਾਦਰਾ ਤਾਲਾਂ ਵਜਾਈਆਂ ਜਾਂਦੀਆਂ ਹਨ।

## (3) ਲੋਕ ਗੀਤ

ਲੋਕ ਗੀਤ ਨੂੰ ਸੰਗੀਤ ਦੀ ਸਭ ਤੋਂ ਪੁਰਾਣੀ ਸ਼ੈਲੀ ਕਿਹਾ ਜਾ ਸਕਦਾ ਹੈ ਇਉ ਕਹਿ ਲਵੋ ਜਦੋਂ ਮਨੁੱਖ ਨੇ ਧਰਤੀ ਤੇ ਪੈਰ ਰੱਖਿਆ ਉਦੋਂ ਤੋਂ ਹੀ ਲੋਕ ਗੀਤਾਂ ਦਾ ਜਨਮ ਹੋਇਆ। ਜਦੋਂ ਮਨੁੱਖ ਆਪਣੇ ਹਿਰਦੇ ਦੇ ਦੁੱਖ-ਸੁੱਖ ਦੇ ਭਾਵਾਂ ਨੂੰ ਸ਼ਬਦਾਂ ਤੇ ਸੰਗੀਤ ਦੁਆਰਾ ਪ੍ਰਗਟ ਕਰਦਾ ਸੀ ਤਾਂ ਭਿੰਨ-ਭਿੰਨ ਮੌਕਿਆਂ ਦੇ ਗਾਏ ਜਾਣ ਵਾਲੇ ਸੰਗੀਤ ਨੂੰ ਲੋਕ ਗੀਤ ਕਹਿੰਦੇ ਹਨ। ਲੋਕ ਗੀਤਾਂ ਦਾ ਸਬੰਧ ਆਮ ਜਨਤਾ ਨਾਲ ਹੁੰਦਾ ਹੈ। ਲੋਕ ਗੀਤਾਂ ਵਿਚ ਸਾਧਗੀ, ਅਲਬੇਲਾਪਨ, ਸਰਲਤਾ ਹੁੰਦੀ ਹੈ। ਲੋਕ ਗੀਤ ਆਦਿ ਕਾਲ ਤੋਂ ਮਨੁੱਖ ਦਾ ਮਨੋਰੰਜਨ ਕਰਦੀ ਆ ਰਹੀ ਹੈ ਇਸ ਵਿਚ ਹਰ ਵਿਅਕਤੀ ਗਾਇਕ, ਵਾਦਕ ਤੇ ਕਵੀ ਹੈ। ਪ੍ਰਕਿਰਤੀ ਦਾ ਕੋਈ ਅੰਗ ਨਹੀਂ ਜਿਸ 'ਤੇ ਲੋਕ ਗੀਤਾਂ ਦੀ ਰਚਨਾ ਨਾ ਹੋਈ ਹੋਵੇ। ਇਹ ਪ੍ਰਕਿਰਤੀ ਦੇ ਝਰਨੇ ਵਾਂਗ ਆਪ ਪੈਦਾ ਹੁੰਦੀ ਹੈ। ਇਸ ਦੇ ਗੀਤ ਬਣਾਏ ਨਹੀਂ ਜਾਂਦੇ ਇਹ ਆਪਣੇ-ਆਪ ਮਾਹੌਲ ਦੇ ਮੁਤਾਬਿਕ ਹਿਰਦੇ ਵਿਚੋਂ ਨਿਕਲਦੇ ਹਨ।

ਲੋਕ ਗੀਤਾਂ ਦਾ ਆਧਾਰ ਕੇ ਕਈ ਰਾਗਾਂ ਦੀ ਅਵਿਸ਼ਕਾਰ ਹੋਇਆ ਜਿਵੇਂ : ਮਾਂਡ, ਦੇਸ਼, ਪਹਾੜੀ, ਪੀਲੂ ਆਦਿ। ਸਾਡੇ ਦੇਸ਼ ਵਿਚ ਉਤਸ਼ਾਹ, ਪਿਆਰ, ਮਸਤੀ, ਬਲੀਦਾਨ ਦੇ ਅਨੇਕ ਲੋਕ ਗੀਤ ਪ੍ਰਚਲਿਤ ਹਨ। ਲੋਕ ਗੀਤਾਂ ਵਿਚ ਕਠਨ ਤਾਲਾਂ ਅਤੇ ਸੁਰਾਂ ਦੇ ਲਗਾਅ ਵੀ ਬੜੀ ਸਾਦਗੀ ਅਤੇ ਮਧੁਰਤਾ ਨਾਲ ਲਗਾਏ ਜਾਂਦੇ ਹਨ। ਅੱਜ ਦਾ ਫ਼ਿਲਮੀ ਦੌਰ ਵੀ ਲੋਕ ਗੀਤਾਂ ਕਰਕੇ ਪ੍ਰਸਿੱਧੀ ਪ੍ਰਾਪਤ ਕਰ ਰਿਹਾ ਹੈ। ਪੰਜਾਬ ਦੇ ਲੋਕ ਗੀਤਾਂ ਵਿਚ ਲੋਕ ਗਾਥਾਵਾਂ ਜਿਵੇਂ : ਹੀਰ-ਰਾਂਝਾ, ਜੱਗਾ, ਸੱਸੀ-ਪੁੰਨੂੰ, ਮਿਰਜਾ-ਸਾਹਿਬਾ, ਮਲਵੀ ਆਦਿ ਗਾਏ ਜਾਂਦੇ ਹਨ। ਵਿਆਹਵਾਂ 'ਤੇ ਗਾਈਆਂ ਜਾਣ ਵਾਲੀਆਂ ਘੋੜੀਆਂ, ਸੁਹਾਗ, ਸਿਠਣੀਆਂ ਇਹ ਲੋਕ ਗੀਤ ਦਾ ਹੀ ਹਿੱਸਾ ਹਨ। ਲੋਕ ਗੀਤ ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਸਾਥ ਦਿੰਦਾ ਹੈ। ਪੰਜਾਬ ਦੇ ਭਿੰਨ-ਭਿੰਨ ਤਿਉਹਾਰਾਂ, ਜਿਵੇਂ : ਬਸੰਤ ਰੁੱਤ, ਲੋਹੜੀ, ਵਿਸਾਖੀ, ਬਰਸਾਤ ਦੀ ਰੁੱਤ, (ਤੀਆਂ ਦੇ ਗੀਤ), ਤ੍ਰਿੰਝਣਾ ਦੇ ਗੀਤ ਵੱਖ-ਵੱਖ ਮੌਕਿਆਂ 'ਤੇ ਗਾਏ ਜਾਂਦੇ ਹਨ।

ਲੋਕ ਗੀਤ ਵਿਚ ਪ੍ਰਯੋਗ ਹੋਣ ਵਾਲੇ ਵਾਦਾਂ ਵਿਚੋਂ ਢੋਲ, ਢੋਲਕੀ, ਚਿਮਟਾ, ਖੜਤਾਲ ਆਦਿ ਦਾ ਪ੍ਰਯੋਗ ਹੁੰਦਾ ਹੈ। ਇਨ੍ਹਾਂ ਗੀਤਾਂ ਨਾਲ ਜ਼ਿਆਦਾਤਰ ਕਹਿਰਵਾ, ਦਾਦਰਾ, ਦੀਪਚੰਦੀ, ਖੇਮਟਾ ਆਦਿ ਤਾਲ ਵਜਾਈਆਂ ਜਾਂਦੀਆਂ ਹਨ।

ਲੋਕ ਗੀਤ ਹਮੇਸ਼ਾ ਮੱਧ ਲੈਅ ਜਾਂ ਦਰੁੱਤ ਲੈਅ ਵਿਚ ਗਾਏ ਜਾਂਦੇ ਹਨ।

### ਅਧਿਆਇ-7

# ਗਾਇਕ ਦੇ ਗੁਣ ਤੇ ਦੋਸ਼

ਵਿਧੀ ਦੇ ਵਿਧਾਨ ਹਰ ਸਥਾਨ ਦੇ ਗੁਣਾਂ, ਔਗੁਣਾਂ ਦਾ ਸੁਮੇਲ ਵੇਖਣ ਵਿਚ ਮਿਲਦਾ ਹੈ। ਸੰਗੀਤ ਮੰਚ ਪ੍ਰਦਰਸ਼ਨ ਦੀ ਕਲਾ ਹੈ ਕਿਉਂਕਿ ਇਸ ਦਾ ਸਿੱਧੀ ਸਬੰਧ ਸਰੋਤਾਵਾਂ ਨਾਲ ਹੁੰਦਾ ਹੈ। ਸੰਗੀਤ ਦੀ ਕੋਈ ਵੀ ਕਾਲ ਗਾਇਨ, ਵਾਦਨ, ਸਹਿਤ ਸਭ ਦਾ ਮੂਲ ਰੂਪ ਤੋਂ ਸਾਰਾ ਫਲ ਸਰੋਤਾਵਾਂ ਨੂੰ ਹੀ ਜਾਂਦਾ ਹੈ। ਜਦੋਂ ਗਾਇਕ ਸਰੋਤਾਵਾਂ ਦੇ ਮੰਨ ਨੂੰ ਖੁਸ਼ ਕਰਨ ਵਿਚ ਸਫ਼ਲ ਹੁੰਦਾ ਹੈ ਤਾਂ ਇਹ ਉਸ ਦੇ ਗੁਣ ਹੁੰਦੇ ਹਨ। ਇਨ੍ਹਾਂ ਸਾਰਿਆਂ ਤੋਂ ਇਲਾਵਾ ਉਸ ਦੇ ਹਾਵ-ਭਾਵ ਗੁਣ ਦੋਸ਼ ਵੀ ਉਸ ਦੇ ਕਲਾਂ ਤੋਂ ਪ੍ਰਭਾਵ ਪਾਉਣ ਤੇ ਵਿਗਾੜਨ ਵਿਚ ਉੱਤਰਦਾਈ ਹੁੰਦੇ ਹਨ। ਸੰਗੀਤ ਦਾ ਮੁੱਖ ਉਦੇਸ਼ ਸਰੋਤਾਵਾਂ ਦੇ ਮੰਨ ਨੂੰ ਖੁਸ਼ ਕਰਨਾ ਹੈ। ਇਹ ਸਾਰਾ ਕੁਝ ਕਲਾਕਾਰ ਦੇ ਗੁਣਾਂ ਤੇ ਨਿਰਭਰ ਕਰਦਾ ਹੈ। ਇਸ ਲਈ ਕਿਸੇ ਗਾਇਕ ਵਿਚ ਕੁਝ ਦੋਸ਼ ਰਹਿ ਜਾਣ ਤਾਂ ਉਹ ਆਪਣੀ ਗਾਇਕੀ ਦੁਆਰਾ ਸਰੋਤਾਵਾਂ ਨੂੰ ਖੁਸ਼ ਨਹੀਂ ਕਰ ਸਕਦਾ। ਇਸ ਲਈ ਇਕ ਕਲਾਕਾਰ ਨੂੰ ਗੁਣ ਅਪਨਾ ਦੇ ਦੋਸ਼ਾਂ ਨੂੰ ਸੁਧਾਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਗਾਇਕੀ ਦਾ ਪ੍ਰਦਰਸ਼ਨ ਚੰਗੀ ਤਰ੍ਹਾਂ ਕਰ ਸਕੇ। ਇਸ ਲਈ ਇਕ ਚੰਗੇ ਗਾਇਕ ਵਿਚ ਹੇਠ ਲਿਖੇ ਗੁਣ ਹੋਣੇ ਜ਼ਰੂਰੀ ਹਨ।

1. **ਹਿਰਦੇ ਸ਼ਬਦ** : ਜਿਸ ਦੀ ਆਵਾਜ਼ ਮਿੱਠੀ ਤੇ ਸੁਰੀਲੀ ਹੋਵੇ। ਅਭਿਆਸ ਦੇ ਨਾਲ ਗਾਇਕ ਇਸ ਘਾਟ ਨੂੰ ਦੂਰ ਕਰਕੇ ਆਪਣਾ ਆਵਾਜ ਨੂੰ ਮਨਮੋਹਕ ਬਣਾ ਸਕਦਾ ਹੈ।

2. **ਇਕਾਗਰ ਚਿੱਤ ਹੋ ਕੇ ਗਾਇਨ ਕਰਨਾ** : ਗਾਇਕ ਦਾ ਇਹ ਮਹੱਤਵਪੂਰਨ ਗੁਣ ਹੈ। ਕਿਉਂਕਿ ਸੰਗੀਤ ਪ੍ਰਦਰਸ਼ਨ ਦੇ ਸਮੇਂ ਵਿਚ ਗਾਇਕ ਨੂੰ ਰਾਗ ਸਵਰੂਪਾ, ਰਾਗਦਾਰੀ, ਤਾਲ ਦਾ ਧਿਆਨ ਤੇ ਸਰੋਤਾਵਾਂ 'ਤੇ ਪੈਂਦੇ ਪ੍ਰਭਾਵ ਨੂੰ ਵੀ ਦੇਖਣਾ ਹੁੰਦਾ ਹੈ। ਉਸ ਦਾ ਧਿਆਨ ਵੰਡਦੇ ਹੋਏ ਵੀ ਉਸ ਦੀ ਇਕਾਗਰਤਾ ਬਣੀ ਰਹਿੰਦੀ ਹੈ।

3. **ਸਵਾਧੀਸ ਕੰਠ** : ਜਿਸ ਦਾ ਕੰਠ ਖੁਲ੍ਹੀ ਆਵਾਜ਼ ਵਾਲਾ ਹੋਵੇ ਇਹ ਕੰਠ ਅਭਿਆਸ ਦੇ ਸਾਧਨਾਂ ਨਾਲ ਹੀ ਹੋ ਸਕਦਾ ਹੈ।

4. **ਤਾਲ ਤੇ ਲੋਅ ਦਾ ਗਿਆਨ** : ਇਹ ਗੁਣ ਵਿਚ ਗਾਇਆ ਵਿਚ ਹੋਣੇ ਜ਼ਰੂਰੀ ਹਨ। ਕਿਉਂਕਿ ਬੇਤਾਲਾ ਗਾਇਕ ਕਦੇ ਵੀ ਆਪਣੀ ਕਲਾ ਤੋਂ ਸਰੋਤਾਵਾਂ ਦਾ ਮੰਨ ਨਹੀਂ ਮੋਹ ਸਕਦਾ।

5. **ਭਿੰਨ-ਭਿੰਨ ਗਾਇਕੀ ਵਿਚ ਗਾਉਣਾ** : ਜੋ ਖਿਆਸ, ਧਰੁਪਦ, ਧਮਾਰ, ਟੱਪਾ ਆਦਿ ਗਾਇਨ ਸ਼ੈਲੀਆਂ ਵਿਚ ਨਿਪੁੰਨ ਹੋਵੇ। ਜਿਸ ਕਿਸੀ ਗਾਇਕ ਸ਼ੈਲੀ ਦਾ ਪ੍ਰਦਰਸ਼ਨ ਕਰੇ ਉਸ ਦੇ ਵਿਸਤਾਰ ਤੋਂ ਪੂਰ ਗਿਆਤਾ ਹੋਵੇ।

6. **ਪ੍ਰਯੋਗੀ ਲੈਅ** : ਜੋ ਆਪਣੀ ਗਾਇਕੀ ਨਾਲ ਸੁਣਨ ਵਾਲਿਆਂ ਦਾ ਮਨਮੋਹਣ ਵਿਚ ਮਾਹਰ ਹੋਵੇ। ਰਾਗ ਤੇ ਰਸ ਦੀ ਰੋਚਕਤਾ ਦਾ ਧਿਆਨ ਰੱਖੇ।

7. **ਗਮਕ** : ਕੁਸ਼ਲ ਗਾਇਕ ਦਾ ਕੰਠ ਤਿੰਨੋ ਸਪਤਕਾਂ ਮੰਦਰ, ਮੱਧ ਤਾਲ ਸਪਤਕ ਵਿਚ ਦੋ ਸੁਰਾਂ ਤੇ ਕੁਸ਼ਲਤਾਪੂਰਵਕ ਗਾਇਨ ਕਰ ਸਕਦਾ ਹੋਵੇ।

8. **ਅਭਿਆਸ** : ਜੋ ਰਾਗ, ਵਿਸਤਾਰ ਵਿਚ ਤਾਲ, ਅਲਾਪ, ਅਲੰਕਾਰ, ਬੋਲਚਾਲ ਦਾ ਚੰਗਾ ਅਿਆਸ ਕਰਕੇ ਪੇਸ਼ ਕਰੇ ਅਤੇ ਆਪਣੀ ਕਲਾ ਵਿਚ ਨਿਯਮਿਤ ਅਭਿਆਸ ਕਰੋ।

**9. ਸ਼ੁੱਧ ਸ਼ਬਦ ਉਚਾਰਨ** : ਜਿਸ ਨੂੰ ਸੰਗੀਤ ਦੇ ਨਾਲ-ਨਾਲ ਭਾਸ਼ਾ ਦੇ ਸਹਿਤ ਦਾ ਵੀ ਗਿਆਨ ਹੋਵੇ, ਜਿਹੜਾ ਸ਼ੁੱਧ ਸ਼ਬਦ ਉਚਾਰਦਾ ਹੋਵੇ।

**10.ਗੁਰੂ ਪ੍ਰਤੀ ਸ਼ਰਧਾ** : ਇਹ ਗੁਣ ਗਾਇਕ ਵਿਚ ਹੋਣਾ ਜ਼ਰੂਰੀ ਹੈ ਜੋ ਕਲਾ ਦੀ ਉਪਾਸਨਾ ਕਰਨ ਵਾਲਾ ਹੋਵੇ ਤੇ ਆਪਣੇ ਗੁਰੂ ਪ੍ਰਤੀ ਸ਼ਰਧਾ ਰੱਖਦਾਹੋਵੇ।

**11.ਸੰਗੀਤ ਸ਼ਾਸਤਰਕਾਰਾਂ ਦੀ ਜਾਣਕਾਰੀ** : ਜਿਹੜਾ ਸੰਗੀਤ ਨਾਲ ਸੰਬੰਧਿਤ ਸ਼ਾਸਤਰਾਂ ਦੀ ਅਤੇ ਸੰਗੀਤ ਦੇ ਮਹਾਨ ਕਲਾਕਾਰਾਂ ਦੇ ਕਮਾਂ ਦੀ ਅਤੇ ਜੀਵਨੀ ਦੀ ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਰੱਖਦਾ ਹੋਵੇ।

**12. ਵਿਧੀ ਅਨੁਸਾਰ ਸਿੱਖਿਆ** : ਜਿਸ ਨੇ ਵਿਧੀ ਅਨੁਸਾਰ ਸੰਗੀਤ ਦੀ ਸਿੱਖਿਆ ਕਿਸੇ ਗੁਰੂ ਜਾਂ ਅਧਿਆਪਕ ਤੋਂ ਪ੍ਰਾਪਤ ਕੀਤੀ ਹੋਵੇ।

**ਦੋਸ਼**

ਜਿਸ ਗਾਇਕ ਵਿਚ ਉੱਪਰ ਦਰਸਾਏ ਗੁਣ ਨਾ ਹੋਣ ਉਹ ਉਸ ਦੇ ਦੋਸ਼ ਮੰਨੇ ਜਾਂਦੇ ਹਨ।

1. ਦੰਦ ਪੀਸ ਕੇ ਗਾਇਨ ਕਰਨਾ।
2. ਜਿਸ ਦੇ ਗਾਇਨ ਵਿਚ ਨੀਰਸਤਾ ਹੋਵੇ।
3. ਡਰਦੇ ਡਰਦੇ ਗਾਉਣਾ।
4. ਕੰਬਦੀ ਆਵਾਜ਼, ਜਾਂ ਮੂੰਹ ਫਾੜ ਕੇ ਗਾਉਣਾ।
5. ਸੁਰਾਂ ਦਾ ਠੀਕ ਜਗ੍ਹਾਂ 'ਤੇ ਨਾ ਲਗਣਾ, ਬੇਸੁਰਾ ਹੋ ਜਾਣਾ।
6. ਬੇਤਾਲਾ ਗਾਣਾ, ਗਲ੍ਹੇ ਦੀਆਂ ਨਸਾਂ ਫੁਲਾ ਕੇ ਗਾਉਣਾ।
7. ਮੂੰਹ ਟੇਡਾ ਤੇ ਪੈਰ ਪੱਟ ਕੇ ਗਾਉਣਾ।
8. ਅੱਖਾਂ ਬੰਦ ਕਰਕੇ ਗਾਉਣਾ।
9. ਗਾਉਂਦੇ ਹੋਏ ਵਰਜਿਤ ਸੁਰਾਂ ਦਾ ਲਗਾਉਣਾ।
10. ਸ਼ਬਦ ਉਚਾਰਨ ਠੀਕ ਨਾ ਹੋਣਾ।
11. ਭਿਆਨਕ ਰੂਪ ਨਾਲ ਮੂੰਹ ਖੋਲ੍ਹ ਕੇ ਗਾਉਣਾ।
12. ਨੱਕ ਨਾਲ ਧੁਨੀ ਕੱਢ ਕੇ ਗਾਇਕਾ ਤੋਂ ਗਾਉਣਾ।

ਅਧਿਆਇ-8

# ਥਾਟ ਤੇ ਰਾਗ ਦੇ ਨਿਯਮਾਂ ਦੀ ਆਪਸੀ ਤੁਲਣਾ

| ਰਾਗ | ਥਾਟ |
|---|---|
| ਘੱਟ ਤੋਂ ਘੱਟ ਪੰਜ ਅਤੇ ਵੱਧ ਤੋਂ ਵੱਧ ਸੱਤ ਸਵਰਾਂ ਦੀ ਉਹ ਸੁੰਦਰ ਰਚਨਾ ਜਿਹੜੀ ਕੰਨਾਂ ਨੂੰ ਚੰਗੀ ਲੱਗੇ ਉਸ ਨੂੰ ਰਾਗ ਕਹਿੰਦੇ ਹਨ। ਅਭਿਨਵ ਰਾਗ ਮੰਜਰੀ ਵਿਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ, 'ਸਵਰ ਅਤੇ ਵਰਣ ਨਾਲ ਸਜੀ ਧਵਨੀ ਜਿਹੜੀ ਮਨੁੱਖ ਦਾ ਮਨੋਰੰਜਨ ਕਰੇ ਰਾਗ ਕਹਿਲਾਉਂਦੀ ਹੈ।' | ਸਪਤਕ ਦੇ 12 ਸਵਰਾਂ ਵਿਚੋਂ ਸੱਤ ਕ੍ਰਮਵਾਰ ਮੁਖ ਸਵਰਾਂ ਦੇ ਉਸ ਸਵਰ ਸਮੂਹ ਨੂੰ ਥਾਟ ਕਹਿੰਦੇ ਹਨ ਜਿਸ ਤੋਂ ਪੈਂਦਾ ਹੁੰਦੇ ਹੋਣ। ਥਾਟ ਨੂੰ ਮੇਲ ਵੀ ਕਿਹਾ ਜਾਂਦਾ ਹੈ। ਅਭਿਨਵ ਰਾਗ ਮੰਜਰੀ ਵਿਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ। 'ਮੇਲ ਜਾਂ ਥਾਟ ਸਵਰਾਂ ਦੇ ਉਸ ਸਮੂਹ ਨੂੰ ਜਾਂਦੇ ਹਨ, ਜਿਸ ਵਿਚ ਰਾਗ ਪੈਦਾ ਕਰਨ ਦੀ ਸ਼ਕਤੀ ਹੋਵੇ।' |
| **ਰਾਗ ਦੇ ਨਿਯਮ** | **ਥਾਟ ਦੇ ਨਿਯਮ** |
| 1. ਰਾਗ ਦੀ ਉਤਪਤੀ ਥਾਟ ਤੋਂ ਹੁੰਦੀ ਹੈ। | 1. ਥਾਟ ਦੀ ਉਤਪਤੀ ਸਪਤਕ ਦੇ ਸਤ ਸਵਰ ਤੋਂ ਹੁੰਦੀ ਹੈ। ਇਨ੍ਹਾਂ ਸਵਰਾਂ ਵਿਚ ਕਿਸੇ ਸਵਰ ਦਾ ਸ਼ੁੱਧ ਜਾਂ ਵਿਕਰਿਤ ਰੂਪ ਪ੍ਰਯੋਗ ਹੋ ਸਕਦਾ ਹੈ। |
| 2. ਰਾਗ ਵਿਚ ਘੱਟ ਤੋਂ ਘੱਟ ਪੰਜ ਸਵਰ ਅਤੇ ਵੱਧ ਤੋਂ ਵੱਧ ਸਤ ਸਵਰ ਹੋਣੇ ਚਾਹੀਦੇ ਹਨ। ਇਸ ਤੋਂ ਘੱਟ ਜਾਂ ਵੱਧ ਨਹੀਂ। | 2. ਹਰੇਕ ਥਾਟ ਵਿਚ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਸਤ ਸਵਰ ਹੀ ਹੋਣੇ ਚਾਹੀਦੇ ਹਨ ਕਿਉਂਕਿ ਜੇਕਰ ਥਾਟ ਸਮਪੂਰਣ (ਸਤ ਸਵਰ) ਨਹੀਂ ਰਹਿੰਦਾ ਦਾ ਉਹ ਸਮਪੂਰਣ ਰਾਗ ਦੇ ਉਤਪਤੀ ਨਹੀਂ ਕਰ ਸਕੇਗਾ। |
| 3. ਕਿਸੇ ਵੀ ਰਾਗ ਵਿਚ ਸੜਜ 'ਸ' ਸਵਰ ਕਦੇ ਵੀ ਵਰਜਿਤ ਨਹੀਂ ਹੁੰਦਾ ਕਿਉਂਕਿ ਇਹ ਸਪਤਕ ਦਾ ਆਧਾਰ ਸਵਰ (Key-note ਹੁੰਦਾ ਹੈ। | 3. ਥਾਟ ਸਮਪੂਰਣ ਹੋਣੇ ਚਾਹਦੇ ਹਨ ਅਤੇ ਸਵਰ ਵੀ ਕ੍ਰਮ ਅਨੁਸਾਰ ਹੋਣੇ ਚਾਹੀਦੇ ਹਨ। |

| | |
|---|---|
| 4. ਰਾਗ ਵਿਚ ਆਰੋਹ ਅਤੇ ਅਵਰੋਹ ਦੋਹਾਂ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਸਿਰਫ ਆਰੋਹ ਤੋਂ ਰਾਗ ਦੀ ਪਹਿਚਾਨ ਹੋਣੀ ਜ਼ਰੂਰੀ ਨਹੀਂ ਹੋ ਸਕਦੀ। | 4. ਕਿਸੇ ਵੀ ਥਾਟ ਵਿਚ ਆਰੋਹ ਅਵਰੋਹ ਦੋਹਾਂ ਦਾ ਹੋਣਾ ਜ਼ਰੂਰੀ ਨਹੀਂ ਹੈ ਕਿਉਂਕਿ ਹਰੇਕ ਥਾਟ ਦੇ ਆਰੋਹ-ਅਵਰੋਹ ਵਿਚ ਕੋਈ ਫਰਕ (ਅੰਤਰ) ਨਹੀਂ ਹੁੰਦਾ ਸਿਰਫ ਆਰੋਹ ਜਾਂ ਅਵਰੋਹ ਦੇਣ ਤੋਂ ਹੀ ਥਾਟ ਦਾ ਪਤਾ ਲੱਗ ਜਾਂਦਾ ਹੈ। |
| 5. ਹਰੇਕ ਰਾਗ ਵਿਚ 'ਮ' ਅਤੇ 'ਪ' (ਮਧਮ ਅਤੇ ਪੰਚਮ) ਵਿਚ ਘੱਟੋ-ਘੱਟ ਇਕ ਸਵਰ ਦਾ ਹੋਣਾ ਜ਼ਰੂਰੀ ਹੈ। ਦੋਵੇਂ ਸਵਰ ਇਕੱਠੇ ਕਦੇ ਵੀ ਵਰਜਿਤ ਨਹੀਂ ਹੋ ਸਕਦੇ। ਜੇਕਰ 'ਪ' ਦੇ ਨਾਲ ਸ਼ੁੱਧ ਮ ਵੀ ਵਰਜਿਤ ਹੈ ਤਾਂ ਉਸ ਰਾਗ ਵਿਚ ਤੀਵਰ ਮ' ਲੱਗੇਗਾ। | 5. ਥਾਟ ਵਿਚ ਇਸ ਤਰ੍ਹਾਂ ਦਾ ਕੋਈ ਨਿਯਮ ਨਹੀਂ ਹੈ। |
| 6. ਰਾਗ ਵਿਚ ਕਿਸੇ ਵੀ ਸਵਰ ਦੇ ਦੋਵੇਂ ਰੂਪ ਇਕੱਠੇ ਪ੍ਰਯੋਗ ਨਹੀਂ ਹੋਣੇ ਚਾਹੀਦੇ ਜਿਵੇਂ ਕੋਮਲ ਰੇ ਅਤੇ ਸ਼ੁੱਧ ਰੇ ਜਾਂ ਕੋਮਲ ਗਾ ਅਤੇ ਸ਼ੁੱਧ ਗ ਦੋਵੇਂ ਇਕ ਰਾਗ ਵਿਚ ਇਕੱਠੇ ਨਹੀਂ ਪ੍ਰਯੋਗ ਕਰਨੇ ਚਾਹੀਦੇ ਪਰ ਇਹ ਸੰਭਵ ਹੈ ਕਿ ਆਰੋਹ ਵਿਚ ਸ਼ੁੱਧ ਪ੍ਰਯੋਗ ਕਿਹਾ ਜਾਵੇ ਅਤੇ ਅਵਰੋਹ ਵਿਚ ਕੋਮਲ ਸਵਰ। | 6. ਥਾਟ ਵਿਚ ਇਸ ਤਰ੍ਹਾਂ ਦਾ ਕੋਈ ਨਿਯਮ ਨਹੀਂ ਹੈ। ਕਿਉਂਕਿ ਥਾਟ ਗਾਏ ਵਜਾਏ ਨਹੀਂ ਜਾਂਦੇ। |
| 7. ਰਾਗ ਵਿਚ ਆਰੋਹ ਅਤੇ ਅਵਰੋਹ ਦੇ ਸਵਰਾਂ ਦੀ ਗਿਣਤੀ ਵਿਚ ਭਿੰਨਤਾ ਕਾਰਨ ਰਾਗ ਦੀਆਂ ਮੁੱਖ ਤਿੰਨ ਜਾਤੀਆਂ ਅਤੇ ਨੌਂ ਉਪ ਜਾਤੀਆਂ ਹੁੰਦੀਆਂ ਹਨ। | 7. ਥਾਟ ਦੀਆਂ ਕੋਈ ਜਾਤੀਆਂ ਨਹੀਂ ਹੁੰਦੀਆਂ। |
| 8. ਹਰੇਕ ਰਾਗ ਵਿਚ ਆਰੋਹ ਅਵਰੋਹ, ਪਕੜ, ਸਮਾਂ, ਵਾਦੀ, ਸਮਵਾਦੀ ਦਾ ਹੋਣਾ ਜ਼ਰੂਰੀ ਹੈ। | 8. ਥਾਟ ਗਾਏ-ਵਜਾਏ ਨਹੀਂ ਜਾਂਦੇ ਇਸ ਕਾਰਨ ਸਮਾਂ, ਪਕੜ ਆਦਿ ਦੀ ਜ਼ਰੂਰਤ ਨਹੀਂ ਹੈ। |
| 9. ਰਾਗ ਵਿਚ ਰੰਜਕਤਾ ਦਾ ਹੋਣਾ ਜ਼ਰੂਰੀ ਹੈ। ਇਹ ਗਾਏ-ਬਜਾਏ ਨਹੀਂ ਜਾਂਦੇ। | 9. ਇਨ੍ਹਾਂ 'ਚ ਰੰਜਕਤਾ ਦੀ ਲੋੜ ਨਹੀਂ। ਕਿਉਂਕਿ |
| 10.ਰਾਗ ਥਾਟ ਤੋਂ ਉਤਪੰਨ (ਪੈਦਾ) ਹੁੰਦੇ ਹਨ ਪਰ ਰਾਗ ਦਾ ਨਾਂਅ ਸੁਤੰਤਰ ਹੁੰਦਾ ਹੈ, ਭਾਵ ਰਾਗ ਨੂੰ ਕੋਈ ਵੀ ਨਾਂਅ ਦਿੱਤਾ ਜਾ ਸਕਦਾ ਹੈ। | 10.ਥਾਟ ਦਾ ਨਾਂਅ ਕਰਨ ਉਸ ਦੇ ਨਿਕਲੇ ਕਿਸੀ ਪ੍ਰਸਿੱਧ ਰਾਗ ਦੇ ਨਾਂਅ 'ਤੇ ਕੀਤਾ ਜਾਂਦਾ ਹੈ। |

| | |
|---|---|
| 11.ਹਰੇਕ ਰਾਗ ਕਿਸੀ ਨਾ ਕਿਸੀ ਥਾਟ ਤੋਂ ਪੈਂਦਾ ਮੰਨ ਗਏ ਹਨ ਇਸ ਲਈ ਹਰ ਰਾਗ ਨੂੰ ਜੰਨਿਆ ਰਸਾ ਕਿਹਾ ਜਾਂਦਾ ਹੈ। ਜੰਨਿਆ ਦਾ ਅਰਥ ਹੈ, 'ਜੋ ਪੈਦਾ ਹੋਇਆ ਹੋਵੇ। ਹੋਏ ਹੋਣ। | 11.ਹਰੇਕ ਰਾਗ ਕਿਸੀ ਨਾ ਕਿਸੀ ਥਾਟ ਤੋਂ ਪੈਂਦਾ ਮੰਨਿਆ ਜਾਂਦਾ ਗਿਆ ਹੈ ਇਸ ਲਈ ਹਰੇਕ ਥਾਟ ਨੂੰ ਜਨਕ ਥਾਟ ਕਿਹਾ ਜਾਂਦਾ ਹੈ। 'ਜਨਕ' ਦਾ ਅਰਥ ਹੈ ਪਿਤਾ ਜਿਨ੍ਹਾਂ ਥਾਟਾਂ ਤੋਂ ਰਾਗ ਪੈਦਾ |
| 12.ਥਾਟਾਂ ਦੇ ਅਨੁਸਾਰ ਅਰੋਹ ਅਵਰੋਹ ਕਰਨ ਤੋਂ ਗਣਿਤ ਦੇ ਆਧਾਰ ਤੇ 484 ਰਾਗਾਂ ਦੀ ਉਤਪਤੀ ਹੋ ਸਕਦੀ ਹੈ। ਪਰ ਅੱਜਕਲ੍ਹ ਪ੍ਰਚਾਰ ਵਿਚ ਸਿਰਫ 150, 200 ਰਾਗ ਹੀ ਹਨ। | 12.ਸਪਤਕ ਦੇ ਸ਼ੁੱਧ ਅਤੇ ਇਕ ਸ਼ਵਰਾਂ ਤੋਂ ਗਣਿਤ ਦੇ ਆਧਾਰ 'ਤੇ 72 ਥਾਟਾਂ ਦੀ ਉਤਪਤੀ ਹੋ ਸਕਦੀ ਹੈ। ਹਿੰਦੁਸਤਾਨੀ ਸੰਗੀਤ ਪਧਤੀ ਵਿਚ ਇਹ 72 ਥਾਟਾਂ ਵਿਚੋਂ ਕੁਲ 10 ਥਾਟਾਂ ਦਾ ਹੀ ਪਰ੍ਚਲਿਤ ਹੈ। |

ਅਧਿਆਇ-9

# ਪੰਜਾਬ ਦੇ ਲੋਕ ਸਾਜ਼

ਸਾਡਾ ਸਮੁੱਚਾ ਸੰਗੀਤ ਸਾਜ਼ਾਂ ਦੇ ਸਹਿਯੋਗ ਨਾਲ ਅੱਗੇ ਤੁਰਦਾ ਹੈ। ਪੰਜਾਬ ਪ੍ਰਾਂਤ ਇਸ ਤਰ੍ਹਾਂ ਦਾ ਪ੍ਰਾਂਤ ਹੈ ਜਿਥੇ ਕਈ ਤਿਉਹਾਰ ਜਿਵੇਂ ਵਿਸਾਖੀ, ਲੋਹੜੀ, ਬਸੰਤ ਰੁੱਤ ਦਾ, ਵਿਆਹ ਸ਼ਾਦੀਆਂ ਦੇ ਗਾਏ ਜਾਣ ਵਾਲੇ ਗੀਤ, ਖੁਸ਼ੀ ਤੇ ਪਾਏ ਜਾਣ ਵਾਲੇ ਲੋਕ ਨਾਚ ਜਿਵੇਂ ਗਿੱਧਾ, ਭੰਗੜਾ, ਮਲਵਈ ਗਿੱਧਾ, ਲੁੱਡੀ, ਗੁਰਦੁਆਰਿਆਂ ਤੇ ਮੰਦਿਰਾਂ ਵਿਚ ਉਚਾਰਨ ਕੀਤੇ ਜਾਣ ਵਾਲੇ ਸ਼ਬਦ, ਭਜਨ, ਪੰਜਾਬ ਦੀਆਂ ਪ੍ਰਸਿੱਧ ਲੋਕ ਕਥਾਵਾਂ ਜਿਵੇਂ ਹੀਰ ਰਾਂਝਾ, ਸੱਸੀ ਪੁੰਨੂੰ, ਮਲਕੀ ਆਦਿ ਇਨ੍ਹਾਂ ਸਾਰਿਆਂ ਨਾਲ ਭਿੰਨ-ਭਿੰਨ ਤਰ੍ਹਾਂ ਦੇ ਲੋਕ ਸਾਜ਼ ਲੈ ਅਤੇ ਤਾਲ ਦੇਣ ਲਈ ਵਰਤੇ ਜਾਂਦੇ ਹਨ। ਇਹ ਸਾਰੇ ਲੋਕ ਸਾਜ਼ਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਪੰਜਾਬ ਪ੍ਰਾਂਤ ਵਿਚ ਵੀ ਚਾਰ ਤਰ੍ਹਾਂ ਦੇ ਸਾਜ਼ ਵਰਤੇ ਜਾਂਦੇ ਹਨ ਅਤੇ ਇਨ੍ਹਾਂ ਦੇ ਬਹੁਤ ਪ੍ਰਚਲਨ ਵੀ ਹੈ, ਜਿਸ ਵਿਚ ਸਿਤਾਰ ਵੀਣਾ, ਸਾਰੰਗੀ ਤੱਤ ਵਾਦ ਜਾਂ ਤੰਤੀ ਵਾਦ ਦੀ ਸ਼੍ਰੇਣੀ ਵਿਚ ਆਉਂਦੇ ਹਨ, ਇਨ੍ਹਾਂ ਸਾਜ਼ਾਂ ਦਾ ਪ੍ਰਯੋਗ ਗਜ਼ ਜਾਂ ਕਿਸੀ ਹੋਰ ਚੀਜ਼ ਨਾਲ ਤਾਰ ਤੇ ਕੀਤਾ ਜਾਂਦਾ ਹੈ। ਦੂਜੀ ਸ਼੍ਰੇਣੀ ਹੈ ਅਵਨਦ ਵਾਦ, ਇਸ ਸ਼੍ਰੇਣੀ ਵਿਚ ਚਮੜੇ ਦੀ ਖਲ ਤੋਂ ਮੜੇ ਸਾਜ਼ ਦੀਆਂ ਹੈ ਜਿਵੇਂ ਢੋਲ, ਢੋਲਕੀ, ਤਬਲਾ, ਢੱਡ ਆਦਿ। ਤੀਸਰੀ ਸ਼੍ਰੇਣੀ ਵਿਚ ਸੁਸਿਰਵਾਦ ਆਉਂਦੇ ਹਨ। ਇਨ੍ਹਾਂ ਵਾਦਾਂ ਵਿਚ ਹਵਾ ਭਰਨ 'ਤੇ ਧੁੰਨੀ ਪੈਦਾ ਕਰਦੇ ਹਨ ਭਾਵੇਂ ਇਹ ਹਵਾ ਮੂੰਹ ਨਾਲ ਭਰੀ ਜਾਵੇ ਜਾਂ ਹੱਥ ਦਾ ਪ੍ਰਯੋਗ ਕਰਕੇ, ਜਿਵੇਂ ਬੰਸਰੀ ਹਰਮੋਨੀਅਮ, ਸ਼ਹਿਨਾਈ, ਬੀਨ ਆਦਿ। ਚੌਥੀ ਸ਼੍ਰੇਣੀ ਵਿਚ ਘਨਵਾਦ ਆਉਂਦੇ ਹਨ ਜੋ ਆਪਸੀ ਰਾਗ, ਤੋਂ ਵਜਦੇ ਹਨ ਜਿਵੇਂ ਖੜਤਾਲ, ਚਿਮਟਾ, ਮੰਜੀਰਾ, ਛੁਣਛੁਣਾ ਆਦਿ। ਇਨ੍ਹਾਂ ਚਾਰੋਂ ਸ਼੍ਰੇਣੀ ਦੇ ਲੋਕ ਸਾਜ਼ਾਂ ਨਾਲ ਹੀ ਪੰਜਾਬ ਪ੍ਰਾਂਤ ਦਾ ਸੰਗੀਤ ਅੱਗੇ ਤੁਰਦਾ ਹੈ। ਇਸ ਲਈ ਇਨ੍ਹਾਂ ਸਾਜ਼ਾਂ ਨੂੰ ਪਰੰਪਰਿਕ ਢੰਗ ਨਾਲ ਵਜਾਇਆ ਜਾਂਦਾ ਹੈ। ਪੰਜਾਬ ਪ੍ਰਾਂਤ ਵਿਚ ਵਰਤੇ ਜਾਂਦੇ ਕੁਝ ਲੋਕ ਸਾਜ਼ਾਂ ਬਾਰੇ ਅਸੀਂ ਗੱਲ ਕਰਾਂਗੇ ਜੋ ਹੇਠ ਲਿਖੇ ਹਨ :-

**ਢੋਲ** :-ਪੰਜਾਬ ਦੇ ਲੋਕ ਸਾਜ਼ਾਂ ਵਿਚੋਂ ਢੋਲ ਬਹੁਤ ਹੀ ਮਹੱਤਵਪੂਰਨ ਸਾਜ਼ ਹੈ। ਇਹ ਸਾਜ਼ ਅਵਨਦ ਸਾਜ਼ ਦੀ ਸ਼੍ਰੇਣੀ ਵਿਚ ਆਉਂਦਾ ਹੈ। ਜਿਥੇ ਢੋਲ ਵੀਰਤਾ ਦਾ ਪ੍ਰਤੀਕ ਹੈ ਉਥੇ ਸਮਾਜਿਕ ਜੀਵਨ ਵਿਚ ਵੀ ਉਤਸ਼ਾਹ ਦਾ ਪ੍ਰਤੀਕ ਹੈ।



ਇਸ ਪ੍ਰਯੋਗ ਲੋਕ ਗੀਤ, ਲੋਕ ਨਾਚ, ਭੰਗੜਾ, ਗਿੱਧਾ, ਮਲਵਈ ਗਿੱਧਾ, ਲੁੱਡੀ, ਅਖਾੜਿਆਂ, ਗੱਤਕੇ ਨਾਲ ਬਹੁਤ ਖੂਬੀ ਕੀਤਾ ਜਾਂਦਾ ਹੈ। ਜਦੋਂ ਇਹ ਸਾਜ਼ ਵਜਦਾ ਹੈ ਤਾਂ ਆਪ ਮੁਹਾਰੇ ਹੀ ਪੈਰ ਥਿਰਕਣ ਲੱਗ ਜਾਂਦੇ ਹਨ ਅਤੇ ਮੋਡੇ ਫਰਕਣ ਲੱਗ ਜਾਂਦੇ ਹਨ। ਢੋਲ ਅੰਦਰ ਤੋਂ ਖੋਖਲਾ ਹੁੰਦਾ ਹੈ ਅਤੇ ਇਹ ਲਕੜੀ ਦਾ ਬਣਿਆ ਹੁੰਦਾ ਹੈ। ਇਸ ਦੇ ਦੋ ਹਿੱਸੇ ਹੁੰਦੇ ਹਨ, ਸੱਜਾ ਅਤੇ ਖੱਬਾ। ਇਹ ਦੋਵੇਂ ਹਿੱਸੇ ਬੱਕਰੇ ਦੀ ਖੱਲ ਨਾਲ ਮੜੇ ਹੁੰਦੇ ਹਨ। ਚਮੜੇ ਨੂੰ ਕੱਸਣ ਲਈ ਰੱਸੀ ਦੀ ਵਰਤੋਂ ਕੀਤੀ ਜਾਂਦੀ ਹੈ। ਸੱਜੇ ਪਾਸੇ ਦੇ ਢੋਲ ਨੂੰ ਉੱਚੇ ਸਵਰ ਵਿਚ ਅਤੇ ਖੱਬੇ ਪਾਸੇ ਦੇ ਢੋਲ ਨੂੰ ਨੀਵੇਂ ਸਵਰ ਨਾਲ ਮਿਲਾਇਆ ਜਾਂਦਾ ਹੈ। ਸਵਰ ਉੱਚਾ ਨੀਵਾਂ ਕਰਨ ਲਈ ਰੱਸੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਵਿਚ ਛੱਲੇ ਪਾਏ ਜਾਂਦੇ ਹਨ। ਇਨ੍ਹਾਂ ਛੱਲਿਆਂ ਨੂੰ ਕੱਸਣ ਤੇ ਸਵਰ ਉੱਚਾ ਨੀਵਾਂ ਹੁੰਦਾ ਹੈ। ਢੋਲ ਨੂੰ ਰੱਸੀ ਨਾਲ ਪਰੋ ਕੇ ਮੋਢੇ ਤੇ ਰੱਸੀ ਨਾਲ ਲਟਕਾਕੇ ਲਕੜੀ ਜਾਂ ਬਾਂਸ ਦੀਆਂ ਛੜੀਆਂ ਨਾਲ ਵਜਾਇਆ ਜਾਂਦਾ ਹੈ। ਢੋਲ ਦੇ ਖੱਬੇ ਪਾਸੇ ਹਾਕੀ ਦੀ ਸ਼ਕਲ ਦੀ ਇਕ ਛੜ ਮਾਰੀ ਜਾਂਦਾ ਹੈ ਜਿਸ ਨੂੰ ਡਗਾ ਕਹਿੰਦੇ ਹਨ। ਢੋਲ ਤੇ ਕਹਿਰਵਾ ਤਾਲ, ਦਾਦਰਾ, ਭੰਗੜਾ ਤਾਲ ਆਦਿ ਵਜਾਈਆਂ ਜਾਂਦੀਆਂ ਹਨ।

**ਢੋਲਕੀ** :-ਪੰਜਾਬ ਦੇ ਲੋਕ ਗੀਤਾਂ ਵਿਚ ਢੋਲਕੀ ਦਾ ਖਾਸ ਸਥਾਨ ਹੈ। ਪੰਜਾਬ ਦਾ ਕੋਈ ਵੀ ਅਜਿਹਾ ਲੋਕ ਗੀਤ ਨਹੀਂ ਜਿਸ ਵਿਚ ਇਹ ਸਾਜ਼ ਨਾ ਵੱਜਦਾ ਹੋਵੇ। ਪੰਜਾਬ ਦਾ ਪ੍ਰਸਿੱਧ ਲੋਕ ਨਾਚ ਗਿੱਧਾ, ਵਿਆਹ-ਸ਼ਾਦੀਆਂ ਤੇ ਗਾਏ ਜਾਣ ਵਾਲੇ ਲੋਕ ਗੀਤ, ਮੰਦਰਾਂ ਵਿਚ ਗਾਏ ਜਾਣ ਵਾਲੇ ਭਜਨ, ਜਗਰਾਤਿਆਂ ਵਿਚ ਗਾਏ ਜਾਣ ਵਾਲੇ ਭਜਨ, ਪ੍ਰਭਾਤ ਫੇਰੀਆਂ ਵਿਚ, ਗੁਰਦੁਆਰਿਆਂ ਵਿਚ ਸ਼ਬਦਾਂ ਦੇ ਨਾਲ ਇਸ ਸਾਜ਼ ਦੀ ਵਰਤੋਂ ਬਾਖੂਬੀ ਕੀਤੀ ਜਾਂਦੀ ਹੈ।



ਢੋਲਕੀ ਸ਼ੀਸ਼ਮ, ਅੰਬ, ਸਾਗਵਾਨ, ਦੇਵਦਾਰ ਆਦਿ ਦੀ ਲਕੜੀ ਨੂੰ ਅੰਦਰੋਂ ਖੋਖਲਾ ਕਰਕੇ ਬਣਾਈ ਜਾਂਦੀ ਹੈ। ਇਸ ਦੇ ਦੋ ਹਿੱਸੇ ਹੁੰਦੇ ਹਨ-ਸੱਜਾ ਅਤੇ ਖੱਬਾ। ਇਨ੍ਹਾਂ ਦੋਹਾਂ ਪਾਸਿਆਂ 'ਤੇ ਬੱਕਰੇ ਦੀ ਖੱਲ ਮੜੀ ਅਤੇ ਜਾਂਦੀ ਹੈ ਅਤੇ ਸੂਤ ਦੀਆਂ ਰੱਸੀਆਂ ਵਿਚ ਪਿੱਤਲ ਜਾਂ ਲੋਹੇ ਦੇ ਛੱਲੇ ਢੋਲਕੀ ਨੂੰ ਕੱਸਣ ਜਾਂ ਢਿੱਲਾ ਕਰਨ ਲਈ ਲਗਾਏ ਜਾਂਦੇ ਹਨ। ਢੋਲਕੀ ਦੇ ਸੱਜੇ ਮੂੰਹ 'ਤੇ ਅੰਦਰ ਖਾਸ ਕਿਸਮ ਦਾ ਮਸਾਲਾ ਲਗਾਇਆ ਜਾਂਦਾ ਹੈ ਜਿਸ ਨਾਲ ਆਵਾਜ਼ ਭਾਰੀ ਨਿਕਲਦੀ ਹੈ। ਢੋਕੀ ਨੂੰ ਦੋਨੋਂ ਹੱਥਾਂ ਦੀਆਂ ਹਥੇਲੀਆਂ ਤੇ ਉਂਗਲੀਆਂ ਦੇ ਸਹਾਰੇ ਵਜਾਇਆ ਜਾਂਦਾ ਹੈ। ਕਈ ਵਾਰ ਵਾਦਕ ਇਸ ਨੂੰ ਹੋਰ ਰੌਚਿਕ ਬਣਾਉਣ ਲਈ ਅੰਗੂਠੇ ਵਿਚ ਛੱਲਾ ਜਾਂ ਗੁੱਟ 'ਤੇ ਘੁੰਗਰੂ ਬੰਨ੍ਹ ਲੈਂਦੇ ਹਨ ਜਦੋਂ ਢੋਲਕੀ ਵਜਦੀ ਹੈ ਤਾਂ ਛੱਲੇ ਤੇ ਘੁੰਗਰੂ ਦੀ ਆਵਾਜ਼ ਬਹੁਤ ਹੀ ਪ੍ਰਭਾਵਸ਼ਾਲੀ ਲਗਦੀ ਹੈ। ਢੋਲਕੀ ਦਾ ਪ੍ਰਯੋਗ ਲੋਕ ਗੀਤਾਂ, ਲੋਕ ਗਥਾਵਾਂ ਜਿਵੇਂ ਮਲਕੀ, ਮਿਰਜ਼ਾ ਸਾਹਿਬਾ, ਜੱਗਾ ਆਦਿ ਨਾਲ ਵਜਾਈ ਜਾਂਦੀ ਹੈ।

**ਢੱਡ** :-ਇਸ ਸਾਜ਼ ਦਾ ਪ੍ਰਯੋਗ ਪੰਜਾਬ ਵਿਚ ਬਹੁਤ ਕੀਤਾ ਜਾਂਦਾ ਹੈ। ਇਹ ਸਾਜ਼ ਬਹੁਤ ਹੀ ਪ੍ਰਾਚੀਨ ਸਾਜ਼ਾਂ ਵਿਚੋਂ



ਇਕ ਹੈ। ਇਹ ਡਮਰੂ, ਡਰੂ, ਡਿਮਡਿਮ ਆਦਿ ਸਾਜ਼ਾਂ ਦੀ ਜਾਤੀ ਵਿਚੋਂ ਹੈ। ਇਸ ਸਾਜ਼ ਦੀ ਸੰਗੀਤ ਸਾਰੰਗੀ ਸਾਜ਼ ਨਾਲ ਜ਼ਿਆਦਾ ਕੀਤੀ ਜਾਂਦੀ ਹੈ। ਜਦੋਂ ਇਹ ਦੋਵੇਂ ਸਾਜ਼ (ਢੱਡ ਅਤੇ ਸਾਰੰਗੀ) ਇਕੱਠੇ ਵਜਦੇ ਹਨ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ। ਪੰਜਾਬ ਦੇ ਢਾਡੀ, ਵਾਰਾਂ, ਕਲੀਆਂ, ਕਿੱਸੇ, ਧਾਰਮਿਕ ਗਾਥਾਵਾਂ ਆਦਿ ਨਾਲ ਢੱਡ ਸਾਜ਼ ਵਜਾਇਆ ਜਾਂਦਾ ਹੈ। ਢੱਡ, ਅੰਬ, ਸ਼ਹਿਤੂਤ, ਟਾਲੀ ਜਾਂ ਸ਼ੀਸ਼ਮ ਦੀ ਲਕੜੀ ਤੋਂ ਬਣਾਈ ਜਾਂਦੀ ਹੈ। ਇਸ ਦਾ ਵਿਚਕਾਰਲਾ ਭਾਗ ਅੰਦਰ ਨੂੰ ਹੁੰਦਾ ਹੈ। ਇਸ ਦੇ ਦੋਵੇਂ ਮੂੰਹ ਗੋਲਾਈ ਵਿਚ ਹੁੰਦੇ ਹਨ ਜਿਸ ਉੱਤੇ ਚਮੜੇ ਦੇ ਪੁੜੇ ਚੜ੍ਹਾਏ ਜਾਂਦੇ ਹਨ। ਦੋਹਾਂ ਪਾਸਿਆਂ ਤੋਂ ਸੂਥ ਦੀ ਪਤਲੀ ਰੱਸੀ ਨਾਲ ਸੱਤ, ਅੱਠ ਥਾਵਾਂ ਤੋਂ ਬੰਨਿਆ ਜਾਂਦਾ ਹੈ। ਇਸ ਵਿਚ ਰੱਸੀ ਵਾਧਾ ਤੇ ਲੰਬੀ ਰੱਖੀ ਜਾਂਦੀ ਹੈ ਜਿਸ ਨੂੰ ਢੱਡ ਦੇ ਵਿਚਲੇ ਹਿੱਸੇ ਤੋਂ ਲਪੇਟ ਲਿਆ ਜਾਂਦੀ ਹੈਤੇ ਫਿਰ ਢੱਡ ਨੂੰ ਵਜਾਉਂਦੇ ਹੋਏ ਇਸ ਰੱਸੀ ਨੂੰ ਬਾਰ-ਬਾਰ ਖਿੱਚਿਆ ਜਾਂਦਾ ਹੈ ਤੇ ਢੱਡ ਢਿੱਲਾ ਕੀਤਾ ਜਾਂਦਾ ਹੈ। ਰੱਸੀ ਦੇ ਖਿੱਚੇ ਜਾਣ 'ਤੇ ਹੀ ਢੱਡ ਦੇ ਦੋਵਾਂ ਪਾਸਿਆਂ ਦਾ ਚਮੜਾ ਕੱਸਿਆ ਜਾਂਦਾ ਹੈ ਤੇ ਉਸ ਤੋਂ ਸੁਰ ਪੈਦਾ ਕੀਤਾ ਜਾਂਦਾ ਹੈ। ਵਾਦਕ ਇਕ ਹੱਥ ਵਿਚਤ ਢੱਡ ਨੂੰ ਫੜ ਕੇ ਤੇ ਦੂਜੇ ਹੱਥ ਦੀਆਂ ਉਂਗਲਾਂ ਨਾਲ ਇਸ ਨੂੰ ਵਜਾਉਂਦਾ ਹੈ ਤੇ ਬਾਰ-ਬਾਰ ਇਸ ਦੀ ਰੱਸੀ ਤੇ ਸਹਾਰੇ ਸੁਰ ਉੱਚਾ ਤੇ ਨੀਵਾਂ ਕਰਦਾ ਰਹਿੰਦਾ ਹੈ।

**ਸਾਰੰਗੀ** :-ਜਿਵੇਂ ਸਾਰੰਗੀ ਦੇ ਨਾਂਅ ਤੋਂ ਹੀ ਸਪੱਸ਼ਟ ਹੈ ਕਿ ਸੌ ਰੰਗਾਂ ਵਾਲੀ ਇਹ ਪੰਜਾਬ ਦਾ ਪ੍ਰਸਿੱਧ ਸਾਜ਼ ਹੈ। ਇਸ ਨੂੰ ਗੰਭੀਰ ਪ੍ਰਕਿਰਤੀ ਦਾ ਸਾਜ਼ ਮੰਨਿਆ ਗਿਆ ਹੈ। ਇਸ ਦਾ ਢੱਡ ਨਾਲ ਪ੍ਰਯੋਗ ਬਹੁਤ ਕੀਤਾ ਜਾਂਦਾ ਹੈ। ਇਸ ਦਾ



ਪ੍ਰਯੋਗ ਵਾਰ, ਲੋਕ-ਗਾਥਾ, ਧਾਰਮਿਕ ਗਾਥਾਵਾਂ,ਸ ਸ਼ਾਸਤਰੀ ਸੰਗੀਤ, ਲੋਕ ਗੀਤਾਂ ਨਾਲ ਕੀਤਾ ਜਾਂਦਾ ਹੈ। ਸ਼ਾਸਤਰੀ ਸੰਗੀਤ ਵਿਚ ਸਾਰੰਗੀ ਨਾਲ ਤਬਲਾ ਵਜਾਇਆ ਜਾਂਦਾ ਹੈ। ਸਾਰੰਗੀ ਨੂੰ ਲਕੜੀ ਨਾਲ ਘੜ ਕੇ ਬਣਾਇਆ ਜਾਂਦਾ ਹੈ ਸਿ ਉੱਤੇ ਚਮੜਾ ਮੜ੍ਹ ਦਿੱਤਾ ਜਾਂਦਾ ਹੈ। ਇਸ ਚਮੜੇ ’ਤੇ ਊਠ ਦੀ ਹੱਡੀ ਦੀ ਘੋੜੀ ਟਿਕਾਈ ਜਾਂਦੀ ਹੈ। ਇਸ ਘੋੜੀ ਤੇ ਖੁਟਿਆਂ ਵੱਲੋਂ ਚਮੜੇ ਦੀਆਂ ਚਾਰ ਤਾਰਾਂ ਲਗਾਈਆਂ ਜਾਂਦੀਆਂ ਹਨ। ਸਾਰੰਗੀ ਨੂੰ ਕਮਾਨ ਦੀ ਮਦਦ ਨਾਲ ਵਜਾਇਆ ਜਾਂਦਾ ਹੈ। ਖੱਬੇ ਹੱਥ ਦੀਆਂ ਉਂਗਲੀਆਂ ਦੇ ਨਹੁੰਆਂ ਨਾਲ ਤਾਰਾਂ ਨੂੰ ਪਿੱਛੇ ਤੋਂ ਛੂਹ ਕੇ ਆਪਣੀ ਮਰਜ਼ੀ ਨਾਲ ਸੁਰ ਕੱਢੇ ਜਾਂਦੇ ਹਨ। ਇਸ ਸਾਜ਼ ਨੂੰ ਵਜਾਉਣਾ ਸੌਖਾ ਨਹੀਂ ਇਸ ਦੇ ਸਵਰ ਅਭਿਆ ਨਾਲ ਹੀ ਕੱਢੇ ਜਾ ਸਕਦੇ ਹਨ। ਅੱਜ ਦੇ ਨੌਜਵਾਨ ਇਸ ਨੂੰ ਬਹੁਖੂਬੀ ਨਾਲ ਵਜਾ ਰਹੇ ਹਨ। ਅੱਜ ਦੇ ਪ੍ਰਸਿੱਧ ਸਾਰੰਗੀ ਵਾਦਕਾਂ ਵਿਚੋਂ, ਮੋਹਨ ਸਿੰਘ ਸੀਤਲ, ਨਰਾਇਣ ਸਿੰਘ, ਦੀਦਾਰ ਸਿੰਘ, ਪਾਲ ਸਿੰਘ, ਅਮਰ ਸਿੰਘ ਆਦਿ।

**ਨਗਾੜਾ** :-ਇਹ ਇਕ ਅਵਨਦ ਸਾਜ਼ ਹੈ। ਇਸ ਨੂੰ ਬਹੁਤ ਹੀ ਪ੍ਰਾਚੀਨ ਸਾਜ਼ ਮੰਨਿਆ ਜਾਂਦਾ ਹੈ ਕਿਉਂਕਿ ਪਹਿਲਾਂ ਯੁੱਧਾਂ ਦੀ ਚਿਤਾਵਨੀ, ਜਾਂ ਰਾਜੇ ਦੇ ਫੁਰਮਾਨ ਲਈ ਜਨਤਾ ਨੂੰ ਇਕੱਠਾ ਕਰਨ ਲਈ ਜਾਂ ਕੋਈ ਜਨਤਕ ਸੂਚਨਾ ਲਈ



ਇਸ ਸਾਜ਼ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਸਾਜ਼ ਤਾਲ ਪ੍ਰਧਾਨ, ਵੀਰ ਰਸ ਦਾ ਪ੍ਰਤੀਕ ਹੈ। ਪੰਜਾਬ ਵਿਚ ਗੁਰਦੁਆਰਿਆਂ ਵਿਚ ਜਾਂ ਧਾਰਮਿਕ ਸਮਾਰੋਹਾਂ ਵਿਚ ਇਸ ਸਾਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦਾ ਖੋਲ ਲੋਹੇ ਦੇ ਧਾਤੂ ਤੋਂ ਬਣਿਆ ਹੁੰਦਾ ਹੈ ਅਤੇ ਇਸ ਦੇ ਉੱਪਰ ਮੱਝ ਦੀ ਖੱਲ ਮੜੀ ਹੁੰਦੀ ਹੈ। ਫਿਰ ਇਸ ਨੂੰ ਚਮੜੇ ਦੀ ਰੱਸੀ ਨਾਲ ਕੱਸ ਦਿੱਤਾ ਜਾਂਦਾ ਹੈ। ਇਸ ’ਤੇ ਵੀ ਸੂਤ ਦੀਆਂ ਅੱਠ ਤੋਂ ਦਸ ਬਦਰੀਆਂ ਮੜੀਆਂ ਜਾਂਦੀਆਂ ਹਨ, ਜਿਸ ਨਾਲ ਨਗਾੜੇ ਨੂੰ ਸੁਰ ਦਿੱਤਾ ਜਾਂਦਾ ਹੈ। ਨਗਾੜੇ ਨੂੰ ਤਪਾਈ ਤੇ ਰੱਖ ਕੇ ਦੋ ਡੰਡਿਆਂ ਨਾਲ ਵਜਾਇਆ ਜਾਂਦਾ ਹੈ।



**ਅਲਗੋਜ਼ਾ** :-ਅਲਗੋਜ਼ੇ ਦਾ ਪੰਜਾਬ ਦੇ ਲੋਕ ਨਾਚਾਂ ਅਤੇ ਗੀਤਾਂ ਵਿਚ ਬਹੁਤ ਜ਼ਿਆਦਾ ਸਥਾਨ ਹੈ। ਲੋਕ ਨਾਚਾਂ ਅਤੇ ਗੀਤਾਂ ਵਿਚ ਇਹ ਸਾਜ਼ ਚਾਰ ਚੰਨ ਲਗਾ ਦਿੰਦਾ ਹੈ। ਅਲਗੋਜ਼ਾ, ਬੰਸੁਰੀ, ਸ਼ਹਿਨਾਈ ਦੀ ਜਾਤੀ ਵਿਚੋਂ ਹੈ। ਇਹ ਸਾਜ਼ ਖੋਖਲੇ ਬਾਂਸ ਤੋਂ ਬਣਾਇਆ ਜਾਂਦਾ ਹੈ। ਅਲਗੋਜ਼ੇ ਵਿਚ ਚਾਰ ਤੋਂ ਸੱਤ ਤੱਕ ਛੇਕ ਹੁੰਦੇ ਹਨ, ਉੱਪਰੋਂ ਇਕੱਠੀ ਫੂਕ ਮਾਰਨ ਤੋਂ ਦੋਹਾਂ ਅਲਗੋਜ਼ਿਆਂ ਵਿਚ ਧਵਨੀ ਪੈਂਦਾ ਹੁੰਦੀ ਹੈ। ਇਹ ਸਾਜ਼ ਦੋਹਾਂ ਹੱਥਾਂ ਤੋਂ ਫੜ ਕੇ ਵਜਾਇਆ ਜਾਂਦਾ ਹੈ। ਦੋਵਾਂ ਅਲਗੋਜ਼ਿਆਂ ਤੇ ਭਿੰਨ-ਭਿੰਨ ਉਂਗਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਸਾਜ਼ ਨੂੰ ਸੁਤੰਰਤ ਰੂਪ ਵਿਚ ਵਜਾਇਆ ਜਾਂਦਾ ਹੈ। ਇਸ ਸਾਜ਼ ਦਾ ਸਵਰ ਬਹੁਤ ਉੱਚਾ ਹੁੰਦਾ ਹੈ। ਇਸ ਲਈ ਗਾਇਕ ਨੂੰ ਉੱਚੇ

ਸੁਰ ਵਿਚ ਗਾਉਣਾ ਪੈਂਦਾ ਹੈ। ਇਸ ਉੱਤੇ ਰੰਗ-ਬਿਰੰਗੇ ਧਾਰੀਆਂ ਦੀਆਂ ਗੁੱਤਾਂ ਬਣਾ ਕੇ ਸਜਾਵਟ ਕੀਤੀ ਜਾਂਦੀ ਹੈ। ਪੰਜਾਬ ਵਿਚ ਇਸ ਸਾਜ਼ ਦੀ ਵਰਤੋਂ ਗਿੱਧੇ, ਭੰਗੜੇ ਦੀਆਂ ਬੋਲੀਆਂ ਨਾਲ ਕੀਤੀ ਜਾਂਦੀ ਹੈ।

**ਬੰਸੁਰੀ** :-ਬੰਸੁਰੀ ਬਹੁਤ ਹੀ ਪ੍ਰਾਚੀਨ ਸਾਜ਼ ਹੈ। ਪੰਜਾਬ ਦੇ ਮੰਦਿਰਾਂ 'ਚ ਲੋਕ ਨਾਚਾਂ, ਲੋਕ ਗਾਥਾਵਾਂ ਵਿਚ ਪ੍ਰਯੋਗ ਕੀਤੀ ਜਾਂਦੀ ਹੈ। ਹੀਰ ਰਾਂਝਾ ਵਿਚ ਬੰਸੁਰੀ ਨੂੰ ਰਾਂਝੇ ਦੀ ਵੰਝਲੀ ਕਿਹਾ ਗਿਆ ਹੈ ਕਿਉਂਕਿ ਰਾਂਝਾਂ ਆਪ ਬੰਸੁਰੀ ਵਜਾਉਂਦਾ ਸੀ। ਬੰਸੁਰੀ ਬਾਂਸ ਜਾਂ ਹੋਰ ਧਾਤਾਂ ਦੀ ਬਣਾਈ ਜਾਂਦੀ ਹੈ, ਪਰ ਬਾਂਸ ਦੀ ਬੰਸੁਰੀ ਨੂੰ ਚੰਗਾ ਮੰਨਿਆ ਜਾਂਦਾ



ਹੈ। ਪਰ ਇਹ ਗਰਮੀ ਦੇ ਮੌਸਮ ਵਿਚ ਤਿੜਕ ਕੇ ਫੱਟ ਜਾਂਦੀ ਹੈ। ਪੰਜਾਬ ਵਿਚ ਬਾਂਸ ਦੀ ਬੰਸੁਰੀ ਹੀ ਪ੍ਰਚਲਿਤ ਹੈ। ਇਸ ਦੇ ਦੋਵੇਂ ਪਾਸੇ ਬਾਂਸ ਦੀ ਗੰਢ ਨਾਲ ਬੰਦ ਹੁੰਦੇ ਹਨ। ਬੰਸੁਰੀ ਦੇ ਖੱਬੇ ਪਾਸੇ ਇਕ ਦੋ ਇੰਚ ਜਗ੍ਹਾ ਛੱਡ ਕੇ ਸੁਰਾਖ ਕੀਤੇ ਜਾਂਦੇ ਹਨ। ਇਸ ਰਾਹੀਂ ਵਾਦਕ ਬੰਸੁਰੀ ਵਿਚ ਰਾਗ ਭਰ ਕੇ ਵਾਦਕ ਬੰਸੁਰੀ ਨੂੰ ਦੋਵੇਂ ਹੱਥਾਂ ਨਾਲ ਵਜਾਉਂਦਾ ਹੈ। ਬੰਸੁਰੀ ਨੂੰ ਫੜਨ ਵਾਸਤੇ ਸੱਜੇ ਹੱਥ ਦੀਆਂ ਉਂਗਲਾਂ ਨੂੰ ਹੇਠਲੇ ਤਿੰਨ ਸੁਰਾਖਾਂ ਉੱਤੇ ਟਿਕਾਇਆ ਜਾਂਦਾ ਹੈ ਅਤੇ ਖੱਬੇ ਹੱਥ ਦੀਆਂ ਤਿੰਨ ਉਂਗਲਾਂ ਨੂੰ ਉਪਰਲੇ ਤਿੰਨ ਸੁਰਾਖਾਂ ਉੱਤੇ ਰੱਖੀਆਂ ਜਾਂਦੀਆਂ ਹਨ। ਜਦੋਂ ਸਾਰੇ ਸੁਰਾਖ ਚੰਗੀ ਤਰ੍ਹਾਂ ਬੰਦ ਹੋ ਜਾਂਦੇ ਹਨ ਤਾਂ ਹਲਕੀ ਜਿਹੀ ਫੂਕ ਲਗਾਈ ਜਾਂਦੀ ਹੈ ਤੇ ਹੇਠਾਂ ਤੋਂ ਇਕ-ਇਕ ਸੁਰਾਖ ਖੁੱਲਦੇ ਜਾਂਦੇ ਤੇ ਸੁਰ ਪੈਦਾ ਕੀਤੇ ਜਾਂਦੇ ਹਨ। ਬੰਸੁਰੀ ਉੱਤੇ ਪੁਰਾਣੇ ਗੀਤਾਂ ਦੀਆਂ ਧੁਨਾਂ, ਲੋਕ ਗੀਤ, ਲੋਕ ਗਧਾਵਾਂ, ਹੀਰ ਰਾਂਝਾ, ਸੱਸੀ-ਪੁੰਨੂੰ, ਮਿਰਜ਼ਾ ਸਾਹਿਬਾਂ ਦੇ ਕਿੱਸੇ ਵੀ ਗਾਏ ਜਾਂਦੇ ਹਨ।

**ਤੂੰਬੀ** :-ਤੂੰਬੀ ਪੰਜਾਬ ਦਾ ਬਹੁਤ ਪ੍ਰਾਚੀਨ ਸਾਜ਼ ਹੈ। ਇਹ ਸਾਜ਼ ਲੌਕੀ ਜਾਂ ਕੱਦੂ ਨੂੰ ਖੋਖਲਾ ਕਰਕੇ ਬਣਾਇਆ ਜਾਂਦਾ ਹੈ। ਇਸ ਉੱਤੇ ਇਕੱ ਫੁੱਟ ਤੋਂ ਡੇਢ ਫੁੱਟ ਤੱਕ ਦਾ ਲੰਬਾ ਲਕੜੀ ਦਾ ਡਾਂਡ ਲਗਾਇਆ ਜਾਂਦਾ ਹੈ। ਖੋਲ ਦੀ



ਚੌੜਾਈ ਦਸ ਸੈਂਟੀ ਮੀਟਰ ਤੱਕ ਦੀ ਹੁੰਦੀ ਹੈ। ਖੋਲ ਦੇ ਮੂੰਹ 'ਤੇ ਚਮੜੇ ਦੀ ਪਤਲੀ ਖੱਲ ਚੜ੍ਹਾਈ ਹੁੰਦੀ ਹੈ। ਡਾਂਡ ਦੇ ਉਪਰਲੇ ਪਾਸੇ ਖੱਬੇ ਹੱਥ ਦੀ ਲਕੜੀ ਤੇ ਇਕ ਖੁੰਟੀ ਲਗਾਈ ਜਾਂਦੀ ਹੈ। ਇਸ ਖੂੰਟੀ ਵਿਚੋਂ ਤਾਰ ਨੂੰ ਪਰੋ ਕੇ ਲਕੜੀ ਦੀ ਖੋਲ ਵਿਚੋਂ ਨਿਕਲੇ ਵਾਧੂ ਡੰਡੇ ਨਾਲ ਬੰਨੀ ਜਾਂਦੀ ਹੈ। ਚਮੜੇ ਦੀ ਖੱਲ ਉੱਤੇ ਬਾਂਸ ਜਾਂ ਲਕੜੀ ਦਾ ਇਕ ਟੁਕੜਾ ਰਖਿਆ ਜਾਂਦਾ ਹੈ ਜਿਸ ਨੂੰ ਘੋੜੀ ਕਹਿੰਦੇ ਹਨ। ਖੂੰਟੀ ਨੂੰ ਘੁਮਾਉਣ ਨਾਲ ਆਵਾਜ਼ ਵਿਚ ਉਤਾਰ ਚੜ੍ਹਾਵ ਆਉਂਦਾ ਹੈ। ਇਸ ਸਾਜ਼ ਨੂੰ ਸੱਜੇ ਹੱਥ ਦੀ ਪਹਿਲੀ ਉਂਗਲ ਵਿਚ ਮਿਜ਼ਰਾਬ ਪਾ ਕੇ ਵਜਾਇਆ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਵਿਚ ਜੋ ਸਥਾਨ ਇਸ ਸਾਜ਼ ਨੂੰ ਹੈ ਸ਼ਾਇਦ ਹੀ ਕਿਸੇ ਹੋਰ ਸਾਜ਼ ਨੂੰ ਪ੍ਰਾਪਤ ਹੋਵੇ।

**ਚਿਮਟਾ** :-ਚਿਮਟਾ ਇਕ ਪ੍ਰਸਿੱਧ ਲੋਕ ਸਾਜ਼ ਹੈ। ਇਸ ਸਾਜ਼ ਨੂੰ ਭਜਨ, ਭੰਗੜੇ, ਕੀਰਤਨ, ਨਗਰ ਕੀਰਤਨ, ਪ੍ਰਭਾਤ ਫੇਰੀ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਚਿਮਟੇ ਦੀ ਲੰਬਾਈ 4 ਫੁੱਟ ਤੱਕ ਦੀ ਹੁੰਦੀ ਹੈ ਅਤੇ ਇਹ ਲੋਹੇ ਦਾ ਹੁੰਦਾ ਹੈ। ਇਸ ਦੇ ਉਪਰਲੇ ਪਾਸੇ ਲੋਹੇ ਦੀ ਇਕ ਗੋਲ ਕੜਾ ਪਾਇਆ ਜਾਂਦਾ ਹੈ। ਇਸ ਕੜੇ ਨੂੰ ਖੱਬੇ ਹੱਥ ਨਾਲ ਚਿਮਟੇ ਤੇ ਮਾਰਿਆ ਜਾਂਦਾ ਹੈ ਅਤੇ ਸੱਜੇ ਹੱਥ ਨਾਲ ਦੋਨਾਂ ਪਤਰਿਆਂ ਨੂੰ ਆਪਸ ਵਿਚ ਰਗੜਿਆ ਜਾਂਦਾ ਹੈ। ਚਿਮਟੇ ਦੇ ਦੋਨੋਂ ਪਤਰਿਆਂ



ਵਿਚ ਸੱਤ ਤੋਂ ਅੱਠ ਜਗ੍ਹਾ 'ਤੇ ਲੋਹੇ ਜਾਂ ਪਿੱਤਲ ਦੇ ਛੱਲੇ ਲਗਾਏ ਜਾਂਦੇ ਹਨ ਦੋ ਦੋਨਾਂ ਪਤਰਿਆਂ ਨੂੰ ਆਪਸ ਟਕਰਾਇਆ ਜਾਂਦਾ ਹੈ ਤੇ ਬਹੁਤ ਧੁਨੀ ਨਿਕਲਦੀ ਹੈ। ਵੱਡੇ ਚਿਮਟੇ ਦੇ ਆਕਾਰ ਦੇ ਛੈਣੇ ਦਿਹਾਤੀ ਵਾਜੇ ਨਾਲ ਅਤੇ ਛੋਟੇ ਆਕਾਰ ਦੇ ਛੈਣੇ ਵਾਲੇ ਚਿਮਟਿਆਂ ਦੀ ਵਰਤੋਂ ਭੰਗੜੇ, ਕੀਰਤਨ ਤੇ ਭਜਨਾਂ ਆਦਿ ਨਾਲ ਕੀਤੀ ਜਾਂਦੀ ਹੈ। ਕਈ ਨੌਜਵਾਨ ਭੰਗੜੇ, ਕੀਰਤਨ ਤੇ ਭਜਨਾਂ ਆਦਿ ਨਾਲ ਕੀਤੀ ਜਾਂਦੀ ਹੈ। ਕਈ ਨੌਜਵਾਨ ਭੰਗੜੇ ਵਿਚ ਇਸ ਨੂੰ ਇਕ ਹੱਥ ਨਾਲ ਵਜਾਉਂਦੇ ਹਨ ਤੇ ਆਪ ਵੀ ਜੋਸ਼ ਵਿਚ ਆਉਂਦੇ ਹਨ।

**ਖੜਤਾਲ** :-ਖੜਤਾਲ ਨੂੰ ਖਰਤਾਲ ਦੇ ਨਾਲ ਵੀ ਜਾਣਿਆਂ ਜਾਂਦਾ ਹੈ। ਪੁਰਾਣੇ ਜ਼ਮਾਨੇ ਵਿਚ ਸਾਧੂ ਸੰਤ ਇਸ ਸਾਜ਼ ਦੀ ਵਰਤੋਂ ਕਰਦੇ ਸਨ ਅਤੇ ਨਾਲ ਭਜਨ ਉਚਾਰਨ ਕਰਦੇ ਸਨ। ਨਾਰਦਮੁਨੀ ਦੇ ਹੱਥ ਵਿਚ ਖੜਤਾਲ ਵੇਖਣ ਨੂੰ ਮਿਲਦੀ ਹੈ। ਪੰਜਾਬ ਵਿਚ ਇਸ ਸਾਜ਼ ਦੀ ਵਰਤੋਂ ਮੰਦਿਰਾਂ, ਗੁਰਦੁਆਰਿਆਂ ਵਿਚ ਭਜਨ ਤੇ ਕੀਰਤਨ ਨਾਲ ਕੀਤੀ ਜਾਂਦੀ ਹੈ। ਇਹ ਲਕੜੀ ਦੇ ਟੁਕੜੇ ਤੋਂ ਬਣਾਈ ਜਾਂਦੀ ਹੈ। ਇਨ੍ਹਾਂ ਵਿਚ ਪਿੱਤਲ ਜਾਂ ਲੋਹੇ ਦੇ ਗੋਲ ਆਕਾਰ ਦੇ ਛੱਲੇ ਲਗਾਏ ਜਾਂਦੇ ਹਨ। ਇਹ ਸਾਜ਼ ਇਕ ਹੀ ਹੱਥ ਨਾਲ ਫੜ ਕੇ ਵਜਾਇਆ ਜਾਂਦਾ ਹੈ। ਇਸ ਸਾਜ਼ ਵਿਚ ਅੰਗੂਠਾ ਪਾਉਣ ਦੀ ਥਾਂ ਹੁੰਦੀ ਹੈ ਤੇ ਦੂਜੇ ਪਾਸੇ ਚਾਰ ਉਂਗਲੀਆਂ ਪਾਉਣ ਦਾਂ ਥਾਂ ਹੁੰਦੀ ਹੈ। ਇਨ੍ਹਾਂ ਦੋਹਾਂ ਟੁਕੜਿਆਂ ਨੂੰ ਆਪਸ ਵਿਚ ਖੜਕਾਉਣ ਤੇ ਆਵਾਜ਼ ਨਿਕਲਦੀ ਹੈ। ਕਿਹਾ ਜਾਂਦਾ ਹੈ ਕਿ ਮਰਾਂ ਬਾਈ ਨੇ ਖੜਤਾਲ ਨਾਲ ਭਜਨ ਕੀਰਤਨ ਕਰਦਿਆਂ ਖੁਦਾ ਦੀ ਪ੍ਰਾਪਤੀ ਕੀਤੀ।



**ਸੱਪ** :-ਪੰਜਾਬ ਦੇ ਲੋਕ ਨਾਚ ਭੰਗੜੇ ਦਾ ਇਹ ਇਕ ਮੁੱਖ ਸਾਜ਼ ਹੈ। ਇਸ ਨੂੰ ਸੱਪ ਇਸ ਲਈ ਕਹਿੰਦੇ ਹਨ ਕਿਉਂਕਿ ਇਸ ਦੀ ਬਨਾਵਟ ਸੱਪ ਵਰਗੀ ਹੁੰਦੀ ਹੈ। ਇਹ ਸਾਜ਼ ਸਿਰਫ਼ ਪੰਜਾਬ ਵਿਚ ਹੀ ਵਰਤਿਆ ਜਾਂਦਾ ਹੈ। ਸੱਪ ਦੀ



ਉਤਪਤੀ ਲੋਕਾਂ ਦੇ ਸੁਭਾਅ ਤੇ ਲੋੜ ਅਨੁਸਾਰ ਹੀ ਹੋਈ ਹੈ। ਇਸ ਸਾਜ਼ ਦੀ ਆਵਾਜ਼ ਇਸ ਤਰ੍ਹਾਂ ਦੀ ਹੈ ਕਿ ਜਿਵੇਂ ਕੁਝ ਕੁਝ ਵਿਅਕਤੀਆਂ ਨੇ ਇਕੱਠੇ ਤਾੜੀ ਮਾਰਦੇ ਹੋਵੇ। ਇਹ ਇਕ ਘਣ ਤੇ ਤਾਲ ਪ੍ਰਧਾਨ ਸਾਜ਼ ਹੈ। ਇਸ ਸਾਜ਼ ਦੀ ਬਣਤਰ ਬੱਚਿਆਂ ਵੱਲੋਂ ਖੇਡੀ ਜਾਣ ਵਾਲੀ ਸੱਪ ਖੇਡ ਨਾਲ ਮਿਲਦੀ-ਜੁਲਦੀ ਹੈ। ਇਸ ਸਾਜ਼ ਵਿਚ ਲਕੜੀ ਦੀਆਂ ਖੜੀਆਂ ਪਟੀਆਂ ਫੱਟੀਆਂ ਜੁੜੀਆਂ ਹੁੰਦੀਆਂ ਹਨ। ਇਨ੍ਹਾਂ ਫੱਟੀਆਂ ਦੀ ਲੰਬਾਈ ਤਕਰੀਬਨ ਡੇਢ ਫੁੱਟ ਤੇ ਚੌੜਾਈ ਇਕ ਇੰਚ ਹੁੰਦੀ ਹੈ। ਫੱਟੀ ਦੀ ਮੋਟਾਈ ਪੌਣੀ ਇੰਚ ਹੁੰਦੀ ਹੈ। ਸੱਪ 28 ਸੈਂਟੀ ਮੀਟਰ ਦੀ ਲੰਬਾਈ ਵਿਚ ਹੁੰਦਾ ਹੈ। ਜਿਥੇ ਦੋ ਫੱਟੀਆਂ ਦਾ ਸਪਰਸ਼ ਹੁੰਦਾ ਹੈ ਉਥੇ ਛੇਕ ਕੱਢੇ ਜਾਂਦੇ ਹਨ। ਇਨ੍ਹਾਂ ਛੇਕਾਂ ਵਿਚ ਮੋਟੇ ਕਿੱਲ ਜਾਂ ਸਰੀਆ ਪਾ ਕੇ ਉਪਰੋਂ ਰੰਗ ਕਰ ਦਿੱਤਾ ਜਾਂਦਾ ਹੈ। ਸੱਪ ਦੀਆਂ ਫੱਟੀਆਂ ਦੀ ਗਿਣਤੀ 8 ਤੋਂ 24 ਤੱਕ ਹੋ ਸਕਦੀ ਹੈ। ਇਹ ਫੱਟੀਆਂ ਟਾਹਲੀ ਦੀ ਲਕੜੀ ਦੀਆਂ ਹੁੰਦੀਆਂ ਹਨ। ਉੱਪਰ ਸੱਪ ਦੀਆਂ ਅੱਖਾਂ ਨੂੰ ਜੀਭ ਦਿਖਾਈ ਜਾਂਦੀ ਹੈ। ਉਸ ਨੂੰ ਹੋਰ ਸੋਹਣਾ ਬਣਾਉਣ ਲਈ ਸੱਪ ਦੇ ਗਲ ਵਿਚ ਰੰਗਦਾਰ ਧਾਗੇ ਪਰੋਏ ਜਾਂਦੇ ਹਨ। ਭੰਗੜੇ ਵਿਚ ਜਦੋਂ ਗੱਭਰੂ ਇਸ ਦਾ ਪ੍ਰਯੋਗ ਕਰਦੇ ਹਨ ਤਾਂ ਉਹ ਕੈਂਚੀ ਵਾਂਗ ਖੁੱਲ੍ਹਦਾ ਹੈ ਅੱਗੇ ਦੀ ਕ੍ਰਿਆ ਤਾਲ ਦੀ ਬੀਟ ਨਾਲ ਕਰਦਾ ਹੈ।

**ਕਾਟੋ** :-ਪੰਜਾਬ ਦੇ ਲੋਕ ਨਾਚ ਵਿਚ ਕਾਟੋ ਸਾਜ਼ ਦਾ ਇਕ ਵੱਖਰਾ ਹੀ ਸਥਾਨ ਹੈ। ਇਸ ਦਾ ਰੂਪ ਸਿਰਫ਼ ਪੰਜਾਬ ਪ੍ਰਾਂਤ ਵਿਚ ਹੀ ਦੇਖਣ ਨੂੰ ਮਿਲਦਾ ਹੈ। ਕਾਟੋ ਤਾਲ ਪ੍ਰਧਾਨ ਸਾਜ਼ ਹੈ। ਜਿਵੇਂ ਪੰਜਾਬੀ ਸੰਗੀਤ ਵਿਚ ਢੱਡ ਸਾਰੰਗੀ ਦੀ ਜੋੜੀ ਹੈ ਉਸ ਤਰ੍ਹਾਂ ਪੰਜਾਬ ਦੇ ਨਾਲ ਭੰਗੜੇ ਵਿਚ ਸੱਪ-ਕਾਟੋ ਦੀ ਜੋੜੀ ਮਸ਼ਹੂਰ ਹੈ, ਭੰਗੜੇ ਵਿਚ ਜਦ ਤੱਕ ਇਨ੍ਹਾਂ ਦੋਵਾਂ ਸਾਜ਼ਾਂ ਦੀ ਪ੍ਰਯੋਗ ਨਾ ਕੀਤਾ ਜਾਵੇ ਉਦੋਂ ਤੱਕ ਭੰਗੜਾ ਪੂਰਨ ਨਹੀਂ ਮੰਨਿਆ ਜਾਂਦਾ। ਕਾਟੋ ਦੀ ਸ਼ਕਲ ਲਕੜੀ ਦਾ ਟੁਕੜਾ ਲੈ ਕੇ ਘੜੀ ਜਾਂਦੀ ਹੈ ਤੇ ਉਸਦਿਆਂ ਪੈਰਾਂ ਤੇ ਅੱਖਾਂ 'ਤੇ ਕੋਕੇ ਜੜੇ ਜਾਂਦੇ ਹਨ ਤੇ ਜਿਥੇ ਕਾਟੋ ਦਾ ਮੂੰਹ ਖੁੱਲ੍ਹਦਾ ਹੈ ਉਸ ਨੂੰ ਕਈ ਰੰਗਾਂ ਨਾਲ ਸਜਾਇਆ ਜਾਂਦਾ ਹੈ। ਕਾਟੋ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਗਲੇ ਵਿਚ ਰੰਗਦਾਰ ਰਿਬਨ ਤੇ ਪੂੰਛ ਤੇ ਨਿੱਕੇ-ਨਿੱਕੇ ਘੁੰਗਰੂ ਬੰਨ੍ਹੇ ਜਾਂਦੇ ਹਨ। ਕਾਟੋ ਨੂੰ ਇਕ ਰੰਗਦਾਰ ਡੰਡੇ 'ਤੇ ਬੰਨ੍ਹਿਆ ਜਾਂਦਾ ਹੈ। ਜਿਸ ਡੰਡੇ ਦੀ ਲੰਬਾਈ 90 ਸੈਂਟੀ ਮੀਟਰ ਤੋਂ 100 ਸੈਂਟੀ ਮੀਟਰ ਹੁੰਦੀ ਹੈ। ਕਾਟੋ ਨੂੰ ਇਕ ਡੰਡੇ 'ਤੇ ਬੰਨ੍ਹ ਕੇ ਲਾਲ ਧਾਗਾ ਪਰੋਇਆ ਜਾਂਦਾ ਹੈ। ਜਦੋਂ ਇਸ ਪਾਸੇ ਨੂੰ ਖਿੱਚਿਆ ਜਾਂਦਾ ਹੈ ਤਾਂ ਕਾਟੋ ਆਪ ਮੁਹਾਰੇ ਨੱਚ ਉੱਠਦੀ ਹੈ। ਇਸ ਤਰ੍ਹਾਂ ਘੁੰਗਰੂਆਂ ਦੀ ਤਾਲ ਉੱਤੇ ਕਾਟੋ ਉੱਪਰ ਤੇ ਕਦੇ ਹੇਠਾਂ ਨਚਦੀ-ਟੱਪਦੀ ਹੈ ਤੇ ਦਰਸ਼ਕਾਂ ਦਾ ਮਨੋਰੰਜਨ ਕਰਦੀ ਹੈ।



**ਡਫਲੀ** :-ਖੜਤਾਲ, ਖੰਜਰੀ ਦੀ ਸ਼੍ਰੇਣੀ ਵਿਚ ਡਫਲੀ ਦਾ ਆਪਣਾ ਹੀ ਸਥਾਨ ਹੈ। ਲੋਕ ਗੀਤਾਂ, ਖਾਸ ਕਰਕੇ ਗੁਰਦਾਸ ਮਾਨ ਦੀ ਡਫਲੀ ਤਾਂ ਪੰਜਾਬ ਵਿਚ ਬਹੁਤ ਪ੍ਰਸਿੱਧ ਹੈ। ਗੋਲ ਆਕਾਰ ਵਿਚ ਲੋਹੇ ਦੀ ਪਤੀ ਲਾਈ ਜਾਂਦੀ ਹੈ ਜਿਸ ਵਿਚ ਛੇ ਤੋਂ ਅੱਠ ਜਗ੍ਹਾ 'ਤੇ ਛੇਕ ਕਰਕੇ ਛਲੇ ਪਰੋਏ ਜਾਂਦੇ ਹਨ ਤੇ ਇਸ ਗੋਲਾਕਾਰ ਤੇ ਚਮੜਾ ਮੜਿਆ ਜਾਂਦਾ ਹੈ ਤੇ ਇਸ ਸਾਜ਼ ਨੂੰ ਤਾਲ ਦੇਣ ਲਈ ਵਰਤਿਆ ਜਾਂਦਾ ਹੈ। ਇਹ ਛੋਟੇ ਤੇ ਵੱਡੇ ਦੋਹਾਂ ਆਕਾਰ ਵਿਚ ਮਿਲਦੇ ਹਨ। ਇਸ ਸਾਜ਼ ਨੂੰ ਖੱਬੇ ਹੱਥ ਨਾਲ ਫੜ ਕੇ ਤੇ ਸੱਜੇ ਹੱਥ ਦੀਅ ਉਂਗਲੀਆਂ ਤੇ ਹਥੇਲੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਦੋਂ ਹੱਥ ਨਾਲ ਛੈਣਿਆਂ ਦੀ ਆਵਾਜ਼ ਨਿਕਲਦੀ ਹੈ ਤਾਂ ਉਹ ਬਹੁਤ ਮਨਮੋਹਕ ਲਗਦੀ ਹੈ।



**ਘੜਾ** :-ਇਸ ਸਾਜ਼ ਦੀ ਵਰਤੋਂ ਵੀ ਪੰਜਾਬ ਦੇ ਲੋਕ ਗੀਤਾਂ ਨਾਲ, ਜਗਰਾਤਿਆਂ ਤੇ ਭਜਨ ਉਚਾਰਨ ਵੇਲੇ ਕੀਤੀ ਜਾਂਦੀ ਹੈ। ਪੰਜਾਬ ਵਿਚ ਮਹੀਵਾਲ ਦਾ ਘੜਾ ਬਹੁਤ ਮਸ਼ਹੂਰ ਹੈ। ਘੜੇ ਦਾ ਆਕਾਰ ਹੇਟਾਂ ਤੋਂ ਗੋਲ ਤੇ ਉੱਪਰੋਂ ਛੋਟਾ ਮੂੰਹ ਹੁੰਦਾ ਹੈ। ਘੜਾ ਮਿੱਟੀ, ਕਾਂਸੇ ਜਾਂ ਪਿੱਤਲ ਦਾ ਵੀ ਹੋ ਸਕਦਾ ਹੈ। ਇਸ ਨੂੰ ਸਜਾਉਣ ਲਈ ਰੰਗ ਕਰਕੇ ਉੱਪਰ ਬੇਲ ਬੂਟੇ ਵੀ ਪਾਏ ਜਾਂਦੇ ਹਨ। ਇਸ ਸਾਜ਼ ਨੂੰ ਵਾਦਕ ਆਪਣੀ ਗੋਦੀ ਵਿਚ ਰੱਖ ਕੇ ਜਾਂ ਛੋਟੇ ਜਿਹੇ ਵਿੰਨੂੰ (ਜੋ ਗੋਲ ਆਕਾਰ ਵਿਚ ਕੱਪੜੇ ਦੀ ਲੀਰਾਂ ਦੀ ਬਣਿਆ ਹੋਇਆ ਛੱਲਾ ਹੁੰਦਾ ਹੈ। ਉੱਪਰ ਆਪਣੇ ਅੱਗੇ ਰੱਖ ਕੇ ਤੇ ਸੱਜੇ ਹੱਥ ਦੀਆਂ ਉਂਗਲੀਆਂ ਤੇ ਅੰਗੂਠੇ ਵਿਚ ਉੱਪਰ ਵਾਲੇ ਪਾਸੇ ਲੋਹੇ ਜਾਂ ਪਿੱਤਲ ਦੇ ਛੱਲੇ ਪਾ ਕੇ ਤਾਲ ਦੇ ਕੇ ਵਜਾਇਆ ਜਾਂਦਾ ਹੈ ਤੇ ਖੱਬਾ ਹੱਥ ਨਾਲ-ਨਾਲ ਕਦੇ ਘੜੇ ਦੇ ਖੱਬੇ ਹੱਥ ਛੱਲਿਆਂ ਦੀ ਸਹਾਇਤਾ ਨਾਲ ਤੇ ਵਿਚ-ਵਿਚ ਘੜੇ ਦੇ ਮੂੰਹ 'ਤੇ ਖੱਬਾ ਹੱਥ ਮਾਰ ਕੇ ਵਜਾਇਆ ਜਾਂਦਾ ਹੈ।



ਅਧਿਆਇ-10

# ਜੀਵਨੀ — ਤਾਨਸੇਨ



ਤਾਨਸੇਨ ਦੇ ਨਾਂਅ ਨੂੰ ਭਾਰਤ ਵਿਚ ਖਾਸ ਕਰ ਉੱਤਰ ਭਾਰਤ ਦੇ ਸਾਰੇ ਸੰਗੀਤ-ਪ੍ਰੇਮੀ ਚੰਗੀ ਤਰ੍ਹਾਂ ਜਾਣੂ ਹਨ। ਤਾਨਸੇਨ ਜੀ ਸੰਗੀਤ ਜਗਤ ਦੇ ਮਹਾਂ ਪੁਰਖ ਸਨ। ਜਦ ਤੱਕ ਸੰਗੀਤ ਦਾ ਆਦਰ ਹੁੰਦਾ ਰਹੇਗਾ ਤਦ ਤੱਕ ਤਾਨਸੇਨ ਦੀ ਕੀਰਤੀ ਕਥਾ ਹੁੰਦੇ ਰਹੇਗੀ। ਯੁਵਾ ਅਵਸਥਾ ਵਿਚ ਤਾਨਸੇਨ ਨੇ ਜਿਹੜੀ ਸਿੱਖਿਆ ਸਵਾਮੀ ਹਰੀ ਦਾਸ ਜੀ ਤੋਂ ਪ੍ਰਾਪਤ ਕੀਤੀ ਉਸ ਨਾਲ ਤਾਨਸੇਨ ਜੀ ਈਸ਼ਵਰ-ਵਾਦੀ ਹੋ ਗਏ। ਇਸੇ ਕਾਰਨ ਉਨ੍ਹਾਂ ਨੇ ਸੰਗੀਤ ਨੂੰ ਧਰਮ ਸਾਧਨਾਂ ਦੇ ਰੂਪ ਵਿਚ ਗ੍ਰਹਿਣ ਕੀਤਾ। ਕਠਿਨ ਸਾਧਨਾਂ ਕਰਨ ਤੋਂ ਬਾਅਦ ਆਖਿਰ ਜਦੋਂ ਉਨ੍ਹਾਂ ਨੂੰ ਗਿਆਨ ਪ੍ਰਾਪਤ ਹੋਇਆ ਤਾਂ ਉਹ ਖੁਸ਼ੀ ਵਿਚ ਇਹ ਗਾ ਉਠੇ :-

ਤੂੰ ਹੀ ਸ਼ੇਸ਼, ਤੂੰ ਹੀ ਮਹੇਸ਼
ਤੂੰ ਹੀ ਆਦ, ਤੂੰ ਹੀ ਅਨਾਦ
ਤੂੰ ਹੀ ਨਾਦ, ਤੂੰ ਹੀ ਗਣੇਸ਼......

ਅਬਦੁਲ ਫਜ਼ਲ ਨੇ 'ਆਇਨੇ ਅਕਬਰੀ' ਵਿਚ ਲਿਖਿਆ ਹੈ ਕਿ ਤਾਨਸੇਨ ਜਿਹਾ ਗਾਇਕ ਸਾਲਾਂ ਵਿਚ ਵੀ ਨਹੀਂ ਪੈਦਾ ਹੋਇਆ।

ਤਾਨਸੇਨ ਦੇ ਪਿਤਾ ਦਾ ਨਾਂਅ ਮੁਕੰਦ ਰਾਮ ਪਾਂਡੇ ਸੀ। ਮੁਕੰਦ ਰਾਮ ਜੀ ਬਹੁਤ ਬੜੇ ਗਾਇਕ ਸਨ। ਵਾਰਾਨਸੀ ਵਿਚ ਸੰਗੀਤ ਗਾਇਨ ਤੇ ਪੂਜਾ ਪਾਠ ਤੋਂ ਰੋਜ਼ੀ ਰੋਟੀ ਚਲਦੀ। ਉਨ੍ਹਾਂ ਕੋਲ ਬਹੁਤ ਧਨ-ਦੌਲਤ ਹੋਣ ਦਾ ਬਾਅਦ ਉਹ ਦੁਖੀ ਰਹਿੰਦੇ ਸੀ ਕਿਉਂਕਿ ਉਨ੍ਹਾਂ ਦੀ ਕੋਈ ਵੀ ਸੰਤਾਨ ਜਿੰਦਾ ਨਹੀਂ ਸੀ ਰਹਿੰਦੀ। ਆਖਿਰ ਗਵਾਲੀਅਰ ਦੇ ਹਜ਼ਰਤ ਗੌਸ ਨਾਂਅ ਦੇ ਸਿੱਧ ਪੀਰ ਦੇ ਆਸ਼ੀਰਵਾਦ ਤੋਂ ਇਕ ਬਾਲਕ ਪੈਦਾ ਹੋਇਆ ਜਿਸ ਦਾ ਨਾਂਅ ਰਾਮ ਤਨੁੰ (ਤੱਨਾ) ਰੱਖਿਆ ਗਿਆ। ਰਾਮ ਤਨੁੰ ਜਨਮ 1506 ਈਃ ਵਿਚ ਹੋਇਆ। ਕੁਝ ਵਿਦਨਾਨ 1532 ਈਃ ਵਿਚ ਮੰਨਦੇ ਹਨ।

ਇਕੱਲੀ ਸੰਤਾਨ ਹੋਣ ਕਾਰਨ ਤਾਨਸੇਨ ਦਾ ਪਾਲਣ-ਪੋਸਣ ਬੜੇ ਲਾਡ ਪਿਆਰ ਨਾਲ ਹੋਇਆ, ਇਸੇ ਕਾਰਨ ਬਚਪਨ ਤੋਂ ਹੀ ਬੜੇ ਨਟਖਟ ਸਨ। ਪੜ੍ਹਨ ਵਿਚ ਬਿਲਕੁੱਲ ਮਨ ਨਹੀਂ ਸੀ, ਸਾਰਾ ਦਿਨ ਖੇਤਾਂ, ਜੰਗਲਾਂ ਵਿਚ ਗਾਵਾਂ ਚਰਾਂਦੇ ਰਹਿੰਦੇ, ਪਰ ਉਨ੍ਹਾਂ ਵਿਚ ਆਵਾਜ਼ ਦੀ ਨਕਲ ਹੂ-ਬ-ਹੂ ਉਤਾਰਨ ਦੀ ਵੱਡੀ ਮੁਹਾਰਤ ਸੀ। ਇਕ ਦਿਨ ਸੰਯੋਗ ਨਾਲ ਸ਼ੇਰ ਦੀ ਆਵਾਜ਼ ਕੱਢ ਕੇ ਸੁਆਮੀ ਹਰੀਦਾਰਤੇ ਉਨ੍ਹਾਂ ਦੀ ਸ਼ਿਸ ਮੰਡਲੀ ਨੂੰ ਡਰਾਉਣ ਨਾਲ ਤਾਨਸੇਨ ਦੀ ਮੁਲਾਕਾਤ ਸੁਆਮੀ ਜੀ ਨਾਲ ਹੋਈ। ਜਿਹੜੇ ਇਨ੍ਹਾਂ ਦੀ ਪ੍ਰਤਿਭਾ ਤੋਂ ਬਹੁਤ ਹੀ ਪ੍ਰਸੰਨ ਹੋਏ ਅਤੇ ਤਾਨਸੇਨ ਨੂੰ ਸੰਗੀਤ ਸਿੱਖਿਆ ਦੇਣ ਲਈ ਆਪਣੇ ਨਾਲ ਵਰਿੰਦਾਵਨ ਲੈ ਗਏ। ਇਸ ਤਰ੍ਹਾਂ ਤਾਨਸੇਨ ਨੇ ਵਰਿੰਦਾਵਨ ਰਹਿ ਕੇ ਦਸ ਸਾਲਾਂ ਤੱਕ ਸੁਆਮੀ ਹਰੀਦਾਰ ਤੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਇਸ ਦੌਰਾਨ ਆਪਣੇ ਪਿਤਾ ਦੀ ਬਿਮਾਰੀ ਦੀ ਖ਼ਬਰ ਸੁਣ ਵਾਪਿਸ ਗਵਾਲੀਅਰ ਆ ਗਏ। ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਇੱਛਾ ਅਨੁਸਾਰ ਮੁਹੰਮਦ ਗੌਸ ਨੂੰ ਪਿਤਾ ਦਾ ਦਰਜਾ ਦਿੱਤਾ।

ਗਵਾਲੀਅਰ ਵਿਚ ਰਹਿ ਕੇ ਇਨ੍ਹਾਂ ਦੀ ਜਾਣ-ਪਛਾਣ ਰਾਜਾ ਮਾਨ ਸਿੰਘ ਦੀ ਵਿਧਵਾ ਰਾਣੀ ਮ੍ਰਿਗਨੈਣੀ ਨਾਲ ਹੋਈ ਜੋ ਇਕ ਵਧੀਆ ਗਾਇਕਾ ਸੀ। ਤਾਨਸੇਨ ਦੀ ਗਾਇਕੀ ਤੋਂ ਰਾਣੀ ਬਹੁਤ ਪ੍ਰਭਾਵਿਤ ਹੋਈ। ਉਥੇ ਮ੍ਰਿਗਨੈਣੀ ਦੀ ਇਕ ਦਾਸੀ 'ਹੁਸੈਨੀ' ਦੀ ਸੁੰਦਰਤਾ ਅਤੇ ਸੰਗੀਤ ਤੋਂ ਤਾਨਸੇਨ ਬਹੁਤ ਪ੍ਰਭਾਵਿਤ ਹੋਏ। ਇਸ ਕਾਰਨ ਰਾਣੀ ਮ੍ਰਿਗਨੈਣੀ ਨੇ ਦੋਹਾਂ ਦੀ ਸ਼ਾਦੀ ਕਰਵਾ ਦਿੱਤੀ। ਹੁਸੈਨੀ ਦਾ ਅਸਲੀ ਨਾਂਅ ਰਾਜ ਕੁਮਾਰੀ ਸੀ। ਉਨ੍ਹਾਂ ਦੇ ਪਿਤਾ ਬ੍ਰਾਹਮਣ ਸੀ ਬਾਅਦ ਵਿਚ ਮੁਸਲਮਾਨ-ਧਰਮ ਅਪਣਾ ਲਿਆ। ਇਸੇ ਲਈ ਰਾਜ ਕੁਮਾਰੀ ਹੁਸੈਨੀ ਬ੍ਰਾਹਮਣੀ ਕਹਲਾਈ। ਸ਼ਾਦੀ ਤੋਂ ਬਾਅਦ ਤਾਨਸੇਨ ਅਤੇ ਹੁਸੈਨੀ ਬ੍ਰਾਹਮਣੀ ਵਾਪਸ ਵਰਿੰਦਾਵਨ ਸੁਆਮੀ ਹਰੀਦਾਸ ਜੀ ਕੋਲ ਆ ਗਏ ਅਤੇ ਆਪਣੀ ਸੰਗੀਤ ਸਿੱਖਿਆ ਪੂਰੀ ਕਰਨ ਲੱਗੇ। ਤਾਨਸੇਨ ਜੀ ਦੇ ਚਾਰ ਪੁੱਤਰ ਹੋਏ-ਸੂਰਤ ਸੇਨ, ਸ਼ਰਤ ਸੇਨ, ਤਰੰਗ ਸੇਨ, ਅਤੇ ਬਿਲਾਸ

ਖਾਂ ਅਤੇ ਇਕ ਪੁੱਤਰੀ ਸਰਸਵਤੀ ਹੋਈ। ਪੁੱਤਰੀ ਸਰਸਵਤੀ ਦਾ ਵਿਵਾਹਰ ਮਸ਼ਹੂਰ ਵੀਣਾ ਵਾਦਕ 'ਮਿਸ਼ਰੀ ਸਿੰਘ' ਨਾਲ ਹੋਇਆ।

ਸੰਗੀਤ ਵਿਚ ਨਿਪੁਣਤਾ ਹਾਸਿਲ ਕਰਨ ਤੋਂ ਬਾਅਦ ਤਾਨਸੇਨ ਰੀਵਾ ਦੇ ਰਾਜਾ ਰਾਮਚੰਦਰ ਨੇ ਇਨ੍ਹਾਂ ਨੂੰ ਦਰਬਾਰੀ ਗਾਇਕ ਰੱਖ ਲਿਆ। ਮਹਾਰਾਜਾ ਰਾਮਚੰਦਰ ਅਤੇ ਬਾਦਸ਼ਾਹ ਅਕਬਰ ਵਿਚ ਬੜੀ ਗਹਿਰੀ ਦੋਸਤੀ ਸੀ। ਬਾਦਸ਼ਾਹ ਅਕਬਰ ਨੂੰ ਖ਼ੁਸ਼ ਕਰਨ ਲਈ ਤਾਨਸੇਨ ਨੂੰ ਭੇਂਟ ਵਜੋਂ ਦੇ ਦਿੱਤਾ। ਅਕਬਰ ਤਾਨਸੇਨ ਨੂੰ ਲੈ ਕੇ ਬਹੁਤ ਪ੍ਰਸੰਨ ਹੋਏ ਅਤੇ ਆਪਣੇ ਨੌਂ ਰਤਨਾਂ ਵਿਚ ਸ਼ਾਮਿਲ ਕਰ ਲਿਆ। ਅਕਬਰ ਦੇ ਦਰਬਾਰ ਵਿਚ ਹੀ ਤਾਨਸੇਨ ਦੇ ਅਨੇਕ ਸੰਗੀਤਕ ਚਮਤਕਾਰਾਂ ਬਾਰੇ ਬਹੁਤ ਸਾਰੇ ਲੇਖਕਾਂ ਨੇ ਲਿਖਿਆ ਹੈ ਜਿਵੇਂ ਕਿ ਭਿੰਨ-ਭਿੰਨ ਰਾਗਾਂ ਦੇ ਪ੍ਰਭਾਵ ਨਾਲ ਪੱਥਰ ਪਿਘਲਾਉਣਾ, ਮੇਘ ਜਾਂ ਮੀਆਂ ਮਲਹਾਰ ਰਾਗ ਨਾਲ ਮੀਂਹ ਬਰਸਾਉਣਾ, ਦੀਪਕ ਰਾਗ ਨਾਲ ਦੀਪਕ ਜਲਾਉਣਾ ਆਦਿ ਅਨੇਕਾਂ ਕਥਾਵਾਂ ਪ੍ਰਚਲਿਤ ਹਨ।

ਤਾਨਸੇਨ ਨੇ ਅਨੇਕ ਰਾਗਾਂ ਦੀ ਰਚਨਾ ਕੀਤੀ ਜਿਵੇਂ ਚਰਬਾ-ਕਾਨੜਾਂ, ਮੀਆਂ ਦੀ ਸਾਰੰਗ, ਮੀਆਂ ਦੀ ਤੌੜੀ, ਮੀਆਂ ਮਲਹਾਰ ਆਦਿ।

1585 ਈ: ਵਿਚ ਦਿੱਲੀ ਵਿਚ ਤਾਨਸੇਨ ਦਾ ਦੇਹਾਂਤ ਹੋ ਗਿਆ ਅਤੇ ਗਵਾਲੀਅਰ ਵਿਚ ਮੁਹੰਮਦ ਗੌਸ ਦੀ ਸਮਾਧੀ ਕੋਲ ਉਨ੍ਹਾਂ ਦੀ ਸਮਾਧੀ ਬਣਾਈ ਗਈ। ਬਾਦਸ਼ਾਹ ਅਕਬਰ ਨੇ ਸਮਾਧੀ ਤੇ ਉੱਤੇ ਇਕ ਛੱਤਰੀ ਜਿਹੀ ਬਣਵਾਈ ਹੈ। ਜਿਹੜੀ ਅੱਜ ਵੀ ਉਥੇ ਹੈ। ਤਾਨਸੇਨ ਦੀ ਸਮਾਧੀ ਤੇ ਇਕ ਇਮਲੀ ਦਾ ਦਰੱਖ਼ਤ ਉੱਗਿਆ ਹੋਇਆ ਹੈ ਕਿਹਾ ਜਾਂਦਾ ਹੈ ਕਿ ਉਸ ਇਮਲੀ ਦੇ ਪੱਤੇ ਖਾ ਕੇ ਕੰਠ ਸਵਰ ਮਿੱਠਾ ਹੋ ਜਾਂਦਾ ਹੈ।

ਸੁਆਮੀ ਹਰੀਦਾਸ ਨੇ ਆਪਣੀ ਅੰਤਰ-ਆਤਮਾ ਵਿਚ ਸੰਗੀਤ ਦੇਵੀ ਦਾ ਜਿਹੜੇ ਮੰਤਰ ਪ੍ਰੇਰਣਾ ਸਵਰੂਪ ਪਾਇਆ ਸੀ ਉਸ ਵਿਚ ਤਾਨਸੇਨ ਨੇ ਆਪਣੇ ਜਾਨ-ਪ੍ਰਾਣ ਪਾ ਕੇ ਸੰਸਾਰ ਦੇ ਸਾਹਮਣੇ ਰੱਖਿਆ।

# ਕਿਰਿਆਤਮਕ ਭਾਗ

## ਅਧਿਆਇ-11

# ਰਾਗ-ਭੁਪਾਲੀ, ਖਮਾਜ, ਭੈਰਵ

### ਰਾਗ ਭੁਪਾਲੀ

ਰਾਗ ਦੀ ਜਾਣ-ਪਛਾਣ :-ਰਾਗ ਭੁਪਾਲੀ ਕਲਿਆਣ ਥਾਟ ਤੋਂ ਪੈਦਾ ਮੰਨਿਆ ਗਿਆ ਹੈ। ਇਹ ਇਕ ਸਰਲ ਅਤੇ ਮਧੁਰ ਰਾਗ ਹੈ। ਇਸ ਰਾਗ ਨੂੰ ਆਮ ਤੌਰ 'ਤੇ ਮੰਦਿਰ ਅਤੇ ਮੱਧ ਸਪਤਕਾਂ ਵਿਚ ਗਾਇਆ ਵਜਾਇਆ ਜਾਂਦਾ ਹੈ। ਇਸ ਰਾਗ ਵਿਚ ਮੱਧਮ ਅਤੇ ਨਿਸ਼ਾਦ ਸਵਰ ਵਰਜਿਤ ਹਨ ਤੇ ਕਾਫੀ ਸ਼ੁੱਧ ਸਵਰਾਂ ਦਾ ਪ੍ਰਯੋਗ ਹੁੰਦਾ ਹੈ। ਇਸ ਰਾਗ ਦੀ ਵਿਸਥਾਰ ਪੂਰਵਕ ਜਾਣਕਾਰੀ ਇਸ ਤਰ੍ਹਾਂ ਹੈ :-

**ਰਾਗ-ਭੁਪਾਲੀ**

ਥਾਟ – ਕਲਿਆਣ

ਆਰੋਹ – ਸਾ ਰੇ ਗ ਪ ਧ ਸਂ

ਅਵਰੋਹ = ਸਾਂ ਧ ਪ ਗ ਰੇ ਸ

ਪਕੜ – ਗ ਰੇ ਸ ਰੇ ਸ, ਧ਼ ਸ ਰੇ ਗ ਪ ਧ ਸਂ

ਵਾਦੀ ਸਵਰ – ਗ (ਗੰਧਾਰ)

ਸਸਵਾਦੀ – ਧ (ਧੈਵਤ)

ਵਰਜਿਤ ਸਰਵ – ਮ ਅਤੇ ਨੀ (ਬਾਕੀ ਸ਼ੁੱਧ)

ਜਾਤੀ = ਔੜਵ-ਔੜਵ

ਗਾਉਣ ਦਾ ਸਮਾਂ = ਰਾਤ ਦਾ ਪਹਿਲਾ ਪਹਿਰ

**ਆਲਾਪ**

ਸ, ਧ਼, ਸ ਰੇ, ਸ

ਸ ਰੇ ਗ, ਪ ਰੇ ਗ ਰੇ ਸ

ਸ ਧ਼ ਸ ਰੇ ਗ, ਰੇ ਸ

ਸ ਰੇ ਗ, ਗ ਪ ਧ ਸਂ, ਧ ਸਂ, ਰੇ ਗਂ ਰੇਂ ਸਂ

ਸਂ ਰੇ ਸਂ ਧ ਪ, ਗ ਪ ਧ ਪ ਗ, ਰੇ ਗ ਰੇ ਸ

**ਬੰਦਿਸ਼ ਦੇ ਬੋਲ**

**ਸਥਾਈ :-** ਸੁਰ ਸੰਗ ਗਾਵੋ ਤਾਲ ਮਿਲਾਵੋ
ਗੋਵਿੰਦ ਮਿਲਨ ਗੁਰੂ ਸੇ ਪਾਵੋ

**ਅੰਤਰਾ :-** ਕਾਹੇ ਮਨਵਾ ਚਿੰਤਨ ਚਿਤ ਭਏ
ਹਰੀ ਦਰਸ਼ਨ ਕੋ ਧਿਆਨ ਲਗਾਵੋ।

# ਭਾਗ ਭਪਾਲੀ- ਤਿੰਨ ਤਾਲ (ਮੱਧ ਲੈਅ)

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | | | | ਗ | ਰੇ | ਸ | ਰੇ | ਸ | ਧ਼ | ਸ | ਰੇ |
| | | | | | | | | ਸ | ਰ | ਸਂ | ਗ | ਗ | ऽ | ਵੌਂ | ऽ |
| ਗ | ਗ | ਗ | ਗ | ਪ | ਰੇ | ਗ | ਗ | | | | | | | | |
| ਤਾ | ऽ | ਲ | ਮਿ | ਲਾ | ऽ | ਵੌਂ | ऽ | | | | | | | | |
| | | | | | | | | ਗ | ਗ | ਪ | ਧ | ਸਂ | ਸਂ | ਸਂ | ਸਂ |
| | | | | | | | | ਗੌਂ | ऽ | ਵਿੰ | ਦ | ਮਿ | ਲ | ਨ | ਗ |
| ਸਂ | ਧ | ਪ | ਗ | ਪ | ਰੇ | ਗ | ਗ | | | | | | | | |
| ਰ | ऽ | ਸੇ | ऽ | ਪਾ | ऽ | ਵ | ऽ | | | | | | | | |
| | | | | | | | | ਗ | ਗ | ਗ | ਗ | ਪ | ਪ | ਧ | ਧ |
| | | | | | | | | ਕ | ऽ | ਰੇ | ऽ | ਮ | ਨ | ਵਾ | ऽ |
| ਸਂ | ਸਂ | ਸਂ | ਸਂ | ਧ | ਰੇਂ | ਸਂ | ਸਂ | | | | | | | | |
| ਚਿਂ | ऽ | ਤ | ਨ | ਚਿ | ਤ | ਭ | ਐ | | | | | | | | |
| | | | | | | | | ਸਂ | ਰੇਂ | ਗਂ | ਰੇਂ | ਸਂ | ਸਂ | ਧ | ਪ |
| | | | | | | | | ਹ | ਰੀ | ਦ | ऽ | ਰਸ | ਨ | ਕੌਂ | ऽ |
| ਪ | ਪ | ਗ | ਗ | ਪ | ਰੇ | ਗ | ਗ | | | | | | | | |
| ਧਿ | ऽ | ਨ | ਲ | ਗ | ऽ | ਵੌਂ | ऽ | | | | | | | | |

## ਰਾਗ ਭੁਪਾਲੀ (ਤਾਨਾਂ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਧ | ਸਰੇ | ਗਰੇ | ਸਰੇ | ਗ– | ਗਰੇ | ਸਧ | ਸ– | ਸ | ਰ | ਸੰ | ਗ | ਗ | ऽ | ਵੋ | – |
| ਗਪ | ਧਪ | ਗਪ | ਧਸ | ਧਪ | ਗਰੇ | ਸਧ | ਸ– | – | – | – | – | – | – | – | – |
| ਸਰੇ | ਗਰੇ | ਗਪ | ਧਪ | ਧਪ | ਧਸ | ਧਪ | ਸਰੇ | – | – | – | – | – | – | – | – |
| ਸਰੇ | ਗਰੇ | ਸਧ | ਸਰੇ | ਗਪ | ਗਰੇ | ਸਧ | ਸਰੇ | – | – | – | – | – | – | – | – |
| ਸਰੇ | ਗਰੇ | ਗਪ | ਧਪ | ਧਧ | ਧਪ | ਗਰੇ | ਸ– | – | – | – | – | – | – | – | – |

# ਰਾਗ ਭੁਪਾਲੀ ਇਕ ਤਾਲ (ਵੱਡਾ ਖਿਆਲ)

## ਬੰਦਿਸ਼ ਦੇ ਬੋਲ

ਸਥਾਈ—ਮਾਂ ਸ਼ਾਰੰਦੇ ਵਰ ਦੇ

ਹੰਸ ਵਾਹਿਨੀ ਵੀਨਾ ਧਾਰਨੀ

ਅੰਤਰਾ—ਗਿਆਨ ਦੀ ਸੂਰਤ, ਮੰਗਲ ਮੂਰਤ

ਵਰ ਦੇ, ਵਰ ਦੇ ਮਾਂ ਸ਼ਾਰਦੇ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |
| ਸਥਾਈ | | | | | | | | | | | |
| ਗ | ਗ | ਪ | ਰੇ | ਰੇ | ਗ | ਸ | ਸ | ਰੇ | ਧ਼ | ਸ | ਰੇ |
| ਮਾ | ऽ | ऽ | ਸਾ | ऽ | ਰ | ਦੇ | ऽ | ऽ | ਵ | ਰ | ਦੇ |
| ਸ | ਰੇ | ਗ | ਰੇ | ਗ | ਪ | ਗ | ਪ | ਧ਼ | ਸੰਧ | ਪਗ | ਰੇਸ |
| ਹੰ | ऽ | ਸ | ਵਾ | ਹਿ | ਨੀ | ਵੀ | ऽ | ਨਾ | ਧਾऽ | ਰऽ | ਨੀऽ |
| ਅੰਤਰਾ | | | | | | | | | | | |
| ਗ | ਗ | ਗ | ਪ | ਪ | ਪ | ਧ | ਧ | ਧ | ਸਂ | ਸਂ | ਸਂ |
| ਗਿਆ | ਨ | ਕੀ | ਸ | ਰ | ਤ | ਮੰ | ਗ | ਲ | ਮੂ | ਰ | ਤ |
| ਸਂਰੇਂ | ਗਰੇਂ | ਸਂ | ਪਧ | ਸੰਧ | ਪ | ਗਪ | ਧਪ | ਗ | ਰੇ | ਸ | ਰੇ |
| ਵऽ | ਰऽ | ਦੇ | ਵऽ | ਰऽ | ਦੇ | ਮਾਂऽ | ऽ | ऽ | ਸ਼ਾ | ਰ | ਦੇ |

# ਰਾਗ ਖਮਾਜ

**ਸਾਧਾਰਣ ਜਾਣ-ਪਛਾਣ**

ਇਹ ਖਮਾਜ ਥਾਟ ਦਾ ਰਾਗ ਹੈ। ਇਸ ਦੇ ਅਰੋਹ ਵਿਚ ਨੀ (ਨੀਸ਼ਾਦ) ਸੁਰ ਸ਼ੁੱਧ ਅਤੇ ਅਵਰੋਹ ਵਿਚ ਕੋਮਲ ਨੀ (ਨੀਸ਼ਾਦ) ਦਾ ਪ੍ਰਯੋਗ ਹੁੰਦਾ ਹੈ ਅਤੇ ਬਾਕੀ ਸੁਰ ਸ਼ੁੱਧ ਸਵਰ ਲਗਦੇ ਹਨ। ਇਸ ਦੇ ਆਰੋਹ ਵਿਚ ਰੇ (ਰਿਸ਼ਬ) ਸਵਰ ਵਰਜਿਤ ਹੋਣ ਦੇ ਕਾਰਨ ਇਸ ਦੀ ਜਾਤੀ ਸਾੜਵ ਸੰਪੂਰਨ ਹੈ। ਇਸ ਦਾ ਵਾਦੀ ਸਵਰ ਗ (ਗੰਧਾਰ) ਅਤੇ ਸੰਵਾਦੀ ਸਵਰ ਨੀ (ਨੀਸ਼ਾਦ) ਸਵਰ ਹੈ। ਇਸ ਦੇ ਗਾਣ–ਵਜਾਣ ਦਾ ਸਮਾਂ ਰਾਤ ਦਾ ਦੂਸਰਾ ਪਹਿਰ ਹੈ।

ਥਾਟ — ਖਮਾਜ

ਸਵਰ — ਅਵਰੋਹ ਵਿਚ ਨੀ ਕੋਮਲ

ਵਰਜਿਤ ਸੁਰ — ਰੇ

ਵਾਦੀ ਸਵਰ — ਗ (ਗੰਧਾਰ)

ਸੰਵਾਦੀ ਸਵਰ — ਨੀ (ਨੀਸ਼ਾਦ)

ਅੰਗ — ਉਤਰਾਗ ਵਾਦੀ

ਜਾਤੀ — ਸਾੜਵ - ਸੰਪੂਰਨ

ਸਮਾਂ–ਰਾਤ ਦਾ ਦੂਸਰਾ ਪਹਿਰ

ਅਰੋਹ–ਸ ਗ ਮ ਪ, ਧ ਨੀ ਸ

ਅਵਰੋਹ ਸਂ ਨੁੀ ਧ ਪ, ਮ ਗ ਰੇ ਸਂ

ਪਕੜ–ਨੁੀ ਧ, ਮ ਪ, ਧ ਮ ਗ

ਅਲਾਪ– (1) ਸਂ ਨੁੀ ਸ ਗ, ਮ ਗ, ਪ, ਮ ਪ, ਮ ਗ, ਗ ਮ ਪ ਧ ਮ ਗ, ਮ ਗ ਰੇ ਸ

(2) ਸ ਗ, ਮ ਗ ਪ, ਗ ਮ ਪ, ਧ ਨੁੀ ਧ ਪ, ਪ ਧ ਮ ਗ, ਸ ਗ ਮ ਪ, ਗ ਮ ਪ ਧ ਨੀ ਸ, ਧ ਸ ਨੀ ਧ ਪਾ, ਮ ਪ, ਧ ਮ ਗ, ਮ ਗ, ਮ ਗ ਰੇ ਸ

(3) ਗ ਮ ਧ, ਧ ਨੁੀ ਧ ਪ, ਗ ਮ ਪ ਧ ਨੀ ਸਂ, ਨੀ ਸ ਂਗ ਰੇ ਂਸ, ਨੁੀ ਂਸ ਧ ਂਸ, ਨੁੀ ਧ ਪ, ਪ ਧ, ਮ ਪ, ਧ ਮ ਗ, ਮ ਗ ਰੇ ਸ

**ਬੰਦਿਸ਼ ਦੇ ਬੋਲ :**

**ਸਥਾਈ** :-ਆਵੋ ਆਵੋ ਹੋਲੀ ਖੇਲੇ

ਤਨ ਮਨ ਭੀਗੇ ਸ਼ਿਆਮ ਸੰਗ

ਅੰਤਰਾ :–ਸੁਨੋ ਸਖੀ ਗੀ ਬਾਨੀ ਸੰਤਨ ਕੀ

ਸੁੱਖ ਸਭ ਸੋਹਤ ਤੋਰੇ ਗਰ ਕੀ

## ਰਾਗ ਖਮਾਜ (ਤਿੰਨ ਤਾਲ)
## ਮੱਧ ਲੈਅ (ਛੋਟਾ ਖਿਆਲ)

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | ਸਥਾਈ | | | | ਨੀ | ਸ | ਨੀ | ਧ | ਪ | ਪ | ਗ | ਮ |
| | | | | | | | | ਆ | ऽ | ਵੋ | | ਆ | ऽ | ਵੋ | ऽ |
| ਪ | ਪ | ਧ | ਪ | ਨੀ | ਨੀ | ਸਂ | ਸਂ | | | | | | | | |
| ਹੋ | ऽ | ਲੀ | ऽ | ਖੇ | ऽ | ਲੇ | ऽ | | | | | | | | |
| | | | | | | | | ਸ | ਸ | ਗ | ਮ | ਪ | ਪ | ਧ | ਪ |
| | | | | | | | | ਤ | ਨ | ਮ | ਨ | ਭੀ | ऽ | ਗੇ | ऽ |
| ਪਧ | ਸਨੀ | ਧ | ਪ | ਮ | ਗ | ਪ | ਪ | | | | | | | | |
| ਸਿ | ऽऽ | ਮ | ऽ | ਸੰ | ऽ | ਗ | ऽ | | | | | | | | |
| | | | | ਅੰਤਰਾ | | | | | | | | | | | |
| | | | | | | | | ਪ | ਪ | ਗ | ਪ | ਪ | ਪ | ਨੀ | ਨੀ |
| | | | | | | | | ਸੁ | ਨੋ | ऽ | ਸ | ਖੀ | ऽ | ਰੀ | ऽ |
| ਸਂ | ਸਂ | ਸਂ | ਸਂ | ਨੀ | ਨੀ | ਸ | ਸ | | | | | | | | |
| ਬਾ | ऽ | ਨੀ | ਸੰ | ਤ | ਨ | ਕੀ | ऽ | | | | | | | | |
| | | | | | | | | ਨੀ | ਧਂ | ਨੀ | ਧ | ਪ | ਧ | ਮ | ਪ |
| | | | | | | | | ਸ | ਖ | ਸ | ਬ | ਸੋ | ऽ | ਹ | ਤ |
| ਨੀ | ਨੀ | ਨੀ | ਨੀ | ਸਂ | ਨੀ | ਸਂ | ਸਂ | | | | | | | | |
| ਤੋ | ऽ | ਰੇ | ऽ | ਹ | ਰੀ | ਕੀ | ऽ | | | | | | | | |

## ਰਾਗ ਖਮਾਜ (ਤਾਨਾਂ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| ਸਗ | ਮਪ | ਧਨੀ | ਸਂਨੀ | ਧਪ | ਧਮ | ਗਰੇ | ਰੇਸ | ਆ | ऽ | ਵੋ | ऽ | ਆ | ऽ | ਵੋ | ऽ |
| ਗਮ | ਪਧ | ਨੀਨੀ | ਸਂਸਂ | ਨੀਧ | ਧਮ | ਗਰੇ | ਰੇਸ | — | — | — | — | — | — | — | — |
| ਪਧ | ਗਮ | ਪਧ | ਧਮ | ਗਮ | ਧਨੀ | ਸਂਰੇਂ | ਸਂਸਂ | — | — | — | — | — | — | — | — |
| ਗਗ | ਪਧ | ਨੀਧ | ਪਧ | ਮਧ | ਧਪ | ਗਗ | ਰੇਸ | — | — | — | — | — | — | — | — |
| ਗਮ | ਧਮ | ਮਧ | ਧਪ | ਗਮ | ਧਪ | ਨੀਧ | ਪਧ | ਗਮ | ਧਪ | ਨੀਸਾਂ | ਨੀਂਸ | ਨੀਧ | ਧਮ | ਗਰੇ | ਸऽ |

## ਰਾਗ ਭੈਰਵ

**ਸਾਧਾਰਨ ਪਹਿਚਾਣ** :-ਇਹ ਰਾਗ ਭੈਰਵ ਥਾਟ ਜਹਾਣ ਰਾਗ ਹੈ। ਇਸ ਰਾਗ ਵਿਚ ਰੇ ਧ ਸਵਰ ਕੋਮਲ ਤੇ ਬਾਕੀ ਦੇ ਸਰਵ ਸ਼ੁੱਧ ਲਗਦੇ ਹਨ। ਇਹ ਸੰਪੂਰਨ ਜਾਤੀ ਦਾ ਰਾਗ ਹੈ। ਰਾਗ ਦਾ ਵਾਦੀ ਸਵਰ ਧ (ਧੈਵਰ) ਅਤੇ ਸੰਵਾਦੀ ਸਵਰ ਰੇ

ਥਾਟ — ਭੈਰਵ
ਸਵਰ — ਰੇ ਧ ਕੋਮਲ, ਬਾਕੀ ਸ਼ੁਧ ਸਵਰ
ਵਾਦੀ — ਧ
ਸੰਵਾਦੀ — ਰੇ
ਵਰਜਿਤ ਸਵਰ — ਕੋਈ ਨਹੀਂ
ਜਾਤੀ — ਸੰਪੂਰਨ-ਸੰਪੁਰਨ
ਅੰਗ — ਉਤਰਾਂਗ ਵਾਦੀ
ਸਮਾਂ — ਪ੍ਰਾਤ ਕਾਲ ਦੀ ਸੰਧੀ ਬੇਲਾ
ਪ੍ਰਕਿਰਤੀ — ਗੰਭੀਰ
ਆਰੋਹ — ਸ ਰੇ ਗ ਮ ਪ ਧ ਨੀ ਸਂ
ਅਵਰੋਹ — ਸਂ ਨੀ ਧ ਪ ਮ ਗ ਰੇ ਸ
ਪਕੜ — ਗ ਮ ਧ ਪ, ਗ ਮ ਰੇ, ਰੇ ਸ

### ਆਲਾਪ

(1) ਸ ਰੇ ऽ ਰੇ ऽ ਸ, ਧ ਨੀ ਸ, ਗ ਪ ਰੇ ऽ, ਰੇ ਸ

(2) ਧ ਨੀ ਸ ਰੇ ਰੇ, ਸਂ ਨੀਂ ਧ ਧ, ਨੀ ਧ ऽ ਧ, ਮ ਪ ਧ ऽ ਪ, ਧ ਮ ਪ, ਗ ਮ ਪ ਗ ਮ ਧ - ਧ ऽ ਪ, ਮ ਪ ऽ ਗ ਮ ਰੇ ऽ ਰੇ ਧ

(3) ਗ ਮ ਧ-ਧ ਨੀ ਸਂ ਰੇਂ ऽ ਰੇਂ ਸਂ ਰੇਂ ऽ ਰੇਂ ਧ ਨੀ ਧ ਪ, ਗ ਮ ਧ ऽ ਨੀ ਸ ऽ ਪ ਧ ਪ ਮ ਗ ਮ, ਧ ਪ, ਮ ਪ ऽ ਗ ਪ ਰੇ ऽ ਰੇ ऽ ਸ

### ਬੰਦਿਸ਼ ਦੀ ਬੋਲ

ਸਥਾਈ — ਨਿਸ ਦਿਨ ਗਾਵਤ ਤੋਹੇ ਧਿਆਵਨ
ਮੰਨ ਦੀ ਮੈਲ ਧੋਵਤ ਜਾਵਤ
ਅੰਤਰਾ — ਮਨਵਾ ਮੋਰਾ ਮੰਨ ਸੁਖ ਪਾਵਤ
ਨਜਰ ਭਰੋ ਅਬ ਜਗ ਕੇ ਤਾਰਕ

## ਰਾਗ ਭੈਰਵ 'ਛੋਟਾ ਖਿਆਲ'

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| | | | | ਸਥਾਈ | | | | ਸ | ਮ | ਗ | ਮ | ਪ | ਧ | ਪ | ਪ |
| | | | | | | | | ਨਿ | ਸ | ਦਿ | ਨ | ਗਾ | ऽ | ਵ | ਤ |
| ਗ | ਗ | ਮ | ਗ | ਰੇ | ਰੇ | ਸ | ਸ | | | | | | | | |
| ਤੋ | ऽ | ਹੇ | ਧਿ | ਆ | ऽ | ਵ | ਤ | | | | | | | | |
| | | | | | | | | ਸ | ਨੀ | ਧ | ਨੀ | ਸ | ਰੇ | ਸ | ਸ |
| | | | | | | | | ਮੰ | ਨ | ਕੀ | ऽ | ਮੈ | ऽ | ਲ | ऽ |
| ਗ | ਗ | ਗ | ਮ | ਰੇ | ਰੇ | ਸ | ਸ | | | | | | | | |
| ਧੋ | ऽ | ਵ | ਤ | ਜਾ | ऽ | ਵ | ਤ | | | | | | | | |
| | | | | ਅੰਤਰਾ | | | | | | | | | | | |
| | | | | | | | | ਮ | ਮ | ਪ | ਪ | ਧ | ਧ | ਨੀ | ਨੀ |
| | | | | | | | | ਮ | ਨ | ਵਾ | ऽ | ਮੋ | ऽ | ਰਾ | ऽ |
| ਸਂ | ਸਂ | ਸਂ | ਸ | ਰੇਂ | ਰੇਂ | ਸਂ | ਸਂ | | | | | | | | |
| ਮ | ਨ | ਸ | ਖ | ਪ | ऽ | ਵ | ਤ | | | | | | | | |
| | | | | | | | | ਸਂ | ਰੇਂ | ਗਂ | ਗਂ | ਰੇਂ | ਰੇਂ | ਸਂ | ਸਂ |
| | | | | | | | | ਨ | ਜ | ਰ | ਭ | ਰੋ | ऽ | ਅ | ਬ |
| ਸਂ | ਨੀ | ਧ | ਪ | ਮ | ਗ | ਰੇ | ਸ | | | | | | | | |
| ਜ | ਗਂ | ਕੇ | ऽ | ਤਾ | ऽ | ਰ | ਕ | | | | | | | | |

## ਰਾਗ ਭੈਰਵ ਛੋਟਾ ਖਿਆਲ (ਤਾਨਾਂ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਰੇ | ਗਮ | ਪਮ | ਗਮ | ਧਪ | ਮਪ | ਮਗ | ਰੇਸ | (ਗਤ) | – | – | – | – | – | – | – |
| ਗਮ | ਧਪ | ਗਮ | ਧਨੀ | ਸਂਨੀ | ਧਪ | ਮਗ | ਰੇਸ | (ਗਤ) | – | – | – | – | – | – | – |
| ਪਮ | ਗਮ | ਰੇਰੇ | ਸ– | ਸਰੇ | ਗਮ | ਰੇਰੇ | ਸ– | (ਗਤ) | – | – | – | – | – | – | – |
| ਗਮ | ਗਰੇ | ਗਮ | ਪਮ | ਗਰੇ | ਗਮ | ਧਪ | ਮਪ | ਗਮ | ਗਰੇ | ਗਮ | ਧਨੀ | ਸਂਨੀ | ਧਪ | ਮਗ | ਰੇਸ (ਸਮ) |
| ਸਰੇ | ਗਮ | ਗਰੇ | ਗਮ | ਪਮ | ਗਮ | ਗਰੇ | ਗਮ | ਧਨੀ | ਸਂਨੀ | ਧਪ | ਮਪ | ਗਮ | ਗਰੇ | ਗਰੇ | ਸ– (ਸਮ) |

## ਰਾਗ ਭੈਰਵ (ਵੱਡਾ ਖਿਆਲ) ਇਕ ਤਾਲ (12 ਮਾਤਰਾ)

**ਬੰਦਿਸ਼ ਦੇ ਗੋਲ**

**ਦਾਸ ਜਾਗੋ ਜਾਗੋ ਹਰੀ ਕੇ**

**ਰੰਗ ਮੇ ਰੰਗੀ ਭੋਰ, ਸੁਖ ਔਰ ਸਬ ਮੰਗਲ**

**ਅੰਤਰਾ : ਵਨ ਵਨ ਮੋਰ ਬੋਲੇ,**

**ਡਾਲ ਡਾਲ ਫੁੱਲ ਝੁਲੇ ਮਨਵਾ ਮੋਰਾ ਕਾਹੇ ਡੋਲੇ।**

**ਸੁਰਲਿਪੀ**

ਮਨਵਾ ਮੋਰਾ ਕਾਹੇ ਡੋਲੇ।

| | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |
| ਸਥਾਈ | | | | | | | | | | | |
| ਸ | ਪ | ਮ | ਪ | ਪ | ਗ | ਮ | ਮ | ਗ | ਸ | ਰੇ | ਗ |
| ਦਾ | ऽ | ਸ | ਜਾ | ऽ | ਗੋ | ਜਾ | ऽ | ਗੋ | ਹ | ਰੀ | ਕੇ |
| ਸ | ਸ | ਰੇ | ਸ | ਨੀ | ਸ | ਗ | ਗ | ਮ | ਰੇ | ਰੇ | ਸ |
| ਰੰ | ऽ | ਗ | ਮੇ | ऽ | ਰੰ | ਗੀ | ऽ | ऽ | ਭੋ | ऽ | ਰ |
| ਸ | ਰੇ | ਗ | ਮ | ਪ | ਪ | ਪ | ਪ | ਸਂਨੀ | ਧਪ | ਮਗ | ਰੇਸ |
| ਸ | ਖ | ਮੰ | ऽ | ਗ | ਲ | ਸ | ਬ | ਔऽ | ऽऽ | ਰऽ | ऽऽ |
| ਅੰਤਰਾ | | | | | | | | | | | |
| ਮ | ਗ | ਮ | ਪ | ਧ | ਪ | ਸਂ | ਸਂ | ਨੀ | ਰੇ | ਰੇਂ | ਸ |
| ਵ | ਨ | ऽ | ਵ | ਨੀ | ऽ | ਮੋ | ऽ | ਰ | ਬੋ | ऽ | ਲੇ |
| ਸਂ | ਰੇਂ | ਸਂ | ਨੀ | ਧ | ਨੀ | ਧ | ਪ | ਧ | ਧ | ਪ | ਪ |
| ਡਾ | ऽ | ਲ | ਡਾ | ऽ | ਲ | ਫੁੱ | ऽ | ਲ | ਝੁ | ऽ | ਲੇ |
| ਪ | ਧ | ਸਂ | ਨੀ | ਧ | ਪ | ਗ | ਗ | ਮ | ਰੇ | ਰੇ | ਸ |
| ਮੰ | ਨ | ਵਾ | ऽ | ਮੋ | ਰਾ | ਕਾ | ऽ | ਹੇ | ਡੋ | ऽ | ਲੇ |

## ਅਧਿਆਇ-12

# ਤਾਲਾਂ

### (ਇਕ ਤਾਲ, ਰੁਪਕ ਤਾਲ, ਚੌਤਾਲ)

## ਇਕ ਤਾਲ

ਇਕ ਤਾਲ 12 ਮਾਤਰਾਵਾਂ ਦੀ ਤਾਲ ਹੈ। ਇਸ ਤਾਲ ਦੇ ਦੋ-ਦੋ ਮਾਤਰਾਵਾਂ ਦੇ ਛੇ ਵਿਭਾਗ ਹੁੰਦੇ ਹਨ। ਇਸ ਤਾਲ ਦੀ ਪਹਿਲੀ ਮਾਤਰਾ ਤੇ ਸਮ ਦਾ ਪਹਿਲ ਤਾਲੀ ਤਾਲੀ, ਦੂਸਰੀ ਤਾਲੀ ਪੰਜਵੀਂ ਮਾਤਰਾ ਤੇ ਤੀਜੀ ਤਾਲੀ ਨੌਵੀਂ ਮਾਤਰਾ ਤੇ ਅਤੇ ਚੌਥੀ ਤਾਲੀ ਗਿਆਰਵੀਂ ਮਾਤਰਾ ਤੇ ਹੁੰਦੀ ਹੈ, ਤਿੰਨ ਅਤੇ ਸੱਤ ਮਾਤਰਾ ਖਾਲੀ ਹੁੰਦੀ ਹੈ। ਇਸ ਤਾਲ ਦਾ ਜ਼ਿਆਦਾ ਪ੍ਰਚਲਨ ਵੱਡੇ ਖਿਆਲ ਦੀ ਸੰਗਤ ਨਾਲ ਹੁੰਦੀ ਹੈ। ਇਹ ਵੀ ਤਬਲੇ ਦੀ ਪ੍ਰਚਲਿਤ ਤਾਲ ਹੈ। ਇਹ ਤਾਲ ਮੱਧ ਲੈਅ ਵਿਚ ਖਿਆਲ ਅਤੇ ਸੁਤੰਤਰ ਵਾਦਨ ਵਿਚ ਜ਼ਿਆਦਾ ਪ੍ਰਭਾਵਸ਼ਾਲੀ ਹੈ। ਨ੍ਰਿਤ ਤੰਤਰ ਵਾਦਾ ਵਿਚ ਇਹ ਮੱਧ ਲੈਅ ਤੇ ਟਰੁਤ ਲੈਣ ਨਾਲ ਵਜਾਈ ਜਾਂਦੀ ਹੈ।

| ਮਾਤ੍ਰਾ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਬੋਲ | ਧਿੰ | ਧਿੰ | ਧਾਗੇ | ਤਿਰਕਟ | ਤੂੰ | ਨਾ | ਕ | ਤਾ | ਧਾਗੇ | ਤਿਰਕਟ | ਧਿੰ | ਨਾ |
| ਇਕ ਗੁਣ | | | | | | | | | | | | |
| ਦੁਗਣ | ਧਿੰਧਿੰ | ਧਾਗੇ ਤਿਰਕਟ | ਤੂੰਨਾ | ਕਤਾ | ਧਾਗੇ ਤਿਰਕਟ | ਧਿੰਨਾ | ਧਿੰਧਿੰ | ਧਾਗੇ ਤਿਰਕਟ | ਤੂੰਨਾ | ਕਤਾ | ਧਾਗੇ ਤਿਰਕਟ | ਧਿੰਨਾ |
| ਚਿੰਨ | × | | 0 | | 2 | | 0 | | 3 | | 4 | |

### ਰੁਪਕ ਤਾਲ

#### ਸਾਧਾਰਨ ਜਾਣ-ਪਛਾਣ

ਰੁਪਕ ਤਾਲ ਦੀਆਂ ਸੱਤ ਮਾਤਰਾਵਾਂ ਹੁੰਦੀਆਂ ਹਨ। ਇਸ ਤਾਲ ਤੇ 3-2-2 ਮਾਤਰਾਵਾਂ ਨੂੰ ਤਿੰਨ ਵਿਭਾਗ ਹੁੰਦੇ ਹਨ। ਇਸ ਤਾਲ ਦੀ ਪਹਿਲੀ ਮਾਤਰਾ ਤੇ ਸਮ ਤੇ ਖਾਲੀ ਦਾ ਮਤਵੇਦ ਹੋ ਕਈ ਵਿਦਵਾਨ ਪਹਿਲੀ ਮਾਤਰਾ ਤੇ ਖਾਲੀ ਮੰਨਦੇ ਹਨ ਤੇ ਕਈ ਤਾਲੀ ਮੰਨਦੇ ਹਨ। ਤਾਲ ਦੀ ਪਹਿਲੀ ਮਾਤਰਾ ਤੇ ਸਮ ਹੋਣ ਕਾਰਨ ਖਾਲੀ ਮੰਨਣਾ ਠੀਕ ਨਹੀਂ। ਇਸ ਲਈ ਜਦੋਂ ਇਹ ਤਾਲ ਹੱਥ ਤੇ ਵਜਾਈ ਜਾਂਦੀ ਹੈ ਤਾਂ ਪਹਿਲੀ ਮਾਤਰਾ ਤੇ ਖਾਲੀ ਮੰਨਦੇ ਹਨ। ਇਸ ਲਈ ਇਸ ਤਾਲ ਦੀ ਪਹਿਲੀ ਮਾਤਰਾ ਖਾਲੀ ਤੇ ਚੌਥੀ ਤੇ ਛੇਵੀ ਮਾਤਰਾ ਤੇ ਕ੍ਰਮਵਾਰ ਪਹਿਲੀ ਤੇ ਦੂਜੀ ਤਾਲੀ ਹੁੰਦੀ ਹੈ। ਇਹ ਤਾਲ ਵੀ ਤਬਲੇ ਪ੍ਰਚਲਿਤ ਤਾਲ ਹੈ ਇਸ ਦਾ ਪ੍ਰਯੋਗ ਛੋਟੇ ਖਿਆਲਾ, ਭਜਨ, ਸ਼ਬਦ, ਗ਼ਜ਼ਲ, ਮਸੀਤਖਾਨੀ ਗਤ ਨਾਲ ਕੀਤਾ ਜਾਂਦਾ ਹੈ।

| ਮਾਤ੍ਰਾ | 1 | 2 | 3 | 4 | 5 | 6 | 7 |
|---|---|---|---|---|---|---|---|
| ਬੋਲ | ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ |
| ਇਕ ਗੁਣ | | | | | | | |
| ਦੁਗਣ | ਤਿੰਤਿੰ | ਨਾਧਿੰ | ਨਾਧਿੰ | ਨਾਤਿੰ | ਤਿੰਨਾ | ਧਿੰਨਾ | ਧਿੰਨਾ |
| ਚਿੰਨ | 0 | | | 1 | | 2 | |

## ਚੌਤਾਲ
## ਸਾਧਾਰਨ ਜਾਣ-ਪਛਾਣ

ਚੌਤਾਲ 12 ਮਾਤਰਾ ਦੀ ਤਾਲ ਹੈ ? ਇਸ ਤਾਲ ਦੇ 2-2 ਮਾਤਰਾ ਦੇ ਛੇ ਵਿਭਾਗ ਹੁੰਦੇ ਹਨ ਇਸ ਤਾਲ ਦੀ ਪਹਿਲੀ ਮਾਤਰਾ ਤੇ ਸਮ ਜਾਂ ਤਾਲੀ, ਪੰਜਵੀਂ ਮਾਤਰਾ ਤੇ ਦੂਜੀ ਤਾਲੀ, ਨੌਵੀਂ ਮਾਤਰਾ ਤੇ ਤੀਜੀ ਤਾਲੀ ਅਤੇ ਗਿਆਰਵੀਂ ਮਾਤਰਾ ਤੇ ਚੌਥੀ ਤਾਲੀ ਹੈ, ਇਸ ਤਾਲ ਦੀ ਤੀਜੀ ਤੇ ਸੱਤਵੀਂ ਮਾਤਰਾ ਖਾਲੀ ਹੈ। ਚੌਤਾਲ ਪਖਾਵਜ ਤੇ ਵੱਜਣ ਵਾਲੀ ਤਾਲ ਹੈ। ਇਸ ਤਾਲ ਦੇ ਪ੍ਰਯੋਗ ਧਰੁਪਕ ਅੰਗ ਦੀ ਗਾਇਕੀ ਨਾਲ ਸੰਗਤ ਕਰਨ ਲਈ ਸੁਤੰਤਰ ਵਾਦਕ ਵਿਚ ਵੀ ਕੀਤਾ ਜਾਂਦਾ ਹੈ। ਇਹ ਗੰਭੀਰ ਪ੍ਰਕਿਰਤੀ ਦੀ ਤਾਲ ਹੈ, ਇਸ ਖੁੱਲ੍ਹੇ ਹੱਥਾਂ ਨਾਲ ਵਜਾਇਆ ਜਾਂਦਾ ਹੈ।

| ਮਾਤ੍ਰਾ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਬੋਲ | ਧਾ | ਧਾ | ਧਿੰ | ਤਾ | ਕਿਟ | ਧਾ | ਧਿੰ | ਤਾ | ਤਿਟ | ਕਤ | ਗਾਦਿ | ਗਨ |
| ਇਕ ਗੁਣ | | | | | | | | | | | | |
| ਦੁਗਣ | ਧਾਧਾ | ਧਿੰਤਾ | ਕਿਧਾ | ਧਿੰਤਾ | ਤਿਟਕਟ | ਗਾਦਿ ਗਨ | ਧਾਧਾ | ਧਿੰਤਾ | ਕਿਧਾ | ਧਿੰਤਾ | ਤਿਟਕਤ | ਗਦਿ ਗਨ |
| ਚਿੰਨ | × | | 0 | | 2 | | 0 | | 3 | | 4 | |

## ਅਧਿਆਇ-13

# ਲੋਕ ਗੀਤ

### ਉੱਡਦਾ ਵੇ ਜਾਵੀ ਵੇ ਕਾਂਵਾਂ

ਬੈਦੜਾ ਜਾਵੀ ਵੇ, ਬੈਦੜਾ ਜਾਵੀ ਮੇਰੇ ਪੇਕੜੇ

(1) ਇਕ ਨਾ ਦਸੀ ਅੜਿਆ ਬਾਬੁਲ ਰਾਜੇ ਨੂੰ

ਰਉਗਾ ਭਰੀ ਕਚਹਿਰੀ ਛੋਡ ਕੇ

ਮੈ ਵਾਰੀ ਜਾਵਾ......

(2) ਇਕ ਨਾ ਦਸੀ ਮੇਰੀ ਮਾਂ ਰਾਣੀ ਨੂੰ

ਰਉਗੀ ਗੁੱਡੀਆਂ ਪਟੋਲੇ ਫਰੋਲ ਕੇ

ਮੈਂ ਵਾਰੀ ਜਾਵਾਂ......

(3) ਇਕ ਨਾ ਦਸੀ ਮੇਰੀ ਭੈਣ ਰਾਣੀ ਨੂੰ

ਰਉਗੀ ਵੇਖ ਤ੍ਰਿੰਝਣਾ ਝੂਟ ਕੇ

ਮੈ ਵਾਰੀ ਜਾਵਾਂ......

(4) ਦਸੀ ਵੇ ਦਸੀ ਕਾਂਵਾਂ, ਵੀਰ ਮੇਰੇ ਨੂੰ

ਆਊਗਾ ਨੀਲਾ ਘੋੜਾ ਵੀਹੜਕੇ

ਮੈ ਵਾਰੀ ਜਾਵਾਂ......

| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| | | | | | | | | ਸਥਾਈ | | | | | | | |
| | | | | | | | | | | | | | ਸ | ਗ | ਗ |
| | | | | | | | | | | | | | ਉੱਡ | ਦਾ | ਤੇ |
| ਸਮ | ਮਗ | ਮਪ | ਪ | — | ਪ | ਨੀਪ | ਮ | ਗਮ | ਮਗ | ਮਨੀ | ਪ | — | | | |
| ਜਾऽ | ਵੀऽ | ਕਾऽ | ਵਾ | ऽ | ਬੇ | ऽਦ | ऽੜਾ | ਜਾऽ | ਧੀऽ | ਵੇऽ | ऽ | ऽ | | | |
| | | | | | | | | | | | | | ਪ- | ਸਨੀ | -ਸ |
| | | | | | | | | | | | | | ਬੇऽ | ऽਦ | ऽੜਾ |
| ਨੀਪ | ਪਨੀ | ਪਮ | -ਗ | ਮ | — | — | ਪਮ | ਗ | — | ਨੀ | ਸ | — | | | |
| ਜਾऽ | ਵੀऽ | ऽਏ | ऽਰੇ | ਪੇ | ऽ | ऽ | ਕऽ | ੜੇ | ऽ | ऽ | ऽ | ऽ | | | |
| | | | | | | | | | | | | | ਸ | ਗ | ਗ |
| | | | | | | | | | | | | | ਉੱਡ | ਦਾ | ਤੇ |
| ਗਮ | ਮਗ | ਮਨੀ | ਧਨੀ | ਪਧ | ਧ | ਪ | — | — | — | — | — | — | | | |
| ਜਾऽ | ਵੀऽ | ਕਾऽ | ऽऽ | ਵਾऽ | ऽ | ऽ | ऽ | ऽ | ऽ | ऽ | ऽ | ऽ | | | |

**ਅੰਤਰਾ**

| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| | | | | | | | | | | | | | ਗ | ਗ | ਮ |
| | | | | | | | | | | | | | ਇ | ਕ | ਨਾ |
| ਪ | ਨੀ | ਨੀ | ਸ | — | ਪਸ | ਸਂ | ਸਂ | ਸਂਨੀ | ਰੇਂਸਂ | ਨੀ | ਧ | ਪ | | | |
| ਦ | ਸੀ | ਅੜੇ | ਆ | ऽ | ਬਾऽ | ਬਲ | ਰਾ | ਜੇऽ | ऽऽ | ਨੂੰ | ऽ | ऽ | | | |
| | | | | | | | | | | | | | ਨੀ | ਨੀ | ਨੀ |
| | | | | | | | | | | | | | ਰੋ | ਉ | ਗਾ |
| ਪਧ | -ਧ | ਪ | ਮ | ਮਧ | ਪਮ | ਗ | ਗਮ | ਰੇ | ਗ | ਮ | ਪ | — | | | |
| ਭਰੀ | ऽਕ | ਚੈ | ਰੀ | ਛੋऽ | ऽੜ | ਕ | ਮੈऽ | ਵਾ | ਰੀ | ਜਾ | ਵਾ | ऽ | | | |
| | | | | | | | | | | | | | ਨੀ | ਨੀ | ਨੀ |
| | | | | | | | | | | | | | ਰੋ | ਉ | ਗਾ |

## ਅਧਿਆਇ-14

# ਦੇਸ਼ ਭਗਤੀ ਗਾਨ -1

ਉਠੋ ਜਵਾਨ ਦੇਸ਼ ਕੀ ਵਸੁੰਧਰਾ ਪੁਕਾਰਤੀ

ਦੇਸ਼ ਰੇ ਪੁਕਾਰਤਾ ਪੁਕਾਰਤੀ ਮਾਂ ਭਾਰਤੀ

1. ਰੰਗਾਂ ਮੇਂ ਤੇਰੇ ਬਹਿ ਰਗ ਹੈ ਖ਼ੂਨ ਰਾਮ ਔਰ ਸ਼ਾਮ ਕਾ

ਜਗਦ ਗੁਰੂ ਗੋਵਿੰਦ ਔਰਤ ਰਾਜਪੂਤੀ ਸ਼ਾਨ ਕਾ

ਤੂ ਚਲ ਪੜਾ ਤੋ ਚਲ ਪੜੇਗਾ ਸਾਥ ਤੇਰੇ ਭਾਰਤੀ...... ਸਾਥ ਤੇਰੇ ਭਾਰਤੀ

2. ਉਠਾ ਖੜਗ ਬੜ੍ਹਾ ਕਦਮ, ਕਦਮ ਕਦਮ ਬੜ੍ਹਾਏ ਜਾ

ਕਦਮ ਕਦਮ ਪੇ ਦੁਸ਼ਮਨੋ ਕੇ ਧੜ ਸੇ ਸਰ ਉੜਾਏ ਜਾ

ਉਠੇਗਾ ਵਿਸ਼ਵ ਹਾਥ ਜੋੜ ਕਰਨੇ ਤੇਹੀ ਆਰਤੀ...... ਕਰਨੇ ਤੇਰੀ ਆਰਤੀ

3. ਤੋੜ ਕਰ ਪਰਾ ਕੋ ਫੌੜ ਆਸਮਾ ਕੀ ਕਾਲੀ ਮਾਂ

ਜਗਾ ਦੇ ਸੁਪਰਭਾਤ ਕੋ ਫੈਲਾ ਦੇ ਅਪਨੀ ਲਾਲੀਆਂ

ਤੇਰੀ ਸ਼ੁਬ ਕੀਰਤੀ ਵਿਸ਼ਵ ਸੰਕਟੋ ਕੋ ਭਾਰਤੀ...... ਸੰਕਟੋ ਕੋ ਭਾਰਤੀ

4. ਹੈ ਸ਼ਤਰੂ ਦਨਦਨਾ ਰਗ ਹੈ ਚੰਹੁ ਦਿਸ਼ਾ ਮੇ ਦੇਸ਼ ਕੀ

ਪਤਾ ਬਤਾ ਰਹੀ ਹਮੇਂ ਕਿਰਣ-ਕਿਰਣ ਦਿਨੇਸ਼ ਕੀ

ਔ ਚਕ੍ਰਵਰਤੀ ਵਿਸ਼ਵਜਈ ਮਾਤਰੀ ਭੂ ਨਿਹਾਰਤੀ...... ਮਾਤ੍ਰੀ ਭੂ ਨਿਹਾਰਤੀ।

| × | | | | 0 | | | | × | | | | 0 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
| ਸਥਾਈ | | | | | | | | | | | | | | | |
| ਸਮ | -ਮ | ਗ | ਮ | - | - | - | - | ਸਮ | -ਗ | ਸਨੀ | ਧ | - | - | - | - |
| ਉਠੋ | ऽਜ | ਵਾ | ਨ | ऽ | ऽ | ऽ | ऽ | ਉਠੋ | ऽਜ | ਵਾऽ | ਨਾ | ऽ | ऽ | ऽ | ऽ |
| ਸਮ | -ਮ | ਗ | ਸ | - | ਸਰੇ | ਸ | ਸ | ਸਮ | -ਮ | ਗ | ਮ | ਸ | ਰੇ | ਸਨੀ | - |
| ਉਠੋ | ऽਜ | ਵਾ | ਨ | ऽ | ਦੇਸ਼ | ਕੀ | ऽ | ਵਸੰ | ਧ | ਰਾ | ऽ | ਪਕਾ | ऽਰ | ਤੀ | ऽ |
| ਨੀ | ਨੀ | ਨੀ | ਪ | ਰੇ | ਰੇਸ | ਰੇ | - | ਰੇ | ਰੇ | ਗ | ਧ | - | ਪਪ | ਮ | - |
| ਅੰਤਰਾ | | | | | | | | | | | | | | | |
| ਸ | -ਸ | ਸ | ਸ | ਰੇਸ | ਨੀਸ | ਰੇ | ਰੇ | ਰੇ | ਰੇ | ਰੇ | ਰੇ | ਗ ਗ | -ਰੇ | ਸ | - |
| ਰੰਗ | ऽਮੇਂ | ਤੇ | ਰੇ | ਬਹਿ | ऽਰ | ਹਾ | ਹੈ | ਖ | ਨ | ਰਾਮ | ਔਰ | ਸ਼ਿਆ | ऽਮ | ਕਾ | ऽ |
| ਸ | -ਸ | ਸ | ਸ | ਰੇਸ | ਨਿਸ | ਰੇ | ਰੇ | ਰੇ | ਰੇ | ਰੇ | ਰੇ | ਗ ਗ | -ਰੇ | ਸ | ਸ |
| ਜਗ | ਦਗ | ਰੂ | ਗੋਂ | ਵਿੰ | ਦ | ਔਹ | ਰ | ਰਾ | ਜ | ਪੂ | ਤੀ | ਸ਼ਾਹ | ऽਨ | ਕਾ | ऽ |
| ਮ | ਮਪ | ਧ | ਪ | ਧਮ | -ਧ | ਪ | ਮ | ਮਧ | -ਪ | ਮ | ਗ | - | ਗਰੇ | ਸ | ऽ |
| ਤੂ | ਚਲ | ਪੜਾ | ਤੋ | ਚਲ | ऽਪ | ੜੇ | ਗੀ | ਸਾ | ऽਥ | ਤੇ | ਰੇ | ऽ | ਭਾਰ | ਤੀ | ऽ |
| ਰੇ | -ਰੇ | ਗ | ਧ | - | ਪਮ | ਮ | - | | | | | | | | |
| ਸਾ | ऽਥ | ਤੇ | ਰੇ | ऽ | ਭਾਰ | ਤੀ | ऽ | | | | | | | | |

# ਦੇਸ਼ ਭਗਤੀ ਗਾਨ-2

**ਸਥਾਈ** : ਹਮ ਬੰਗਾਲੀ ਹਮ ਪੰਜਾਬੀ ਹਮ ਗੁਜਰਾਤੀ ਮਦ੍ਰਾਸੀ ਹੈਂ
ਲੇਕਿਨ ਹਮ ਇਨ ਸਬਸੇ ਪਹਿਲੇ ਕੇਵਲ ਭਾਰਤੀ ਵਾਸੀ ਹੈਂ

**ਅੰਤਰ** : ਹਮੇਂ ਸਤਿਆ ਕੇ ਪਥ ਪਰ ਚੱਲਣਾ ਪੁਰਖੋ ਨੇ ਸਿਖਲਾਇਆ
ਜੋ ਹਮਨੇ ਉਨਸੇ ਸੀਖਾ ਹੈ ਉਸ ਪਰ ਚਲਤੇ ਜਾਨਾ ਹੈ।
ਹਮ ਸਭਾ ਸਹੀ ਸੱਚੀ ਬਾਤੇਂ ਕਰਨੇ ਕੇ ਅਭਿਆਸੀ ਹੈਂ

**ਅੰਤਰ** : ਹਮ ਅਪਨੇ ਹਾਤੋਂ ਮੇਂ ਲੇਕਰ ਅਪਨਾ ਭਾਗਿਆ ਬਨਾਤੇ ਹੈਂ
ਮੇਹਨਤ ਕਰਕੇ ਬੰਜ ਧਰਤੀ ਪਰ ਸੌਨਾ ਉਪਜਾਤੇ ਹੈਂ
ਪੱਥਰ ਕੋ ਭਗਵਾਨ ਬਨਾ ਦੇ ਹਮ ਐਸੇ ਵਿਸ਼ਵਾਸੀ ਹੈਂ

**ਅੰਤਰ** : ਵੋ ਭਾਸ਼ਾ ਹਮ ਨਹੀਂ ਬੋਲਤੇ ਬੈਰ ਭਾਵ ਸਿਖਲਾਈ ਜੋ
ਮੀਠੀ ਬੋਲੀ ਬੋਲ ਕੇ ਕੋਇਲ ਸਬ ਕੇ ਮਨ ਕੋ ਭਾਤੀ ਵੋ
ਜਿਸ ਕੇ ਪ੍ਰੇਮ ਸੇ ਅਕਸਰ ਭਰੇ ਪ੍ਰੇਮ ਸੇ ਹਮ ਸਭ ਭਾਸ਼ਾ ਭਾਸ਼ੀ ਹੈ।

| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | | | | | | | | |
| ਸ | ਸਧੁ | ਪ | ਮ | ਮ | ਮ | ਮ | ਮ | ਸ | ਸਮ | ਸ | ਸਮ | ਸ | ਸ | ਨ਼ੀ | ਨ਼ੀ |
| ਹਮ | ਬੰ | ਗਾ | ਲੀ | ਹਮ | ਪੰ | ਜਾ | ਬੀ | ਗੁਜ | ਹਾ | ਤੀ | ਮਦ | ਗ | ਸੀ | ਹੈਂ | ऽ |
| ਨੀ | ਨੀ | ਗ | ਗ | ਪ | ਪ | ਪ | ਪ | ਗ | ਗ | ਮ | ਧ | ਪ | ਪ | ਸ | ਸ |
| ਲੇ | ਕਿਨ | ਹਮ | ਇਨ | ਸਬ | ਸੇ | ਪਹਿ | ਲੇ | ਕੇ | ਵਲ | ਭਾ | ਰਤ | ਵਾ | ਸੀ | ਹੈਂ | ऽ |
| ਅੰਤਰਾ | | | | | | | | | | | | | | | |
| ਸੰ | ਸੰ | ਨੀ | ਧ | ਪ | ਮ | ਮ | ਪ | ਗ | ਗ | ਮ | ਪ | ਨ਼ੀ | ਨ਼ੀ | ਨ਼ੀ | ਨ਼ੀ |
| ਹ | ਮੇ | ਸਤਿ | ਯ | ਕੇ | ऽ | ਪ | ਥ | ਪ | ਰ | ਚ | ਲ | ਨਾ | ऽ | ऽ | ऽ |
| ਸੰ | ਨੀ | ਧ | ਪ | ਮ | ਮ | ਮ | ਪ | ਗ | ਸ | ਪ | ਪ | ਮ | ਮ | ਮ | ਮ |
| ਪੁ | ਰ | ਥੋ | ऽ | ਨੇ | ऽ | ਸਿ | ਖ | ਲਾ | ऽ | ਯਾ | ऽ | ਹੈ | ऽ | ऽ | ऽ |
| ਸ | ਸ | ਨ਼ੀ | ਧ | ਪ | ਮ | ਮ | ਪ | ਗ | ਰਾ | ਮ | ਪ | ਨ਼ੀ | ਨ਼ੀ | ਨ਼ੀ | ਨ਼ੀ |
| ਜੋ | ऽ | ਹ | ਮ | ਨੇ | ऽ | ਓ | ਨ | ਸੇ | ऽ | ਸੀ | ਖਾ | ਹੈ | ऽ | ऽ | ऽ |
| ਸੰ | ਨੀ | ਧ | ਪ | ਮ | ਮ | ਮ | ਪ | ਗ | ਸ | ਪ | ਪ | ਮ | ਮ | ਮ | ਮ |
| ਉ | ਸ | ਪ | ਰ | ਚ | ਲ | ਤੇ | ऽ | ਜਾ | ऽ | ਨਾ | ऽ | ਹੈ | ऽ | ऽ | ऽ |
| ਸ | ਸ | ਧ | ਮ | ਪ | ਗ | ਮ | ਮ | ਸ | ਸਮ | ਸ | ਗਮ | ਸ | ਸ | ਨ਼ੀ | ਨ਼ੀ |
| ਹਮ | ਸਬ | ਸੀ | ਧੀ | ਸ | ਚੀ | ਬਾ | ਤੇ | ਕਰ | ਨੇ | ਕੇ | ਅਤਿ | ਯਾ | ਸੀ | ਹੈਂ | ऽ |
| ਨ਼ੀ | ਨ਼ੀ | ਗ | ਗ | ਪ | ਪ | ਪ | ਪ | ਗ | ਗ | ਮ | ਧ | ਪ | ਪ | ਸ | ਸ |
| ਬੇ | ਕਿਨ | ਹਮ | ਇਨ | ਸਬ | ਸੇ | ਪਹਿ | ਲੇ | ਕੇ | ਵਲ | ਭਾ | ਰਤ | ਵਾ | ਸੀ | ਹੈਂ | ऽ |

**ਅਧਿਆਇ-15**

# ਰਾਸ਼ਟਰੀ ਗਾਨ

ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਕਈ ਕਵੀਆਂ ਨੇ ਭਾਰਤ ਵਾਸੀਆਂ ਦੇ ਦਿਲਾਂ ਵਿਚ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਕਈ ਜੋਸ਼ ਭਰੇ ਗੀਤ ਅਤੇ ਕਵਿਤਾਵਾਂ ਲਿਖੀਆਂ। ਜਿਨ੍ਹਾਂ ਵਿਚੋਂ ਬੰਗਾ ਦੇ ਇਕ ਮਹਾਨ ਕਵੀ ਰਵਿੰਦਰਨਾਥ ਟੈਗੋਰ ਨੇ ਆਪਣੇ ਲਿਖੇ ਗੀਤ ਨੂੰ ਜਨਤਾ ਦੇ ਸਾਹਮਣੇ 'ਜਨ-ਗਣ-ਮਨ ਲਿਆਂਦਾ। ਕਿਉਂਕਿ ਰਵਿੰਦਰ ਨਾਥ ਟੈਗੋਰ ਦੇ ਦਿਲ ਵਿਚ ਰਾਸ਼ਟਰੀ ਚੇਤਨਾ ਕੁਟ-ਕੁਟ ਕੇ ਭਰੀ ਹੋਈ ਸੀ। ਸੰਨ 1908 ਤੋਂ ਬਾਅਦ ਇਨ੍ਹਾਂ ਨੇ ਕਈ ਹੋਰ ਵੀ ਰਾਸ਼ਟਰੀ ਰਚਨਾਵਾਂ ਲਿਖੀਆਂ। ਇਨ੍ਹਾਂ ਗੀਤਾਂ ਰਾਹੀਂ ਉਨ੍ਹਾਂ ਨੇ ਭਾਰਤ ਵਾਸੀਆਂ ਦੇ ਅੰਦਰ ਜੋਸ਼ ਮਰਮਿੱਟਣ ਦਾ ਜ਼ਜਬਾ ਅਤੇ ਆਤਮ ਵਿਸ਼ਵਾਸ ਜਗਾਇਆ।

24 ਜਨਵਰੀ 1950 ਵਾਲੇ ਦਿਨ ਸੰਵਿਧਾਨ ਸਭਾ ਦੇ ਅਧਿਆਕਸ਼ (ਰਾਜੇਂਦਰ ਪ੍ਰਸ਼ਾਦ' ਨੇ ਇਸ ਦਿਨ ਆਪਣੇ ਪਦ ਤੋਂ ਫ਼ੈਸਲਾ ਸੁਣਾਇਆ ਕਿ ਰਵਿੰਦਰ ਨਾਥ ਟੈਗੋਰ ਰਾਹੀਂ ਰਚਿਤ ਜਨ-ਗਣ-ਮਨ ਰਾਸ਼ਟਰੀ ਗਾਨ ਹੋਵੇਗਾ।

ਦੇਸ਼ ਦਾ ਕੋਈ ਵੀ ਰਾਸ਼ਟਰੀ ਸਮਾਰੋਹ ਜਾਂ ਰਾਸ਼ਟਰ ਦਿਵਸ ਇਸ ਗੀਤ ਤੋਂ ਆਰੰਭ ਅਤੇ ਖ਼ਤਮ ਹੁੰਦਾ ਹੈ। ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਇਸ ਨੂੰ ਬਹੁਤ ਆਦਰ ਦਿੱਤਾ ਗਿਆ ਹੈ ਅਤੇ ਇਸ ਦਾ ਰੋਜ ਗਾਨ ਹੁੰਦਾ ਹੈ। ਹੋਰ ਤੇ ਹੋਰ ਜੇਕਰ ਅੰਤਰਰਾਸ਼ਟਰੀ ਖੇਤਾਂ ਵਿਚ ਭਾਰਤਵ ਲੈ ਰਿ ਹਾਰੋ ਵੇ ਉਥੇ ਵੀ ਰਾਸ਼ਟਰੀ ਗਾਨ ਨੂੰ ਪਹਿਲ ਦਿੱਤੀ ਜਾਂਦੀ ਹੈ।

**ਰਾਸ਼ਟਰੀ ਗਾਨ**

ਜਨ-ਗਣ-ਮਨ ਅਧਿਨਾਮਕ ਜਯ ਹੇ।
ਭਾਰਤੀ ਭਾਗਯ ਵਿਧਾਤਾ॥
ਪੰਜਾਬ ਸਿੰਧੁ-ਗੁਜਰਾਤ-ਮਰਾਠਾ,
ਦ੍ਰਾਵਿੜ-ਉਤਕਲ-ਬੰਗ।
ਵਿੰਧਯ ਹਿਮਾਚਲ ਯਮੁਨਾ ਗੰਗਾ॥
ਉੱਛਲ ਜਲਧੀ ਤਰੰਗ।
ਤਵ ਸ਼ੁਬ ਨਾਮੇ ਜਾਗੇ।
ਤਵ ਸ਼ੁਭ ਆਸ਼ਿਸ਼ ਮਾਂਗੇ।
ਗਾਹੇ ਤਵ ਜਯ ਗਾਥਾ,
ਜਨ-ਗਣ ਮੰਗਲ ਦਾਯਕ ਜਯ ਹੇ।
ਭਾਰਤ-ਭਾਗਯ ਵਿਧਾਤਾ,
ਜਯ ਹੇ ਜਯ ਹੇ ਜਯ ਹੇ,
ਜਯ ਜਯ ਜਯ ਜਯ ਹੇ.....।

**—ਰਵਿੰਦਰ ਨਾਥ ਟੈਗੋਰ**

## ਰਾਸ਼ਟਰੀ ਗਾਨ ਦੇ ਨਿਯਮ

1. ਰਾਸ਼ਟਰੀ ਗਾਨ ਦਾ ਗਾਇਨ ਸਾਡੇ ਸਾਰੇ ਰਾਸ਼ਟਰੀ
ਸਮਾਰੋਹਾਂ ਦੇ ਸ਼ੁਰੂ ਅਤੇ ਸਮਾਪਤੀ ਤੇ ਦਿਤਾ ਜਾਂਦਾ ਹੈ।
ਇਸਦੇ ਗਾਇਨ ਸੰਬੰਧੀ ਨਿਯਮਾਂ ਦਾ ਪਾਲਨ ਕਰਨਾ ਜ਼ਰੂਰੀ ਹੈ।
2. ਰਾਸ਼ਟਰੀ ਗਾਨ ਦਾ ਗਾਨਿ 52 ਸੇਕਿੰਟਾਂ ਵਿਚ ਸਮਾਪਤ ਕਰਨਾ ਚਾਹੀਦਾ ਹੈ।
3. ਇਸ ਦਾ ਗਾਇਨ ਸਾਵਧਾਨ ਮੁਦਰਾਂ ਵਿਚ ਖੜੇ ਹੋ ਕੇ ਕਰਨਾ ਚਾਹੀਦਾ ਹੈ।
4. ਇਸ ਦਾ ਗਾਇਨ ਇਕਾਗਰ ਮਨ ਨਾਲ ਕਰਨਾ ਚਾਹੀਦਾ ਹੈ।
5. ਇਸਦਾ ਗਾਇਨ ਕਰਦੇ ਸਮੇਂ ਅੱਖਾਂ ਨੂੰ ਇਧਰ ਉੱਧਰ ਘੁਮਾਂਦੇ ਨਹੀਂ ਰਹਿਣਾ ਚਾਹੀਦਾ, ਅੱਖਾਂ ਨੂੰ ਸਿਰਫ ਸਾਹਮਣੇ ਵੱਲ ਹੀ ਰੱਖਣਾ ਚਾਹੀਦਾ ਹੈ।

## ਰਾਸ਼ਟਰੀ ਗਾਨ

**ਸੁਰਲੀਪੀ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸ | ਰੇ | ਗ | ਗ | ਗ | ਗ | ਗ | ਗ | ਗ | – | ਗ | ਗ | ਰੇ | ਗ | ਮ | – |
| ਜ | ਨ | ਗ | ਣ | ਮ | ਨ | ਅ | ਧਿ | ਨਾ | – | ਯ | ਕ | ਜ | ਯ | ਹੇ | |
| ਗ | – | ਗ | ਗ | ਰੇ | – | ਰੇ- | ਰੇ | ਨੀ | ਰੇ | ਸ | – | – | – | ਸ | – |
| ਭਾ | ऽ | ਰ | ਤ | ਭਾ | ऽ | ਗਯ | ਵਿ | ਧਾ | ऽ | ਤਾ | ऽ | ऽ | ऽ | ਪੰ | ऽ |
| ਪ | – | ਪ | ਪ | – | ਪ | ਪ | ਪ | ਪ | – | ਪ | ਪ | ਪ | – | ਮ | – |
| ਜਾ | ऽ | ਬ | ਸਿੰ | ऽ | ਧ | ਗ | ਜੁ | ਰਾ | ऽ | ਤ | ਮ | ਰਾ | ऽ | ਠਾ | ऽ |
| ਮ- | – | ਮ | ਮ | ऽ | ਮ | ਮ | ਮ | ਗ | ਰੇ | ਮ | ਗ | – | – | – | – |
| ਦਰਾ | ऽ | ਵਿ | ੜ | ੳ | ਤ | ਕੱ | ਲ | ਬੰ | ऽ | ਗ | ऽ | ऽ | ऽ | ऽ | ऽ |
| ਗ | – | ਗ | ਗ | ਗ | – | ਗ | ਰੇ | ਪ | ਪ | ਪ | ਮ | ਮ | – | ਮ | ਮ |
| ਵਿੰ | ऽ | ਧ | ਹਿ | ਮਾ | ऽ | ਚ | ਲ | ਯ | ਮ | ਨਾ | ऽ | ਗੰ | ऽ | ਗਾ | ऽ |
| ਗ | – | ਗ | ਗ | ਰੇ | ਰੇ | ਰੇ | ਰੇ | ਨੀ | ਰੇ | ਸ | – | – | – | – | – |
| ੳ | ऽ | ਛੱ | ਲ | ਜ | ਲ | ਧੀ | ਤੰ | ਰ | ऽ | ਗ | ऽ | ऽ | ऽ | ऽ | ऽ |
| ਸ | ਰੇ | ਗ | ਗ | ਗ | – | ਗ | – | ਰੇ | ਗ | ਮ | – | – | – | – | – |
| ਤ | ਵ | ਸ਼ੁ | ਭ | ਨਾ | ऽ | ਮੇਂ | ਜਾ | ऽ | ਗੇ | ऽ | ऽ | ऽ | ऽ | ऽ | ऽ |
| ਗ | ਮ | ਪ | ਪ | ਪ | ऽ | ਮ | ਗ | ਰੇ | ਮ | ਗ | – | – | – | – | – |
| ਤ | ਵ | ਸ਼ੁ | ਭ | ਆ | ऽ | ਸ਼ਿ | ਸ਼ | ਮਾਂ | ऽ | ਗੇ | ऽ | ऽ | ऽ | ऽ | ऽ |

| | | | | | | | | | | |
|---|---|---|---|---|---|---|---|---|---|---|
| ਗ | – | ਗ | – | ਰੇ | ਰੇ | ਰੇ | ਰੇ | ਨੀ | ਰੇ | ਸ |
| ਗਾ | ऽ | ਹੇ | ऽ | ਤ | ਵ | ਜ | ਯ | ਗਾ | ऽ | ਥਾ |
| ਸ | ਸ | ਪ | ਪ | ਪ | – | ਪ | ਪ | ਪ | – | ਪ |
| ਜ | ਨ | ਗ | ਨ | ਮੰ | ऽ | ਗ | ਲ | ਦਾ | ऽ | ਯ |
| ਮ | – | ਮ | ਮ | ਮ | – | ਮ– | ਮ | ਰੇ | ਮ | ਗਾ |
| ਭਾ | ऽ | ਰ | ਤ | ਭ | ऽ | ਗਯ | ਵਿ | ਧਾ | ऽ | ਤਾ |
| ਨੀ | ਨੀ | ਸਂ | – | – | | – | – | ਨੀ | ਨੀ | ਧ |
| ਜ | ਯ | ਹ | ऽ | ऽ | ऽ | ऽ | ऽ | ਜ | ਯ | ਹੇ |
| ਪ | ਪ | ਧ | – | – | – | – | – | ਸ | ਸ | ਰੇ |
| ਜ | ਯ | ਹੇ | – | ऽ | ऽ | ऽ | ऽ | ਜ | ਯ | ਜ |
| ਮ | – | – | – | – | – | – | – | | | |
| ਹੇ | ऽ | ऽ | ऽ | ऽ | ऽ | ऽ | ऽ | | | |

## ਅਧਿਆਇ-16

# ਰਾਸ਼ਟਰੀ ਗੀਤ

### ਵੰਦੇ ਮਾਤਰਮ

ਇਹ ਕਵਿਤਾ 1872 ਤੋਂ 1875 ਈ: ਦੌਰਾਨ ਬੰਕਿਮ ਚੰਦਰ ਦੀ ਰਚਿਤ ਮੰਨੀ ਗਈ ਹੈ। ਇਸ ਕਵਿਤਾ ਵਿਚ ਭਾਵ ਪੂਰਣ ਭਾਸ਼ਾ ਵਿਚ ਧਰਤੀ ਮਾਤਾ ਦੀ। ਖ਼ੂਬਸੂਰਤੀ ਅਤੇ ਖੁਸ਼ਹਾਲੀ ਦਾ ਵਰਣਨ ਕੀਤਾ ਹੈ।

ਇਸ ਗੀਤ ਵਿਚ ਬੰਕਿਮ ਚੰਦਰ ਚਟਰਜੀ ਨੇ ਧਰਤੀ ਨੂੰ ਮਾਤਾ ਦੇ ਰੂਪ ਵਿਚ ਸੰਬੋਧਿਤ ਕੀਤਾ ਹੈ। ਇਹ ਗੀਤ ਬੰਕਿਮ ਚੰਦਰ ਦੀ ਦੇਸ਼ ਭਗਤੀ ਦੇ ਸਿਧਾਂਤ ਦਾ ਅਸਰ ਹੈ। ਜਿਸ ਦੇ ਅੰਤਰਗਤ ਦੇਸ਼ ਨੂੰ ਪੂਜਣ ਯੋਗ ਮੰਨਿਆ ਹੈ। ਇਹ ਕਵਿਤਾ ਧਰਤੀ ਮਾਤਾ ਦੇ ਪ੍ਰਤੀ ਸੰਬੋਧਨ ਗੀਤ ਦੇ ਰੂਪ ਵਿਚ ਹੈ। ਇਸ ਵਿਚ ਮਾਤ੍ਰੀ ਭੂਮੀ ਨੂੰ ਸੁਖਦਾਂ, ਵਰਦਾਂ, ਸੁਹਾਸਿਨਾਂ, ਸੁਮਧੁਰ-ਭਾਸ਼ਿਣੀਮ ਕਿਹਾ ਗਿਆ ਅਤੇ ਦੁਰਗਾ ਮਾਤਾ, ਧਨ ਲਕਸ਼ਮੀ, ਸਰਸਵਤੀ ਦੇ ਨਾਵਾਂ ਨਾਲ ਸੰਬੋਧਨ ਕੀਤਾ ਗਿਆ ਹੈ।

ਐਮ. ਐਮ. ਗੋਲਵਲਕਰ ਨੇ ਆਪਣੀ ਪੁਸਤਕ ਬੰਚ ਆਫ ਥੌਟਸ ਵਿਚ ਸਵਤੰਤਰਤਾ (ਆਜ਼ਾਦੀ) ਦੇ ਤਰਾਨੇ ਲਿਖਣ ਵਾਲੇ ਕਈ ਬੰਕਿਮਚੰਦਰ ਚਟਰਜੀ ਦੀ ਬਹੁਤ ਜ਼ਿਆਦਾ ਪ੍ਰਸੰਸਾ ਕੀਤੀ ਹੈ। ਗੋਲਵਲਕਰ ਦੇ ਅਨੁਸਾਰ ਬੰਕਿਮ ਦੇ ਲਿਖੇ ਅਮਰ ਗੀਤ 'ਵੰਦੇ ਮਾਤਰਮ' ਨੇ ਹਜ਼ਾਰਾਂ ਜਵਾਨ ਦਿਲਾਂ ਵਿਚ ਹਸਦੇ-ਹਸਦੇ ਫਾਂਸੀ ਦੇ ਤਖ਼ਤੇ 'ਤੇ ਚੜ੍ਹ ਜਾਣ ਦਾ ਜੋਸ਼ ਭਰ ਦਿੱਤਾ।'

ਵੰਦੇ ਮਾਤਰਮ ਦੀ ਸਵਰ ਲਿੱਪੀ ਸਭ ਤੋਂ ਪਹਿਲਾਂ 1885 ਈ: ਵਿਚ ਮਹਾਨ ਕਵੀ ਰਵਿੰਦਰ ਨਾਥ ਟੈਗੋਰ ਨੇ ਰਾਗ ਦੇਸ਼' ਵਿਚ ਲਿਖੀ।

**'ਵੰਦੇ ਮਾਤਰਮ ਗੀਤ'**

ਵੰਦੇ ਮਾਤਰਮ, ਵੰਦੇ ਮਾਤਰਮ, ਸੁਜਲਾਂ ਸੁਫ਼ਲਾਂ ਮਲਯਜ-ਸ਼ੀਤਲਾਮ
ਸ਼ਸ਼ਯ ਸ਼ਮਮਲਾਂ ਮਾਤਰਮ ਵੰਦੇ ਮਾਤਰਮ
ਸ਼ੁਭ੍ਰ-ਚਿਯੋਤਿਸਿਨ, ਪੁਲਕਿਤ-ਯਾਮਿਨੀਮ
ਫੁੱਲ-ਕੁਸੁਮਿਤ-ਦ੍ਰਮਦਲ-ਸ਼ੋਭਿਨੀਮ
ਸੁਹਾਸਿਨਾਂ ਸੁਸਧੁਰ ਭਾਮਿਣੀਮ
ਸੁਖਦਾਂ ਵਰਦਾਂ ਮਾਤਰਮ
ਵੰਦੇ ਮਾਤਰਮ, ਵੰਦੇ ਮਾਤਰਮ
(ਬੰਕਿਮ ਚੰਦਰ ਚਟਰਜੀ)

**ਰਾਸ਼ਟਰੀ ਗੀਤ**

ਵੰਦੇ ਮਾਤਰਮ

ਸ ਰੇ ਮ ਪ ਮ ਪ

ਵੰਦੇ ਮਾਤਰਮ

ਮ ਧ ਨੀ ਸ ਨੀ ਸ

ਵੰਦੇ ਮਾਤਰਮ

ਸ ਰੇ ਨੀ ਧ ਪ ਪ ਧ ਮ ਗ ਰੇ

ਸੁਜਲਾਂ ਸੁਫਲਾਂ

ਰੇ ਪ ਮ ਗ, ਗ-ਰੇ ਗ ਰੇ ਗ

ਸਲਯਜ ਸ਼ੀਤਲਾਮ

## ਪੰਜਾਬ ਸਕੂਲ ਸਿੱਖਿਆ ਬੋਰਡ

### ਪੰਜਾਬ ਓਪਨ ਸਕੂਲ

### ਆਤਰਿਕ ਮੁਲਾਕਣ ਪੱਤਰ (ਸੰਗੀਤ ਗਾਇਨ)

| **ਨਿਰੀਖਕ ਦੁਆਰਾ ਭਰਿਆ ਜਾਵੇ** | **ਵਿਦਿਆਰਥੀਆਂ ਦੁਆਰਾ ਭਰਿਆ ਜਾਵੇ** |
|---|---|
| **ਕੱਲ ਅੰਕ-** | **ਨਾਂਅ.......** |
| **ਪ੍ਰਾਪਤ ਅੰਕ-** | **ਦਾਖਲਾ ਕ੍ਰਮ ਅੰਕ:** |

**ਨਿਰੀਖਣ ਦੀ ਟਿੱਪਣੀ :—**

ਨੋਟ—ਸਾਰੇ ਪ੍ਰਸ਼ਨ ਜ਼ਰੂਰੀ ਹਨ, ਹਰ ਇੱਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਲਿਖੇ ਹਨ।

**ਵਸਤੂ ਨਿਸਠ ਪ੍ਰਸ਼ਨ- ਇਕ ਲਾਈਨ ਵਿੱਚ ਉੱਤਰ ਦਿਓ।**

1. ਸ਼ਾੜਵ-ਔੜਵ ਜਾਤੀ ਦੇ ਰਾਗ ਵਿੱਚ ਕਿੰਨੇ ਸਵਰ ਹੁੰਦੇ ਹਨ।
2. ਤਾਨਪੂਰ ਦਾ ਅਵਿਸ਼ਕਾਰ ਕਿਸ ਨੇ ਕੀਤਾ ?
3. ਰਾਗ ਭੁਪਾਲੀ ਦਾ ਥਾਟ ਕੀ ਹੈ ?
4. ਇਕ ਤਾਲ ਦੀ ਕਿਹੜੀ-ਕਿਹੜੀ ਮਾਤਰਾ ਤੇ ਖਾਲੀ ਹੁੰਦੀ ਹੈ ?
5. ਰੂਪਕ ਤਾਲ ਕਿੰਨੇ ਮਾਤਰਾ ਦੀ ਤਾਲ ਹੈ ?
6. ਠਾਅ ਲੈਅਕਾਰੀ ਨੂੰ ਹੋਰ ਕਿਹੜੀ ਲੈਅਕਾਰੀ ਕਹਿੰਦੇ ਹਨ ?
7. ਰਾਗ ਵਿੱਚ ਘੱਟ ਤੋਂ ਘੱਟ ਤੇ ਵੱਧ ਤੋਂ ਵੱਧ ਕਿੰਨੇ ਸਵਰ ਲਗਦੇ ਹਨ ?
8. ਜਿਹੜੇ ਸਵਰ ਬਿਲਕੁਲ ਨਿਸ਼ਚਿਤ ਰਹਿੰਦੇ ਹਨ ਉਹ ਕਿਹੜੇ ਸਵਰ ਹਨ ? $8 \times 1 = 8$ ਅੰਕ

**ਸੰਖੇਪਾਤਮਕ ਪ੍ਰਸ਼ਨ- 10ਤੋਂ 15 ਲਾਈਨਾਂ ਵਿੱਚ ਉੱਤਰ ਦਿਓ।**

9. ਥਾਟ ਅਤੇ ਰਾਗ ਦੇ ਕੋਈ ਤਿੰਨ ਅੰਤਰ ਲਿਖੋ।
10. ਰਾਗ ਭੁਪਾਲੀ ਦੀ ਅਰੋਹ, ਅਵਰੋਹ ਤੇ ਪਕੜ ਲਿਖੋ।
11. ਚੌਤਾਲ ਦਾ ਪਰਿਚੈ ਲਿਖੋ।
12. ਵਾਦੀ ਸਵਰ ਬਾਰੇ ਲਿਖੋ। $4 \times 3 = 12$ ਅੰਕ

**ਨਿਬੰਧਾਤਮਕ ਪ੍ਰਸ਼ਨ –**

13. ਰਾਗ ਦੀ ਜਾਤੀ ਤੋਂ ਕੀ ਭਾਵ ਹੈ। ਰਾਗ ਦੀਆਂ ਉਪਜਾਤੀਆਂ ਦਾ ਵਰਣਨ ਕਰੋ।

ਜਾਂ

ਸੰਗੀਤਕਾਰ ਤਾਨਸੇਨ ਦੇ ਜੀਵਨ ਬਾਰੇ ਲਿਖੋ।

14. ਆਪਣੇ ਪਾਠਕ੍ਰਮ ਦੇ ਕਿਸੇ ਰਾਗ ਦੀ ਦਰੁਤ ਨੂੰ ਸਵਰ ਲਿਪੀ ਵਿੱਚ ਲਿਖੋ।

ਜਾਂ

ਇਕ ਤਾਲ ਦਾ ਠੇਕਾ ਠਾਅ ਅਤੇ ਦੁਗਣ ਲੈਅਕਾਰੀ ਵਿੱਚ ਲਿਖੋ। $5 \times 2 = 10$ ਅੰਕ

ਵਿਦਿਆਰਥੀਆਂ ਲਈ ਹਦਾਇਤਾਂ :—

1. ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਪ੍ਰਸ਼ਨਾਂ ਦਾ ਉੱਤਰ ਦੱਸੇ ਗਏ ਸ਼ਬਦਾਂ ਅਨੁਸਾਰ ਹੀ ਦਿਉ।
2. ਲਿਖਾਈ ਸਾਫ ਤੇ ਸਪਸ਼ਟ ਹੋਣੀ ਚਾਹੀਦੀ ਹੈ।
3. ਉੱਤਰ ਪੂਰਾ ਲਿਖੋ। ਉੱਤਰ ਲਿਖਣ ਲਈ ਵਿਚੋਂ ਦੇ ਕਾਗਜ਼ਾਂ ਦੀ ਵਰਤੋਂ ਕਰੋ।
4. ਉੱਤਰ ਲਿਖਦੇ ਸਮੇਂ ਕਿਸੇ ਦੀ ਸਹਾਇਤਾ ਨਾ ਲਵੋ।
5. ਮੁਲਾਂਕਣ ਪੱਤਰ ਵਿਚਲੇ ਉੱਤਰ ਦੇਣ ਤੋਂ ਪਹਿਲਾਂ ਸਬੰਧਤ ਪਾਠ ਨੂੰ ਚੰਗੀ ਤਰਾਂ ਪੜ੍ਹੋ।
6. ਪ੍ਰਸ਼ਨ-ਪੱਤਰਾਂ ਵਿਚਲੇ ਪ੍ਰਸ਼ਨਾਂ ਨੂੰ ਸਮਝ ਕੇ ਉੱਤਰ ਦਿਉ ਜੇਕਰ ਸਮਝ ਨਾ ਆਵੇ ਤਾਂ ਦੁਰਆ ਪੜ੍ਹੋ।
7. ਆਤਰਿਕ ਮੁਲਾਂਕਣ ਪੱਤਰ ਨੂੰ ਮੂਲ ਪੁਸਤਕਾਂ ਵਿਚੋਂ ਨਿਸ਼ਚਿਤ ਥਾਂ ਤੇ ਫਾੜੋ ਅਤੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਤੁਰੰਤ ਵਾਪਸ ਭੇਜ ਦਿੱਤਾ ਜਾਵੇ ਤਾਂ ਜੋ ਇਸਦਾ ਮੁਲਾਂਕਣ ਕੀਤਾ ਜਾ ਸਕੇ ਅਤੇ ਟਿੱਪਣੀ ਸਾਹਿਤ ਤੁਹਾਨੂੰ ਵਾਪਸ ਭੇਜਿਆ ਜਾਵੇ।

# ਸੰਗੀਤ ਵਾਦਨ

## (ਮੈਟ੍ਰਿਕੁਲੇਸ਼ਨ ਸ਼੍ਰੇਣੀ ਲਈ)

**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

**ਪ੍ਰਕਾਸ਼ਕ** : ਸੱਕਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ

**© ਪੰਜਾਬ ਸਕੂਲ ਸਿੱਖਿਆ ਬੋਰਡ**

**ਐਡੀਸ਼ਨ** : 2015-16 : ਕਾਪੀਆਂ -------

**ਪੈਟਰਨ** : ਡਾਇਰੈਕਟਰ ਅਕਾਦਮਿਕ, ਪੰਜਾਬ ਸਕੂਲ ਸਿੱਖਿਆ ਬੋਰਡ

**ਲੇਖਕ** : ਸ੍ਰੀਮਤੀ ਮਨਪ੍ਰੀਤ ਕੌਰ

ਸ੍ਰੀਮਤੀ ਅਰਵਿੰਦਰ

ਚਿੱਤਰਕਾਰ : ਸ. ਮਨਜੀਤ ਸਿੰਘ, ਪੰਜਾਬ ਸਕੂਲ ਸਿੱਖਿਆ ਬੋਰਡ

**ਮੁੱਖ ਸੰਪਾਦਕ** : ਸ੍ਰੀਮਤੀ ਅਮਰਜੀਤ ਕੌਰ ਦਾਲਮ ਉਪ ਡਾਇਰੈਕਟਰ ਓਪਨ ਸਕੂਲ

**ਵਿਸ਼ਾ ਕੋਆਰਡੀਨੇਟਰ** : ਸ੍ਰੀਮਤੀ ਚਰਨਪ੍ਰੀਤ ਕੌਰ, ਲੈਕਚਰਾਰ ਸੰਗੀਤ, ਪੰਜਾਬ ਸਕੂਲ ਸਿੱਖਿਆ ਬੋਰਡ

**ਕੋਰਸ ਕੋਆਰਡੀਨੇਟਰ** : ਸ੍ਰੀਮਤੀ ਰਵਿੰਦਰ ਕੌਰ ਬਨਵੈਤ

(ਅਨੁਵਾਦ, ਮੁੜ ਪ੍ਰਕਾਸ਼ਨ, ਵਿਆਖਿਆ ਅਤੇ ਸੋਧ ਦੇ ਸਾਰੇ ਹੱਕ ਪੰਜਾਬ ਸਕੂਲ ਸਿੱਖਿਆ ਬੋਰਡ ਕੋਲ ਰਾਖਵੇਂ ਹਨ।)

**ਪ੍ਰਿੰਟਰ ਦਾ ਨਾਂ** : ਕਨਵਿਨੀਏਂਟ ਪ੍ਰਿੰਟਰ, ਪ੍ਰਿਥਵੀ ਨਗਰ, ਜਲੰਧਰ।

# ਸੰਦੇਸ਼

ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪਹਿਲ ਦਿੰਦੇ ਹੋਏ ਨੈਸ਼ਨਲ ਇੰਨਸਟੀਚਿਊਟ ਆਫ਼ ਓਪਨ ਸਕੂਲਿੰਗ, ਨੋਆਇਡਾ ਦੇ ਪੈਟਰਨ ਤੇ ਪੰਜਾਬ ਸਕੂਲ ਸਿੱਖਿਆ ਪ੍ਰਣਾਲੀ ਰਾਹੀਂ ਸਿੱਖਿਆ ਪ੍ਰਦਾਨ ਕਰਨ ਦਾ ਉਪਬੰਧ ਕੀਤਾ ਗਿਆ ਹੈ। ਓਪਨ ਸਕੂਲ ਪ੍ਰਣਾਲੀ ਦਾ ਵਿਦਿਆਰਥੀ ਹੋਣ ਨਾਲ਼ ਆਪ ਵਲੋਂ ਰਾਸ਼ਟਰੀ ਸਿੱਖਿਆ ਨੀਤੀ ਦੇ ਉਦੇਸ਼ ਦੀ ਪੂਰਤੀ ਦੇ ਸਰਵ-ਵਿਆਪਕ ਸਿੱਖਿਆ ਦੇ ਟੀਚੇ ਨੂੰ ਪੂਰਾ ਕਰਨ ਲਈ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ।

ਸਿੱਖਿਆ ਹੀ ਇੱਕ ਅਜਿਹਾ ਸ਼ਕਤੀਸ਼ਾਲੀ ਉਪਰਾਲਾ ਹੈ ਜਿਸ ਨਾਲ਼ ਸਮਾਜ ਵਿੱਚ ਪਰਿਵਰਤਨ ਲਿਆਂਦਾ ਜਾ ਸਕਦਾ ਹੈ। ਓਪਨ ਸਿੱਖਿਆ ਪ੍ਰਣਾਲੀ ਨੂੰ ਹਰ ਪੱਖੋਂ ਰਸਮੀ ਸਿੱਖਿਆ ਪ੍ਰਣਾਲੀ ਦੇ ਬਰਾਬਰ ਮੰਨਿਆ ਜਾਂਦਾ ਹੈ ਕਿਉਂਕਿ ਇਸ ਦੇ ਪਾਠ-ਕ੍ਰਮ ਅਤੇ ਪਰੀਖਿਆ ਵਿੱਚ ਕੋਈ ਅੰਤਰ ਨਹੀਂ ਹੈ। ਰੈਗੁਲਰ ਵਿਦਿਆਰਥੀਆਂ ਵਾਂਗ ਓਪਨ ਪ੍ਰਣਾਲੀ ਦੇ ਵਿਦਿਆਰਥੀਆਂ ਲਈ ਵੀ ਸਲਾਨਾ ਪ੍ਰੀਖਿਆ ਪ੍ਰਣਾਲੀ ਲਾਗੂ ਕੀਤੀ ਗਈ ਹੈ।

ਇਸ ਪ੍ਰਣਾਲੀ ਦੀਆਂ ਕੁਝ ਖ਼ਾਸ ਵਿਸ਼ੇਸ਼ਤਾਵਾਂ ਹਨ ਜਿਵੇਂ ਕਿ ਪੜ੍ਹਾਈ ਸਕੀਮ ਅਧੀਨ ਵਿਸ਼ਿਆਂ ਦੀ ਚੋਣ ਲਈ ਲਚਕੀਲਾਪਣ, ਪਹਿਲਾਂ ਪਾਸ ਕੀਤੇ ਵਿਸ਼ਿਆਂ ਨੂੰ ਕਰੈਡਿਟ ਕੈਰੀ ਕਰਨ ਦਾ ਲਾਭ, ਪਰੀਖਿਆ ਪਾਸ ਕਰਨ ਦੇ ਵੱਧ ਅਵਸਰ ਅਤੇ ਉਮਰ ਦੀ ਹੱਦ ਵਿੱਚ ਛੋਟ ਆਦਿ। ਇਸ ਪ੍ਰਣਾਲੀ ਅਧੀਨ ਰੈਗੁਲਰ ਤੌਰ' ਤੇ ਸਕੂਲ ਜਾਣ ਦੀ ਜ਼ਰੂਰਤ ਨਹੀਂ ਸਗੋਂ ਵਿਸ਼ੇਸ਼ ਤੌਰ' ਤੇ ਤਿਆਰ ਕਰਵਾਈ ਪਾਠ ਸਮਗਰੀ ਤੋਂ ਸੁਵਿਧਾ ਅਤੇ ਸਮੇਂ ਅਨੁਸਾਰ ਸਵੈ-ਅਧਿਐਨ ਰਾਹੀਂ ਹੀ ਪੜ੍ਹਾਈ ਹੀ ਕੀਤੀ ਜਾ ਸਕਦੀ ਹੈ। ਪੜ੍ਹਾਈ ਦੌਰਾਨ ਆਈਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਅਧਿਐਨ ਕੇਂਦਰ ਸਥਾਪਿਤ ਕਰਕੇ ਵਿਅਕਤੀਗਤ ਸੰਪਰਕ ਪ੍ਰੋਗਰਾਮ ਲਗਾਏ ਜਾਂਦੇ ਹਨ ਅਤੇ ਜਿਸ ਦੌਰਾਨ ਪ੍ਰਯੋਗੀ ਵਿਸ਼ਿਆਂ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ।

ਹਥਲੀ ਪਾਠ ਸਮਗਰੀ ਵਿੱਚ ਸੰਗੀਤ ਵਾਦਨ ਦੀ ਵਿਸ਼ਾ-ਵਸਤੂ ਸਰਲ ਭਾਸ਼ਾ ਵਿੱਚ ਦਰਸਾਉਣ ਦਾ ਉਪਰਾਲਾ ਕੀਤਾ ਗਿਆ ਹੈ। ਆਸ ਕੀਤੀ ਜਾਂਦੀ ਹੈ ਕਿ ਇਸ ਕੋਰਸ ਦੀ ਪੜ੍ਹਾਈ ਮੁਕੰਮਲ ਹੋਣ ਤੇ ਆਪ ਨੂੰ ਸਫ਼ਲ ਇਨਸਾਨ ਬਣ ਸਕਣ ਲਈ ਸੇਧ ਮਿਲ਼ੇਗੀ। ਪਾਠ ਸਮਗਰੀ ਵਿੱਚ ਹੋਰ ਸੁਧਾਰ ਲਿਆਉਣ ਲਈ ਖੇਤਰ ਤੋਂ ਪ੍ਰਾਪਤ ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

ਚੇਅਰਪਰਸਨ

ਪੰਜਾਬ ਸਕੂਲ ਸਿੱਖਿਆ ਬੋਰਡ

# ਵਿਸ਼ਾ ਸੂਚੀ


| ਅਧਿਆਇ | ਵਿਸ਼ਾ | ਪੰਨਾ ਨੰ: |
|---|---|---|
| 1. | ਪਰਿਭਾਸ਼ਾਵਾਂ :<br>ਸਪਤਕ, ਚਲ ਸਵਰ, ਅਚਲ ਸਵਰ, ਅਲੰਕਾਰ, ਸ਼ਰੂਤੀ,<br>ਠਾਅ, ਦੁਗਣ, ਵਕਰ ਸਵਰ, ਝਾਲਾ, ਸਥਾਈ, ਅੰਤਰਾ। | 7 |
| 2. | ਥਾਟ, ਥਾਟ ਦੇ ਨਿਯਮ ਅਤੇ ਭਾਤਖੰਡੇ ਜੀ ਦੇ ਦਸ ਥਾਟ। | 11 |
| 3. | ਤੋੜਾ, ਬਰਾਬਰ ਦਾ ਤੋੜਾ, ਦੁਗਣ ਦਾ ਤੋੜਾ। | 13 |
| 4. | ਸੰਗੀਤ ਦਾ ਸਾਜ਼-ਸਿਤਾਰ, ਇਤਿਹਾਸ ਅੰਗ ਵਰਣਨ। | 14 |
| 5. | ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਸੁਰਲਿੱਪੀ ਅਤੇ ਤਾਲ ਲਿੱਪੀ ਦਾ ਵਰਣਨ। | 18 |
| 6. | ਗਤ, ਮਸੀਤ ਖਾਨੀ ਗਤ, ਰਜਾਖਾਨੀ ਗਤ। | 21 |
| 7. | ਵਾਦਕ ਦੇ ਗੁਣ ਤੇ ਦੋਸ਼। | 22 |
| 8. | ਥਾਟ ਅਤੇ ਰਾਗ ਦੇ ਨਿਯਮਾਂ ਦੀ ਆਪਸੀ ਤੁਲਨਾ। | 24 |
| 9. | ਪੰਜਾਬ ਦੇ ਲੋਕ ਸਾਜ਼। | 27 |
| 10. | ਜੀਵਨੀ-ਨਿਖਿਲ ਬੈਨਰਜੀ। | 36 |
| 11. | ਰਾਗ-ਭੁਪਾਲੀ। | 39 |
| 12. | ਰਾਗ ਖਮਾਜ | 43 |
| 13. | ਰਾਗ ਭੈਰਵ | 47 |
| 14. | ਤਾਲਾਂ-ਇਕ ਤਾਲ ਰੁਪਕ ਤਾਲ, ਚੇਤਾਨ | 50 |
| 15. | ਧੁਨ-ਰਾਗ ਭੁਪਾਲੀ, ਖਮਾਜ | 52 |
| 16. | ਰਾਸ਼ਟਰੀ ਗਾਨ | 54 |
| 17. | ਮੁਲਾਂਕਣ ਪੱਤਰ | 57 |

## ਵਿਸ਼ਾ : ਸੰਗੀਤ ਵਾਦਨ
## ਸ਼੍ਰੇਣੀ - ਦਸਵੀਂ

**ਸਮਾਂ** ਲਿਖਤੀ : 3 **ਘੰਟੇ** | ਲਿਖਤੀ = 30 ਅੰਕ
**ਪ੍ਰਯੋਗੀ** : 20 ਮਿੰਟ | **ਪ੍ਰਯੋਗੀ** = 40 **ਅੰਕ**

**ਸੀ. ਸੀ. ਈ.** = 30 ਅੰਕ

**ਕੁਲ ਅੰਕ** = 100 ਅੰਕ

## ਪੇਪਰ-ਏ (ਵਾਦਨ)
## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਲਿਖਤੀ)

1. ਲਿਖਤੀ ਪ੍ਰਸ਼ਨ-ਪੱਤਰ ਵਿੱਚ ਕੁੱਲ 14 ਪ੍ਰਸ਼ਨ ਹੋਣਗੇ।
2. ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।
3. ਪ੍ਰਸ਼ਨ ਪੱਤਰ ਦੇ ਕੁੱਲ ਤਿੰਨ ਭਾਗ ਹੋਣਗੇ।

**ਭਾਗ-1** ਵਿੱਚੋਂ 8 ਵਸਤੂਨਿਸ਼ਠ ਪ੍ਰਸ਼ਨ (ਪ੍ਰੋ. ਨੰ: 1-8) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ ਇੱਕ ਲਾਈਨ ਤੋਂ ਵੱਧ ਨਹੀ ਹੋਣਾ ਚਾਹੀਦਾ ਹੈ। 8 × 1 = 8 ਅੰਕ

**ਭਾਗ-2** ਵਿੱਚੋਂ 4 ਸੰਖੇਪਾਤਮਕ ਪ੍ਰਸ਼ਨ (ਪ੍ਰ. ਨੰ: 9-12) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਇਹਨਾਂ ਪ੍ਰਸ਼ਨਾਂ ਦੇ ਉੱਤਰ 10-15 ਲਾਈਨਾਂ ਦੇ ਹੋਣੇ ਚਾਹੀਦੇ ਹਨ। 4 × 3 = 12 ਅੰਕ

**ਭਾਗ-3** ਵਿੱਚੋਂ 2 ਨਿਬੰਧਾਤਮਕ ਪ੍ਰਸ਼ਨ (ਪ੍ਰ. ਨੰ: 13-14) ਅੰਦਰੂਨੀ ਛੋਟ ਦੇ ਕੇ ਪੁੱਛੇ ਜਾਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ।

ਇਹਨਾਂ ਪ੍ਰਸ਼ਨਾਂ ਵਿੱਚੋਂ ਇੱਕ ਪ੍ਰਸ਼ਨ ਪਾਠ-ਕ੍ਰਮ ਦੀ ਇਕਾਈ-1 ਵਿੱਚੋਂ ਅਤੇ ਇੱਕ ਪ੍ਰਸ਼ਨ ਇਕਾਈ-2 ਵਿੱਚੋਂ ਹੋਵੇਗਾ। 5 × 2 = 10 ਅੰਕ

**ਇਕਾਈਵਾਰ ਪ੍ਰਸ਼ਨਾਂ ਅਤੇ ਅੰਕਾਂ ਦੀ ਵੰਡ**

| **ਪ੍ਰਸ਼ਨਾਂ ਦੀ ਕਿਸਮ** | **ਅੰਕ ਪ੍ਰਤੀ ਪ੍ਰਸ਼ਨ** | **ਪ੍ਰਸ਼ਨਾਂ ਦੀ ਸੰਖਿਆ** | **ਇਕਾਈਵਾਰ ਪ੍ਰਸ਼ਨਾਂ ਦੀ ਵੰਡ** | | **ਕੁੱਲ ਅੰਕ** |
|---|---|---|---|---|---|
| | | | **ਇਕਾਈ-1** | **ਇਕਾਈ-2** | |
| ਵਸਤੂਨਿਸ਼ਠ ਪ੍ਰਸ਼ਨ | 1 ਅੰਕ | 8 | 4 | 4 | **8** |
| ਛੋਟੇ ਉੱਤਰਾਂ ਵਾਲੇ ਪ੍ਰਸ਼ਨ | 3 ਅੰਕ | 4 | 2 | 2 | **12** |
| ਨਿਬੰਧਾਤਮਕ ਪ੍ਰਸ਼ਨ | 5 ਅੰਕ | 2 | 1 | 1 | **10** |
| **ਕੁੱਲ** | | **14** | **7** | **7** | 30 |

## ਪੇਪਰ-ਬੀ (ਵਾਦਨ)

ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਪ੍ਰਯੋਗੀ)

ਨੋਟ—ਪ੍ਰਯੋਗੀ ਪ੍ਰੀਖਿਆ ਦੀ ਇੱਕ ਟੋਲੀ ਵਿੱਚ 9 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ। ਪ੍ਰਸ਼ਨ-ਪੱਤਰ ਮੌਕੇ ਦੇ ਤਿਆਰ ਕੀਤਾ ਜਾਵੇਗਾ। ਪ੍ਰਯੋਗੀ ਪ੍ਰੀਖਿਆ ਦਾ ਪ੍ਰਸ਼ਨ-ਪੱਤਰ ਤਿਆਰ ਕਰਨ ਸਮੇਂ ਲਿਖਤੀ ਪੇਪਰ ਦੇ ਪਾਠ-ਕ੍ਰਮ ਦਾ ਧਿਆਨ ਰੱਖਣ ਦੇ ਨਾਲ-ਨਾਲ ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ।

1. ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਵਿਦਿਆਰਥੀ ਦੀ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਰਜਾ ਖਾਨੀ ਗਤ ਦਾ ਵਾਦਨ, ਅਲਾਪ, ਪਕੜ ਅਤੇ ਤੋੜਿਆਂ ਸਮੇਤ। ਇਸ ਲਈ ਸਮਾਂ 6 ਮਿੰਟ ਅਤੇ ਅੰਕ 10 ਹੋਣਗੇ।
2. ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਰਜਾ ਖਾਨੀ ਗਤ ਦਾ ਵਾਦਨ ਅਲਾਪ, ਪਕੜ ਅਤੇ ਤੋੜਿਆਂ ਸਮੇਤ। ਇਸ ਲਈ ਸਮਾਂ 4 ਮਿੰਟ ਅਤੇ ਅੰਕ 10 ਹੋਣਗੇ।
3. ਪਾਠ-ਕ੍ਰਮ ਦੀਆਂ ਤਾਲਾਂ ਵਿੱਚੋਂ ਕਿਸੇ ਇੱਕ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨਾ। ਇਸ ਲਈ ਸਮਾਂ-4 ਮਿੰਟ ਅਤੇ ਅੰਕ 10 ਹੋਣਗੇ।
4. ਦਿੱਤੀਆਂ ਸੁਰਸੰਗਤੀਆਂ ਤੋਂ ਪਾਠ-ਕ੍ਰਮ ਦੇ ਰਾਗਾਂ ਦੀ ਪਛਾਣ ਕਰਨੀ। ਇਸ ਲਈ ਸਮਾਂ 2 ਮਿੰਟ ਅਤੇ ਅੰਕ 5 ਹੋਣਗੇ।
5. ਉਪਰੋਕਤ ਰਾਗਾਂ ਵਿੱਚੋਂ ਕਿਸੇ ਇੱਕ ਰਾਗ ਵਿੱਚ ਧੁਨ ਦਾ ਵਾਦਨ ਕਰਨਾ। ਇਸ ਲਈ ਸਮਾਂ 4 ਮਿੰਟ ਅਤੇ ਅੰਕ 5 ਹੋਣਗੇ।

ਅਧਿਆਇ-1

# ਪਰਿਭਾਸ਼ਾਵਾਂ

**(i) ਸਪਤਕ**

ਸੱਤ ਸੁਰਾਂ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ। ਸਪਤਕ ਦਾ ਅਰਥ ਹੈ ਸਪਤ (ਸੱਤ) ਅਸੀਂ ਇਹ ਵੀ ਕਹਿ ਸਕਦੇ ਹਾਂ ਚਲ ਅਤੇ ਅਚੱਲ ਸੁਰਾਂ ਦੇ ਗਾਉਣ ਤੇ ਵਜਾਉਣ ਦੇ ਅੰਤਰ ਨਾਲ 12 ਸੁਰ ਬਣਦੇ ਹਨ। ਇਨ੍ਹਾਂ ਵਿਚੋਂ ਸ਼ੁਧ ਸੱਤ ਸੁਰਾਂ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ।

**ਸਪਤਕ ਦੀਆਂ ਕਿਸਮਾਂ** : ਆਵਾਜ਼ ਜਾਂ ਧੁਨੀ ਕਈ ਤਰ੍ਹਾਂ ਦੀ ਹੁੰਦੀ ਹੈ। ਜਿਨ੍ਹਾਂ ਵਿਚੋਂ ਕਈ ਧੁਨੀਆਂ ਭਾਰੀ ਤੇ ਬਰੀਕ ਹੁੰਦੀਆਂ ਹਨ। ਇਸ ਧੁਨੀ ਦੇ ਅੰਤਰ ਨੂੰ ਦੇਖਦੇ ਸਪਤਕ ਮੁੱਖ ਤਿੰਨ ਤਰ੍ਹਾਂ ਦੇ ਹਨ।

1. **ਮੰਦਰ ਸਪਤਕ** : ਇਸ ਸਪਤਕ ਦੀ ਆਵਾਜ਼ ਆਮ ਆਵਾਜ਼ ਨਾਲੋਂ ਦੁੱਗਣੀ ਨੀਵੀ ਹੁੰਦੀ ਹੈ। ਸੁਰ ਲਿੱਪੀ ਵਿਚ ਇਸ ਸਪਤਕ ਦੇ ਸੁਰਾਂ ਦੇ ਥੱਲੇ ਬਿੰਦੀ ਲਗਾਈ ਜਾਂਦੀ ਹੈ। ਜਿਵੇਂ : ਮ਼ ਪ਼ ਧ਼ ਨ਼ੀ।

2. **ਮੱਧ ਸਪਤਕ** : ਆਮ ਆਵਾਜ਼ ਨੂੰ ਮੱਧ ਸਪਤਕ ਦੀ ਆਵਾਜ਼ ਕਹਿੰਦੇ ਹਨ। ਇਸ ਸਪਤਕ ਦੀ ਆਵਾਜ਼ ਨਾ ਜ਼ਿਆਦਾ ਨੀਵੀ ਤੇ ਨਾ ਜ਼ਿਆਦਾ ਉੱਚੀ ਹੁੰਦੀ ਹੈ। ਸੁਰ ਲਿੱਪੀ ਵਿਚ ਇਨ੍ਹਾਂ ਦੇ ਸੁਰਾਂ 'ਤੇ ਕੋਈ ਚਿੰਨ੍ਹ ਨਹੀਂ ਲਗਦਾ। ਜਿਵੇਂ : ਸਾ ਰੇ ਗ, ਮ, ਪ, ਧ ਨੀ।

3. **ਤਾਰ ਸਪਤਕ** : ਇਸ ਸਪਤਕ ਦੇ ਸੁਰਾਂ ਦੀ ਆਵਾਜ਼ ਮੱਧ ਸਪਤਕ ਤੇ ਸੁਰਾਂ ਤੋਂ ਦੁੱਗਣੀ ਅਤੇ ਮੰਦਰ, ਸਪਤਕ ਦੀ ਸੁਰਾਂ ਤੋਂ ਚੌਗੁਣੀ ਉੱਚੀ ਹੁੰਦੀ ਹੈ। ਇਸ ਸਪਤਕ ਦੀ ਆਵਾਜ਼ ਬਰੀਕ ਤੇ ਤੀਖੀ ਹੁੰਦੀ ਹੈ। ਇਨ੍ਹਾਂ ਸੁਰਾਂ ਨੂੰ ਰਿਆਜ ਨਾਲ ਹੀ ਗਾਇਆ, ਵਜਾਇਆ ਜਾਂਦਾ ਹੈ। ਇਸ ਸਪਤਕ ਦੇ ਸੁਰਾਂ ਦੇ ਉਪਰ ਬਿੰਦੀ ਲਗਾਈ ਜਾਂਦੀ ਹੈ। ਜਿਵੇਂ : ਸਂ ਰੇਂ ਗਂ ਮਂ।

**(ii) ਅਚੱਲ ਸਵਰ** : ਅਚੱਲ ਸਵਰ ਦਾ ਅਰਥ ਹੈ ਸਥਿਰ ਜਾਂ ਨਾ ਚੱਲਣ ਵਾਲਾ ਜਾਂ ਅਪਨੀ ਜਗ੍ਹਾ ਦੇ ਅਡਿਗ ਰਹਿਣ ਵਾਲਾ। ਇਸ ਲਈ ਭਾਰਤੀ-ਸੰਗੀਤ ਦੇ ਉਹ ਸਵਰ ਜਿਹੜੇ ਆਪਣੇ ਮੂਲ ਜਗ੍ਹਾ 'ਤੇ ਨਿਸ਼ਚਿਤ ਰਹਿਣ ਉਨ੍ਹਾਂ ਨੂੰ ਅਚੱਲ ਦੀ ਸੀਰੀਆਂ (ਨਾਂ) ਦਿੱਤੀ ਜਾਂਦੀ ਹੈ। ਸੰਗੀਤ ਵਿਚ ਅਚੱਲ ਦੋ ਹੀ ਮੰਨੇ ਗਏ ਹਨ 'ਸ' ਅਤੇ 'ਪ'। ਇਹ ਦੋ ਸਵਰ ਅਜਿਹੇ ਸਵਰ ਹਨ ਜਿਹੜੇ ਗਾਇਨ, ਵਾਦਨ ਸਮੇਂ ਆਪਣੇ ਨਿਸ਼ਚਿਤ ਸਥਾਨ 'ਤੇ ਰਹਿੰਦੇ ਹਨ।

**(iii) ਚਲ ਸਵਰ** : ਚਲ ਦਾ ਅਰਥ ਹੈ, 'ਚੱਲਣ ਵਾਲਾ' ਇਸ ਲਈ ਉਹ ਸਵਰ ਜਿਹੜੇ ਆਪਣੇ ਨਿਸ਼ਚਿਤ ਸਥਾਨ ਤੋਂ ਉਪਰ ਜਾਂ ਨੀਵੇਂ ਵੱਲ ਜਾਣ ਉਸ ਨੂੰ ਚਲ ਸਵਰ ਕਹਿੰਦੇ ਹਨ। ਚਲ ਸਵਰਾਂ ਦੀ ਸੰਖਿਆ ਪੰਜ ਹੈ ਜਿਵੇ:

ਰੁ ਗੁ ਮ' ਧੁ ਨੁੀ

ਅਚੱਲ ਸਵਰ =ਸ, ਪ

ਅਚੱਲ ਸਵਰ = ਰੁ ਗੁ ਮ' ਧੁ ਨੁੀ

**(iv) ਅਲੰਕਾਰ**

ਅਲੰਕਾਰ ਸ਼ਬਦ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਹੈ 'ਸਜਾਉਣਾ'। ਜਿਵੇਂ : ਮਨੁੱਖ ਅਪਨੇ ਸਰੀਰ ਨੂੰ ਸਜਾਉਣ ਲਈ ਭਿੰਨ-ਬਿੰਨ ਤਰ੍ਹਾਂ ਦੇ ਗਹਿਣੇ ਪਾਉਂਦਾ ਹੈ ਕਿ ਉਹ ਖੂਬਸੂਰਤ ਲੱਗੇ ਉਸੇ ਤਰ੍ਹਾਂ ਜਦੋਂ ਅਸੀਂ ਗਾਇਨ, ਵਾਦਨ ਤੇ ਨਰਿਤ ਵਿਚ ਭਿੰਨ-ਭਿੰਨ ਤਰ੍ਹਾਂ ਦੇ ਸਵਰ ਸਮੂਹਾਂ ਨੂੰ ਪ੍ਰਯੋਗ ਕਰਕੇ ਇਨ੍ਹਾਂ ਕਲਾਵਾਂ ਨੂੰ ਸਜਾਉਂਦੇ ਹਾਂ

ਉਸ ਨੂੰ ਅਲੰਕਾਰ ਕਹਿੰਦੇ ਹਨ। ਅਲੰਕਾਰ ਦਾ ਇਕ ਸਿਧਾਂਤ ਹੈ ਕਿ ਜੋ ਸਵਰ ਅਸੀਂ ਅਲੰਕਾਰਾਂ ਦੀ ਅਰੋਹ ਵਿਚ ਲਗਾਵਾਂਗੇ ਉਹ ਹੀ ਸਵਰ ਅਵਰੋਹੀ ਵਿਚ ਲੱਗਣਗੇ। ਅਲੰਕਾਰ ਸ਼ੁੱਧ ਸਵਰਾਂ ਤੋਂ ਇਲਾਵਾ ਕੋਮਲ ਸਵਰ ਤੇ ਤੀਬਰ ਸਵਰ ਲਗਾ ਕੇ ਵੀ ਬਣਾਏ ਜਾ ਸਕਦੇ ਹਨ। ਅਲੰਕਾਰਾਂ ਨੂੰ ਪਲਟਾ ਵੀ ਕਿਹਾ ਜਾਂਦਾ ਹੈ ਜਿਸ ਦਾ ਅਰਥ ਪਲਟਣਾ। ਅਲੰਕਾਰ ਬਣਾਉਂਦੇ ਸਮੇਂ ਸਵਰਾਂ ਦੀ ਸੰਖਿਆ ਅਤੇ ਕ੍ਰਮ ਆਪਣੀ ਇੱਛਾ ਮੁਤਾਬਿਕ ਨਿਯਮਬੱਧ ਕੀਤੇ ਜਾ ਸਕਦੇ ਹਨ। ਗਾਇਨ ਵਿਚ ਤਾਨਾ ਵੀ ਅਲੰਕਾਰਾਂ ਦੇ ਆਧਾਰ ’ਤੇ ਬਣਦੀਆਂ ਹਨ। ਇਨ੍ਹਾਂ ਦੇ ਅਭਿਆਸ ਨਾਲ ਗਾਇਨ, ਵਾਦਨ ਦੋਨੋਂ ਕਲਾਵਾਂ ਵਿਚ ਨਿਖਾਰ ਆ ਜਾਂਦਾ ਹੈ। ਸੰਗੀਤ ਵਿਚ ਸਵਰਾਂ ਦੇ ਛੋਟੇ-ਛੋਟੇ ਸਮੂਹ ਲੈ ਕੇ ਅਲੰਕਾਰਾਂ ਦੀ ਰਚਨਾ ਕੀਤੀ ਜਾਂਦੀ ਹੈ ਕਿਉਂਕਿ ਜਦੋਂ ਅਸੀਂ ਇਕ ਸਵਰ ਦਾ ਪ੍ਰਯੋਗ ਕਰਦੇ ਹਾਂ ਤਾਂ ਉਹ ਇੰਨਾ ਮੰਨ ਨੂੰ ਨਹੀਂ ਭਾਉਂਦਾ ਪ੍ਰੰਤੂ ਜਦੋਂ ਅਸੀਂ ਅਲੰਕਾਰਾਂ ਵਿਚ ਸਵਰਾਂ ਦੇ ਛੋਟੇ-ਛੋਟੇ ਟੁਕੜਿਆਂ ਦਾ ਵਕਰ ਰੂਪ ਵਿਚ ਪ੍ਰਯੋਗ ਕਰਦੇ ਹਾਂ ਤਾਂ ਇਹ ਦੋਨੋਂ ਕ੍ਰਿਆਵਾਂ ਵਿਚ ਇਕ ਮਸਤੀ ਜਹੀ ਆ ਜਾਂਦੀ ਹੈ ਅਤੇ ਅਲੰਕਾਰ ਗਾਉਣ ਜਾਂ ਵਜਾਉਣ ਵਾਲਾ ਇਸ ਦਾ ਪੂਰਾ ਅਨੰਦ ਮਾਣਦਾ ਹੈ। ਭਰਤ ਨਾਟਯ ਸ਼ਾਸਤਰ ਵਿਚ ਭਰਤ ਮੁਨੀ ਜੀ ਨੇ ਠੀਕ ਹੀ ਕਿਹਾ ਹੈ ਜਿਵੇਂ ਪਾਣੀ ਤੋਂ ਬਿਨਾਂ ਨਦੀ, ਚੰਦਰਮਾ ਤੋਂ ਬਿਨਾਂ ਰਾਤ, ਫੁੱਲ ਤੋਂ ਬਿਨਾਂ ਬੂਟਾਂ ਹੈ। ਉਸੀ ਤਰ੍ਹਾਂ ਅਲੰਕਾਰਾਂ ਤੋਂ ਬਿਨਾਂ ਸੰਗੀਤ ਦੀ ਸੁੰਦਰਤਾ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ।

**ਅਲੰਕਾਰਾਂ ਦਾ ਲਾਭ**

ਅਲੰਕਾਰਾਂ ਦੇ ਹੇਠ ਲਿਖੇ ਲਾਭ ਹਨ :

1. ਅਲੰਕਾਰਾਂ ਨੂੰ ਜੇਕਰ ਅਕਾਰ ਨਾਲ ਗਾਇਆ ਜਾਵੇ ਅਤੇ ਨਾਲ ਤਾਲ ਦਿੱਤੀ ਜਾਵੇ ਤਾਂ ਵਿਦਿਆਰਥੀ ਦਾ ਗਲ੍ਹਾ ਅਤੇ ਲੈਅ ਦੋਨੋਂ ਤਿਆਰ ਹੋ ਜਾਂਦੇ ਹਨ।

2. ਅਲੰਕਾਰਾਂ ਦੇ ਅਭਿਆਸ ਨਾਲ ਸਾਜ਼ ਤੇ ਮਾਸਪੇਸ਼ੀਆਂ ਨੂੰ ਲੰਬੇ ਸਮੇਂ ਤੱਕ ਕੰਮ ਕਰਨ ਦੀ ਸ਼ਕਤੀ ਮਿਲਦੀ ਹੈ।

3. ਅਲੰਕਾਰਾਂ ਦੇ ਗਾਣ, ਵਜਾਣ ਨਾਲ ਸੁਰ ਗਿਆਨ ਵੱਧਦਾ ਹੈ।

4. ਅਲੰਕਾਰਾਂ ਦੇ ਅਭਿਆਸ ਤੋਂ ਬਾਅਦ ਵਿਦਿਆਰਥੀ ਖ਼ੁਦ ਅਲੰਕਾਰਾਂ ਦੀ ਰਚਨਾ ਕਰ ਸਕਦਾ ਹੈ।

5. ਅਲੰਕਾਰਾਂ ਦੇ ਅਭਿਆਸ ਨਾਲ ਅਲਾਪ ਅਤੇ ਤਾਨਾ ਦੀ ਤਿਆਰ ਵਿਚ ਸਹਾਇਤਾ ਮਿਲਦੀ ਹੈ।

6. ਅਲੰਕਾਰਾਂ ਦੇ ਅਭਿਆਸ ਨਾਲ ਸਵਰ ਗਿਆਨ ਵਿਚ ਵਾਧਾ ਅਤੇ ਲੈਅ ਦਾ ਅਭਿਆਸ ਹੁੰਦਾ ਹੈ।

7. ਅਲੰਕਾਰਾਂ ਦਾ ਅਭਿਆਸ ਕੇਵਲ ਸੰਗੀਤ ਸਿੱਖਣ ਸਮੇਂ ਹੀ ਨਹੀਂ ਸਗੋਂ ਜਦੋਂ ਵੀ ਰਾਗ ਦੀ ਤਿਆਰੀ ਕਰਨੀ ਹੋਵੇ ਤਾਂ ਰਾਗਾਂ ਦਾ ਅਭਿਆਸ ਕਰਨਾ ਜ਼ਰੂਰੀ ਹੈ।

ਇਸ ਲਈ ਸੰਗੀਤ ਦੇ ਵਿਦਿਆਰਥੀਆਂ ਨੂੰ ਇਸ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ, ਜਿਸ ਸਦਕਾ ਉਹ ਉੱਤਮ ਸ਼੍ਰੇਣੀ ਦੇ ਕਲਾਕਾਰ ਬਣ ਸਕਦੇ ਹਨ। ਕਿਰਿਆਤਮਕ ਭਾਗ ਵਿਚ ਅਲੰਕਾਰ ਦਿੱਤੇ ਜਾ ਰਹੇ ਹਨ। ਵਿਦਿਆਰਥੀ ਨੂੰ ਇਨ੍ਹਾਂ ਅਲੰਕਾਰਾਂ ਦਾ ਅਭਿਆਸ ਕਰਕੇ ਆਪਣੀ ਕਲਾਂ ਵਿਚ ਨਿਖਾਰ ਲਿਆਉਣਾ ਚਾਹੀਦਾ ਹੈ।

**(v) ਸ਼ਰੂਤੀ**

ਸ਼ਰੂਤੀ ਦਾ ਅਰਥ ਹੈ ਸੁਣਨਾ। ਸੰਗੀਤ ਵਿਚ ਅਸੀਂ ਹਰ ਸੁਣਨ ਵਾਲੀ ਆਵਾਜ਼ ਨੂੰ ਸ਼ਰੂਤੀ ਨਹੀਂ ਕਹਿ ਸਕਦੇ। ਅਸੀਂ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਜੋ ਧਵਨੀ ਦੂਸਰੀ ਧੁਨੀਆਂ ਤੋਂ ਵੱਖਰੀ ਪਛਾਣੀ ਜਾ ਸਕੇ ਉਸ ਨੂੰ ਸੰਗੀਤ ਵਿਚ ਸ਼ਰੂਤੀ ਕਹਿੰਦੇ ਹਨ।

ਅਭਿਨਵ ਰਾਗ ਮੰਜਰੀ ਵਿਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ, ‘ਉਹ ਆਵਾਜ਼ ਜੋ ਗੀਤ ਵਿਚ ਪ੍ਰਯੋਗ ਕੀਤੀ ਜਾਵੇ ਇਕ-ਦੂਜੇ ਤੋਂ ਅਲੱਗ ਪਛਾਣੀ ਜਾ ਸਕੇ। ਉਸ ਨੂੰ ਸ਼ਰੂਤੀ ਕਹਿੰਦੇ ਹਨ।’

ਸੰਗੀਤ ਵਿਚ ਬਾਣੀ ਨਾਦ ਅਜਿਹੇ ਹਨ ਜਿਸ ਨੂੰ ਸੁਣ ਕੇ ਪਛਾਣਿਆ ਜਾ ਸਕਦਾ ਹੈ, ਸੰਗੀਤ ਵਿਚ ਇਨ੍ਹਾਂ ਬਾਈ ਨਾਦਾਂ ਨੂੰ ਹੀ ਸ਼ਰੂਤੀ ਕਿਹਾ ਜਾਂਦਾ ਹੈ।

ਹਰ ਸ਼ਰੂਤੀ ਨਾਦ ਹੈ, (ਆਵਾਜ਼) ਹੈ। ਪ੍ਰੰਤੂ ਹਰ ਇਕ ਨਾਦ (ਆਵਾਜ਼) ਸ਼ਰੂਤੀ ਨਹੀਂ ਹੋ ਸਕਦੀ।

ਸ਼ਰੂਤੀ ਉਹ ਧਵਨੀ ਹੈ ਜੋ ਕੰਨਾਂ ਨੂੰ ਸਪੱਸ਼ਟ ਸੁਣਾਈ ਦੇਵੇ, ਸੰਗੀਤ ਲਈ ਉਪਯੋਗੀ ਹੋਵੇ, ਇਕ-ਦੂਜੇ ਤੋਂ ਅਲੱਗ ਪਹਿਚਾਨੀ ਜਾ ਸਕੇ, ਸੁਨਣ ਵਿਚ ਮਧੁਰ ਤੇ ਮਿੱਠੀ ਹੋਵੇ, ਉਹ ਹੀ ਸ਼ਰੂਤੀ ਹੈ।

22 ਸ਼ਰੂਤੀਆਂ ਦੇ ਨਾਂ ਹੇਠ ਲਿਖੇ ਹਨ :-

1. ਤੀਵਰ, 2. ਕੁਮੁਦਵਤੀ, 3. ਮੰਦਾ, 4. ਛੰਦੋਵਤੀ, 5. ਦਯਾਵਤੀ, 6. ਰੰਜਨੀ, 7. ਰਕਤਿਕਾ, 8. ਰੌਦੀ, 9. ਕ੍ਰੋਧੀ, 10. ਵਜਰਿਕਾ, 11. ਪ੍ਰਸਾਰਿਣੀ, 12. ਪ੍ਰੀਤੀ, 13. ਮਾਰਜਨੀ, 14. ਕਸ਼ਿਤੀ, 15. ਰਕਤਾ, 16. ਸੰਦੀਪਨੀ, 17. ਆਲਾਪਨੀ, 18. ਮੰਦੱਤੀ, 19. ਰੋਹਿਣੀ, 20. ਰਮਯਾ, 21. ਉਗ੍ਰਾ, 22. ਕਸ਼ੋਮਣੀ।

ਭਾਰਤੀ ਸੰਗੀਤ ਵਿਚ ਗਾਉਣ ਵਜਾਉਣ ਸਮੇਂ ਇਨ੍ਹਾਂ ਬਾਈ ਸ਼ਰੂਤੀਆਂ ਦਾ ਪ੍ਰਯੋਗ ਕਰਨਾ ਕਠਿਨ ਹੈ। ਇਸ ਲਈ ਇਨ੍ਹਾਂ 22 ਸ਼ਰੂਤੀਆਂ ਵਿਚੋਂ ਅਜਿਹੀਆਂ ਸੱਤ ਸ਼ਰੂਤੀਆਂ ਨੂੰ ਚੁਣਿਆ ਗਿਆ ਜਿਹੜੀਆਂ ਆਸਾਨੀ ਨਾਲ ਗਾਇਆ ਵਜਾਇਆ ਜਾ ਸਕਣ। ਇਨ੍ਹਾਂ ਦਾ ਨਾਂ ਸਵਰ ਰੱਖਿਆ ਗਿਆ। ਭਾਰਤੀ ਸੰਗੀਤ ਇਨ੍ਹਾਂ ਸੱਤ ਸਵਰਾਂ ’ਤੇ ਹੀ ਆਧਾਰਿਤ ਹੈ।

**(vi) ਠਾਅ**

ਠਾਅ ਨੂੰ ਬਰਾਬਰ ਦੀ ਲੈਅ ਵੀ ਆਖਦੇ ਹਨ। ਜਦੋਂ ਇਕ ਮਾਤਰਾ ਕਾਲ ਵਿਚ ਇਕ ਬੋਲ ਬੋਲਿਆ ਜਾਂ ਵਜਾਇਆ ਜਾਵੇ ਤਾਂ ਉਸ ਨੂੰ ਠਾਅ ਲੈਅਕਾਰੀ ਕਹਿੰਦੇ ਹਨ। ਤਾਲ ਵਿਚ ਲਿਖਣ ਲਈ ਇਕ ਮਾਤਰਾ ਤੋਂ ਇਕ ਬੋਲ ਤਾਲ ਦੀ ਲਿਖਿਆ ਜਾਂਦਾ ਹੈ। ਜਿਵੇਂ

| | | | | | | | | |
|---|---|---|---|---|---|---|---|---|
| (1) | 1 | — | — | — | 2 | — | — | — |
| | ਗ | ഽ | ഽ | ഽ | ਧ | ഽ | ഽ | ഽ |
| (2) | 1 | 2 | 3 | 4 | 5 | 6 | 7 | 8 |
| ਠਾਅ ਲੈਅਕਾਰੀ | ਧਾ | ਗੇ | ਨਾ | ਤੀ | ਨਾ | ਕੇ | ਧਿੰ | ਨਾ |

**(vii) ਦੁਗਣ**

ਜਦੋਂ ਇਕ ਮਾਤ੍ਰਾ ਕਾਲ ਵਿਚ ਦੋ ਮਾਤ੍ਰਾਵਾਂ ਬੋਲੀਆਂ ਜਾਣ ਉਸ ਨੂੰ ਦੁਗਣ ਕਹਿੰਦੇ ਹਨ ਜਾਂ ਜਦੋਂ ਠੈਅ ਦੀ ਲੈਅ ਦੀ ਇਕ ਮਾਤਰਾ ਤੇ ਦੋ ਬੋਲਾਂ ਨੂੰ ਬੋਲਿਆ ਜਾਂ ਵਜਾਇਆ ਜਾਵੇ ਉਹ ਦੁਗਣ ਅਖਵਾਉਂਦੀ ਹੈ। ਤਾਲ ਵਿਚ ਦੁਗਣ ਨੂੰ ਲਿਖਣ ਲਈ ਇਕ ਮਾਤਰਾ ਦੇ ਤਾਲ ਦੇ ਦੋ ਬੋਲਾਂ ਨੂੰ ਲਿਖਿਆ ਜਾਂਦਾ ਹੈ। ਜਿਵੇਂ

| | | | | | | | | |
|---|---|---|---|---|---|---|---|---|
| | 1 | 2 | 3 | 4 | 5 | 6 | 7 | 8 |
| ਠਾਅ ਲੈਅਕਾਰੀ | ਧਾ | ਗੇ | ਨਾ | ਤੀ | ਨਾ | ਕੇ | ਧਿੰ | |
| ਦੁਗਣ ਲੈਆਕਾਰੀ | ਧਾਗੇ | ਨਾਤੀ | ਨਾਕੇ | ਧਿੰਨਾ | ਧਾਗੇ | ਨਾਤੀ | ਨਾਕੇ | ਧਿੰਨਾ |

**(viii) ਵਕਰ ਸਵਰ**

ਉਹ ਸਵਰ ਜਿਸ ਨੂੰ ਰਾਗ ਵਿਚ ਸਿੱਧ ਕ੍ਰਮ ਨੂੰ ਭੰਗ ਕਰਕੇ ਉਸ ਦਾ ਪ੍ਰਯੋਗ ਟੇਢਾ ਕੀਤਾ ਜਾਵੇ ਉਸ ਨੂੰ ਵਰਕ ਸਵਰ ਕਹਿੰਦੇ ਹਨ ਵਰਕ ਦਾ ਅਰਥ ਹੈ ‘ਟੇਢਾ’। ਜਦੋਂ ਅਸੀਂ ਇਕ ਸਵਰ ਤੱਕ ਜਾ ਕੇ ਪਿੱਛੇ ਮੁੜ ਜਾਂਦੇ ਹਾਂ ਇਸ

ਸਵਰ ਤੋਂ ਅਸੀਂ ਪਿੱਛੇ ਮੁੜਦੇ ਹਾਂ ਉਸ ਸਵਰ ਨੂੰ ਛੱਡ ਦਿੱਤਾ ਜਾਂਦਾ ਹੈ, ਉਸ ਨੂੰ ਵਰਕ ਸਵਰ ਕਹਿੰਦੇ ਹਨ ਜਿਵੇਂ ਗ ਮ ਗ ਪ ਇਸ ਕ੍ਰਮ ਵਿਚ ਮ ਸਵਰ ਵਰਕ ਹੈ ਕਿਉਂਕਿ ਅਸੀਂ ਮ ਸਵਰ ਤੇ ਜਾ ਕੇ ਫਿਰ ਪਿਛੇ ਗ ਸਵਰ 'ਤੇ ਮੁੜ ਆਉਂਦੇ ਹਾਂ ਤੇ ਅੱਗੇ ਚਲਦੇ ਹਾਂ ਉਸ ਨੂੰ ਛੱਡ ਦਿੰਦੇ ਹਾਂ ਤੇ ਫਿਰ ਗਾ ਸਵਰ 'ਤੇ ਆ ਜਾਂਦੇ ਹਾਂ। ਕਿਉਂਕਿ ਇਥੇ ਅਸੀਂ ਗਮਗ ਸਵਰਾਂ ਨੂੰ ਵਕਰ ਪ੍ਰਯੋਗ ਕੀਤਾ ਹੈ।

**(ix) ਝਾਲਾ**

ਲਾਜ ਅਤੇ ਚਿਕਾਰੀ ਦੀ ਤਾਰ ਤੇ ਸਮਾਨ ਲੈਅ ਵਿਚ ਧਵਨੀ ਨੂੰ ਬਿਨਾ ਖੰਡਿਤ ਕਿਤੀਆਂ ਇਕ ਕ੍ਰਮ ਵਿਚ ਸਿਤਾਰ ਦੀ ਲਰਜ ਦੀ ਤਾਰ ਅਤੇ ਚਿਕਾਰੀ ਦੀ ਤਾਰ ਤੇ ਮਿਜ਼ਰਾਬ ਨਾਲ ਪ੍ਰਹਾਰ ਕੀਤਾ ਜਾਂਦਾ ਹੈ ਉਸ ਨੂੰ ਝਾਲਾਂ ਕਹਿੰਦੇ ਹਨ। ਬਾਜ ਦੀ ਤਾਰ ਤੇ 'ਦਾ' ਅਤੇ ਚਿਕਾਰੀ ਦੀ ਤਾਰ ਤੇ ਰਾ, ਰਾ, ਰਾ ਦਾ ਬੋਲ ਵਜਾਦੇ ਹੋਏ ਖੱਬੇ ਹੱਥ ਨਾਲ ਪਰਦਿਆਂ ਤੇ ਮੀਂਡ ਕ੍ਰਿਤੰਨ ਅਤੇ ਕੰਪਨ ਦੀ ਕ੍ਰਿਆ ਕਰਦੇ ਹਾਂ ਤਾਂ ਝਾਲੇ ਦੀ ਸੁੰਦਰਤਾ ਵੱਧ ਜਾਂਦੀ ਹੈ। ਦਾ, ਰਾ ਰਾ ਰਾ ਬੋਲਾਂ ਨੂੰ ਉਲਟ-ਪਲਟ ਕਰਕੇ ਭਿੰਨ-ਭਿੰਨ ਤਰਾਂ ਦੇ ਝਾਲਾ ਬਣਾ ਕੇ ਬਜਾਏ ਜਾਂਦੇ ਹਨ।

ਝਾਲਾਂ ਦੋ ਤਰ੍ਹਾਂ ਦਾ ਹੁੰਦਾ ਹੈ :-

(1) ਸਿੱਧਾ ਝਾਲਾ

(2) ਉਲਟਾ ਝਾਲਾ

1. **ਸਿੱਧਾ ਝਾਲਾ** :-ਬਾਜ਼ ਦੀ ਤਾਰ ਤੇ ਜੇਕਰ 'ਦਾ' ਦਾ ਬੋਲ ਸਿੱਧਾ ਵਜੇ ਤਾਂ ਸਿੱਧ ਝਾਲਾ ਕਹਿੰਦੇ ਹਨ। ਇਸ ਨੂੰ ਸੁਲਟ ਦਾ ਝਾਲਾ ਵੀ ਕਹਿੰਦੇ ਹਨ। ਇਸ ਦੇ ਬੋਲ ਇਸ ਤਰ੍ਹਾਂ ਹਨ ਦਾ, ਰਾ ਰਾ ਰਾ।

2. **ਉਲਟਾ ਝਾਲਾ** :-ਬਾਜ਼ ਦੀ ਤਾਰ ਅਤੇ ਚਿਕਾਰੀ ਦੀ ਤਾਰ ਤੇ ਅੰਦਰ ਤੋਂ ਬਾਹਰ ਵੱਲ ਪ੍ਰਹਾਰ ਕਰਨ ਨੂੰ ਉਲਟਾ ਝਾਲਾ ਕਹਿੰਦੇ ਹਨ। ਇਸ ਦੇ ਬੋਲ ਰਾ ਦਾ, ਰਾ ਰਾ।

**(x) ਸਥਾਈ**

ਇਹ ਗੀਤ ਜਾਂ ਗਤ ਦਾ ਪਹਿਲਾ ਭਾਗ ਹੁੰਦਾ ਹੈ। ਗੀਤ ਜਾਂ ਰਾਤ ਦੇ ਪਹਿਲੇ ਪਦ ਜਾਂ ਭਾਗ ਨੂੰ ਸਥਾਈ ਕਹਿੰਦੇ ਹਨ। ਗਾਇਨ/ਵਾਦਨ ਵਿਚ ਸਥਾਈ ਦਾ ਪ੍ਰਯੋਗ ਸਭ ਤੋਂ ਜ਼ਿਆਦਾ ਹੁੰਦਾ ਹੈ। ਰਾਗ ਦਾ ਅਲਾਪ/ਤਾਨ ਦੇ ਦੁਆਰਾ ਸਵਰ ਵਿਸਥਾਰ ਕਰਦਾ ਹੋਇਆ ਵਾਦਕ/ਗਾਇਕ ਬਾਰ-ਬਾਰ ਸਥਾਈ ਦੇ ਮੁਖੜੇ ਨੂੰ ਫੜ ਕੇ ਤਾਲ ਦੇ ਚੱਕਰ ਵਿਚ ਪਹੁੰਚ ਜਾਂਦਾ, ਇਸ ਵਿਚ ਮੰਦਰ, ਮੱਧ ਸਪਤਕ ਦੇ ਸੁਰ ਦਾ ਪ੍ਰਯੋਗ ਕੀਤਾ ਜਾਂਦਾ ਹੈ ਇਸ ਦੇ ਇਕ ਜਾਂ ਦੋ, ਤਿੰਨ ਆਵਰਤਨ ਹੁੰਦੇ ਹਨ। ਧਰੁਪਦ ਗਾਇਨ ਸ਼ੈਲੀ ਵਿਚ ਚਾਰ ਆਵਰਤਨ ਦੀ ਸਥਾਈ ਹੁੰਦੀ ਹੈ। ਰਾਗ ਦੇ ਅੰਤਰੇ ਦੇ ਇਕ ਭਾਗ ਨੂੰ ਗਾ ਕੇ ਜਾਂ ਵਜਾ ਕੇ ਮੁੜ ਸਥਾਈ ਜ਼ਰੂਰ ਵਜਾਈ ਜਾਂਦੀ ਹੈ।

**(xi) ਅੰਤਰਾ**

ਗੀਤ ਜਾਂ ਗੱਤ ਦੇ ਦੂਸਰੇ ਭਾਗ ਨੂੰ ਅੰਤਰਾ ਕਹਿੰਦੇ ਹਨ। ਇਸ ਦਾ ਵਿਸਥਾਰ ਖੇਤਰ ਮੱਧ ਸਪਤਕ ਤੋਂ ਹੁੰਦਾ ਤਾਰ ਸਪਤਕ ਦੇ ਗੰਧਾਰ, ਮਧਯਮ ਸੁਰ ਤੱਕ ਹੁੰਦਾ ਹੈ। ਅੰਤਰਾ ਹਮੇਸ਼ਾ ਮੱਧ ਸਪਤਕ ਦੇ ਸੁਰਾਂ ਅਰਥਾਰ, ਗੰਧਾਰ, ਮੰਦਰ, ਪੰਚਮ ਤੋਂ ਸ਼ੁਰੂ ਕੀਤਾ ਜਾਂਦਾ ਹੈ। ਅੰਤਰੇ ਦੇ ਵੀ ਦੋ ਜਾਂ ਇਸ ਤੋਂ ਵੱਧ ਆਵਰਤਨ ਹੁੰਦੇ ਹਨ।

ਅਧਿਆਇ-2

# ਥਾਟ, ਥਾਟ ਦੇ ਨਿਯਮ, ਭਾਤਖੰਡੇ ਜੀ ਦੇ

## ਦਸ ਥਾਟ

**ਥਾਟ :** ਭਾਰਤੀ ਸੰਗੀਤ ਵੱਖ-ਵੱਖ ਸਿਧਾਂਤਾਂ ਦੇ ਹੇਠ ਸਮੇਂ-ਸਮੇਂ ਸਿਰ ਵਰਗੀਕਰਨ ਹੁੰਦਾ ਰਿਹਾ ਜਿਵੇਂ :-ਗ੍ਰਾਮ, ਮੁਰਛਨਾ ਜਾਤੀ, ਰਾਗ ਰਾਗਨੀ ਵਰਗੀਕਰਨ ਤੇ ਥਾਟ ਰਾਗ ਵਰਗੀਕਰਨ। ਸੱਤ ਸੁਰਾਂ ਦਾ ਉਹ ਸਮੂਹ ਜਿਸ ਵਿਚ ਰਾਗ ਉਤਪੰਨ ਕਰਨ ਦੀ ਸ਼ਕਤੀ ਹੋਵੇ ਉਸ ਨੂੰ ਸੰਗੀਤ ਦੀ ਭਾਸ਼ਾ ਵਿਚ ਥਾਟ ਕਹਿੰਦੇ ਹਨ। ਥਾਟ ਨੂੰ ਕਵੀ ਗੁਣੀਜਨ ਮੇਲ ਵੀ ਕਹਿੰਦੇ ਹਨ। ਥਾਟ ਰਾਗ ਦਾ ਸਿਧਾਂਤ ਸਬ ਤੋਂ ਪਹਿਲਾਂ ਪੰ: ਵਿਅਕਟਮੁੱਖੀ ਜੀ ਨੇ ਕੀਤਾ ਜਿਸ ਵਿਚ ਉਨ੍ਹਾਂ ਨੇ ਗਣਿਤ ਦੇ ਅਧਾਰ 'ਤੇ ਇਹ ਸਿੱਧ ਕੀਤਾ ਕਿ ਸੰਗੀਤ ਦੇ 12 ਸੁਰ (ਸ਼ੁੱਧ, ਕੋਮਲ, ਤੀਵਰ) ਤੋਂ 72 ਥਾਟ ਉਤਪੰਨ ਹੋ ਸਕਦੇ ਹਨ। ਆਧੁਨਿਕ ਕਾਲ ਵਿਚ ਪੰ: ਭਾਤਖੰਡੇ ਜੀ ਨੇ ਰਾਗ ਰਾਗਨੀ ਪੱਧਤੀ ਨੂੰ ਨਕਾਰਦੇ ਹੋਏ ਉਨ੍ਹਾਂ ਨੇ ਇਨ੍ਹਾਂ 72 ਥਾਟਾਂ ਵਿਚੋਂ 10 ਥਾਟ ਲੈ ਕੇ ਉੱਤਰੀ ਸੰਗੀਤ ਪੱਦਤੀ ਦੇ ਸਾਰੇ ਰਾਜਾਂ ਦਾ ਵਰਗੀਕਰਨ ਇਨ੍ਹਾਂ ਥਾਟਾਂ ਦੇ ਸਿਧਾਂਤ ਤੇ ਕੀਤਾ। ਭਾਤਖੰਡੇ ਜੀ ਨੇ ਇਨ੍ਹਾਂ ਥਾਟਾਂ ਦੇ ਅੰਤਰਗਤ ਆਉਂਦੇ ਰਾਗਾਂ ਦੇ ਨਾਂ 'ਤੇ ਹੀ ਇਨ੍ਹਾਂ ਥਾਟਾਂ ਦਾ ਨਾਂ ਰੱਖਿਆ। ਇਨ੍ਹਾਂ ਥਾਟਾਂ ਵਿਚ ਸਵਰ ਕ੍ਰਮਵਾਰ ਪ੍ਰਯੋਗ ਕੀਤੇ ਗਏ। ਕਈ ਥਾਟ ਸਵਰ ਸਮੂਹ ਦੀ ਪਹਿਚਾਣ ਹਿੱਤ ਹੀ ਬਣਾਏ ਗਏ ਹਨ ਤੇ ਕਈ ਰਾਗ ਇਸ ਸਿਧਾਂਤ 'ਤੇ ਖਰੇ ਤੇ ਪੂਰੇ ਵੀ ਉਤਰੇ ਹਨ ਕਿਉਂਕਿ ਜੋ ਸਵਰ ਉਸ ਰਾਜ ਵਿਚ ਵਰਤੇ ਗਏ ਸਵਰਾਂ ਦੇ ਆਧਾਰ ਤੇ ਉਹ ਇਨ੍ਹਾਂ 10 ਥਾਟਾਂ ਵਿਚੋਂ ਕਿਸੀ ਵੀ ਥਾਟ ਦੇ ਅੰਤਰਗਤ ਨਹੀਂ ਆਏ। ਕਈ ਸੰਗੀਤ ਸ਼ਾਸਤਰੀਆਂ ਨੇ ਉਨ੍ਹਾਂ ਦੇ ਸੁਰਾਂ ਦੇ ਲਗਾਵ ਜਾਂ ਵਾਦੀ-ਸੰਵਾਦੀ ਦੇ ਆਧਾਰ ਤੇ ਇਨ੍ਹਾਂ ਥਾਟਾਂ ਦੇ ਅੰਤਰਗਤ ਰਾਗਾਂ ਨੂੰ ਰੱਖਣਾ ਹੀ ਉਚਿਤ ਸਮਝਿਆ।

## ਥਾਟ ਦੇ ਨਿਯਮ

1. ਥਾਟ ਵਿਚ ਸੱਤ ਸਵਰਾਂ ਦਾ ਹੋਣਾ ਜ਼ਰੂਰੀ ਹੈ।

2. ਥਾਟ ਵਿਚ ਸਵਰ ਕ੍ਰਮ ਅਨੁਸਾਰ ਹੋਣੇ ਚਾਹੀਦੇ ਹਨ, ਜਿਵੇਂ : ਸਾ ਤੋਂ ਬਾਅਦ ਰੇ ਹੇ ਰੇ ਤੋਂ ਬਾਅਦ ਗਾ ਸਵਰ ਆਉਣਾ ਜ਼ਰੂਰੀ ਹੈ।

3. ਥਾਟ ਵਿਚ ਕੇਵਲ ਅਰੋਹ ਦਾ ਹੋਣਾ ਜ਼ਰੂਰੀ ਹੈ ਕਿਉਂਕਿ ਰਾਗ ਵਿਚ ਲੱਗਣ ਵਾਲੇ ਸੁਰਾਂ ਤੇ ਥਾਟ ਦੀ ਅਰੋਹੀ ਤੋਂ ਹੀ ਥਾਟ ਦਾ ਨਾਮ ਜਾਣਿਆ ਜਾ ਸਕਦਾ ਹੈ।

4. ਥਾਟ ਦੀ ਪਹਿਚਾਣ ਲਈ ਉਸ ਵਿਚੋਂ ਉਤਪੰਨ ਹੋਏ ਕਿਸੇ ਰਾਗ ਦਾ ਨਾਂ ਦਿੱਤਾ ਜਾਂਦਾ ਹੈ ਜਿਵੇਂ : ਬਿਲਾਵਲ ਰਾਗ ਬਿਲਾਵਲ ਥਾਟ ਤੋਂ ਉਤਪੰਨ ਹੋਇਆ ਹੈ। ਇਸ ਲਈ ਉਸ ਥਾਟ ਦਾ ਨਾਂ ਬਿਲਾਵਲ ਥਾਟ ਰੱਖ ਦਿੱਤਾ ਗਿਆ।

5. ਥਾਟ ਗਾਏ-ਵਜਾਏ ਨਹੀਂ ਜਾਂਦੇ ਇਸ ਲਈ ਇਸ ਵਿਚ ਰੰਜਕਤਾ ਦਾ ਹੋਣਾ ਜ਼ਰੂਰੀ ਨਹੀਂ।

6. ਇਕ ਥਾਟ ਤੋਂ ਕਵੀ ਰਾਗ ਉਤਪੰਨ ਕੀਤੇ ਜਾ ਸਕਦੇ ਹਨ।

7. ਥਾਟ ਤੋਂ ਰਾਗ ਦੀ ਉਤਪੱਤੀ ਕੀਤੀ ਜਾਂਦੀ ਹੈ।

8. ਥਾਟ ਵਿਚ ਸਵਰਾਂ ਦੇ ਰੂਪ ਕੋਮਲ ਅਤੇ ਤੀਬਰ ਕ੍ਰਮਵਾਰ ਆ ਸਕਦੇ ਹਨ।

**ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੇ ਦੱਸ ਥਾਟ :**

**1. ਬਿਲਾਵਲ ਥਾਟ :**-ਇਸ ਥਾਟ ਵਿਚ ਸਾਰੇ ਸੁਰ ਸ਼ੁਧ ਲਗਦੇ ਹਨ। ਜਿਵੇਂ : ਸਾ ਰੇ ਗ ਮ ਪ ਧ ਨੀ। ਇਸ ਥਾਟ

ਨੂੰ ਸ਼ੁੱਧ ਥਾਟ ਮੰਨਿਆ ਗਿਆ ਹੈ। ਇਸ ਥਾਟ ਦੇ ਅੰਤਰਗਤ ਰਾਗ ਬਿਲਾਵਲ, ਬਿਹਾਗ ਦੇਸ਼ਕਾਰ ਆਉਂਦੇ ਹਨ। ਇਸ ਦੇ ਰਾਗ ਤੇ ਹੀ ਇਸ ਦੇ ਥਾਟ ਦਾ ਨਾ ਬਿਲਾਵਲ ਪਿਆ।

2. **ਕਲਿਆਣ** :- ਇਸ ਥਾਟ ਵਿਚ ਮ (ਮਧਯਮ) ਸਵਰ ਤੀਬਰ ਲਗਦਾ ਹੈ ਭਾਵ ਸ਼ੁੱਧ ਮ ਅਤੇ ਪ ਦੇ ਵਿਚਕਾਰ ਉੱਚਾ ਸਵਰ ਤੀਬਰ ਮ' ਹੈ। ਜਿਵੇਂ : ਸਾ ਰੇ ਗ ਮ' ਪ ਧ ਨੀ। ਇਸ ਥਾਟ ਵਿਚ ਮ ਸਵਰ ਤੀਬਰ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਥਾਟ ਦੇ ਮੁੱਖ ਰਾਗ ਹਨ : ਯਮਨ, ਸ਼ੁੱਧ ਕਲਿਆਣ, ਭੁਪਾਲੀ।

3. **ਥਾਟ ਖਮਾਜ** :-ਇਸ ਥਾਟ ਵਿਚ ਕੋਮਲ ਨੀ ਤੇ ਬਾਕੀ ਸਵਰ ਸ਼ੁੱਧ ਲਗਦੇ ਹਨ ਜਿਵੇਂ : ਸਾ ਰੇ ਗ ਮ ਪਾ ਧ ਨੁੀ। ਇਸ ਥਾਟ ਦੇ ਪ੍ਰਸਿੱਧ ਰਾਗ ਹਨ ਖਮਾਜ, ਦੇਸ਼, ਤਿਲਕਕਮੋਦ, ਜੈ ਜੈਵੰਤੀ।

4. **ਥਾਟ ਕਾਫੀ** :-ਇਸ ਥਾਟ ਵਿਚ ਗ ਤੇ ਨੀ ਸਵਰ ਕੋਮਲ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ ਜਿਵੇਂ : ਸਾ ਰੇ ਗੁ ਮ ਪ ਧ ਨੁੀ। ਇਸ ਥਾਟ ਦੇ ਅੰਤਰਗਤ ਰਾਗ ਹਨ : ਕਾਫੀ, ਭੀਮਪਲਾਸੀ, ਵਰਿੰਦਾਬਨ ਸਾਰੰਗ, ਬਾਗੇਸ਼ਵਰੀ।

5. **ਥਾਟ ਭੈਰਵ** : ਇਸ ਥਾਟ ਵਿਚ ਰੇ, ਧ ਸਵਰ ਕੋਮਲ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ ਜਿਵੇਂ : ਸਾ ਰੁੇ ਗ ਮ ਪ ਧੁ ਨੀ। ਇਸ ਦੇ ਅੰਤਰਗਤ ਭੈਰਵ, ਰਾਮਕਲੀ ਹਨ।

6. **ਥਾਟ ਪੁਰਵੀ** :- ਇਸ ਥਾਟ ਵਿਚ ਰੇ, ਧ ਸਵਰ ਕੋਮਲ ਮ ਸਵਰ ਤੀਬਰ ਲਗਦੇ ਹਨ ਜਿਵੇਂ : ਸਾ ਰੁੇ ਗਾ ਮ' ਪ ਧ ਨੀ। ਇਸ ਥਾਟ ਦੇ ਅੰਤਰਗਤ ਲਲਿਤ, ਪੂਰੀਆ, ਪੁਰਵੀ ਆਦਿ ਰਾਗ ਹਨ।

7. **ਥਾਟ ਮਾਰਵਾ** :-ਇਸ ਥਾਟ ਵਿਚ ਰੇ ਸੁਰ ਕੋਮਲ ਮ ਸਵਰ ਤੀਵਰ ਲਗਦਾ ਹੈ ਜਿਵੇਂ : ਸਾ ਰੁੇ ਗ ਮ' ਪ ਧ ਨੀ। ਇਸ ਥਾਟ ਦੇ ਅੰਤਰਗਤ ਸੋਹਨੀ, ਮਾਰਵਾ ਰਾਗ ਆਉਂਦੇ ਹਨ।

8. **ਥਾਟ ਆਸਾਵਰੀ** :-ਇਸ ਥਾਟ ਵਿਚ ਗ, ਧ ਨੀ ਸਵਰ ਕੋਮਲ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਜਿਵੇਂ ਸ ਰੇ ਗੁ ਮ ਪ ਧੁ ਨੁੀ ਇਸ ਥਾਚ ਦੇ ਅੰਤਰਗਤ ਦਰਬਾਰੀ, ਆੜਾਨਾ ਆਸਾਵਰੀ, ਜੌਨਪੁਰੀ ਰਾਗ ਆਉਂਦੇ ਹਨ।

9. **ਥਾਟ ਭੈਰਵੀ** :-ਇਸ ਥਾਟ ਵਿਚ ਰੇ, ਗ, ਧ, ਨੀ ਸੁਰ ਕੋਮਲ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਜਿਵੇਂ : ਸ ਰੁੇ ਗੁ ਮ ਪ ਧੁ ਨੁੀ। ਇਸ ਥਾਟ ਦੇ ਅੰਤਰਗਤ ਭੈਰਵੀ, ਮਾਲਕੌਸ਼ ਰਾਗ ਆਉਂਦੇ ਹਨ।

10. **ਥਾਟ ਤੋੜੀ ਜਾਂ ਟੋਡੀ** :- ਇਸ ਥਾਟ ਵਿਚ ਰੇ, ਗ, ਧ, ਨੀ ਸਵਰ ਕੋਮਲ ਤੇ ਮ ਸਵਰ ਤੀਵਰ ਲਗਦਾ ਹੈ ਜਿਵੇਂ : ਸਾ ਰੁੇ ਗੁ ਮ' ਪ ਧੁ ਨੁੀ। ਇਸ ਥਾਟ ਦੇ ਅੰਤਰਗਤ ਤੋੜੀ, ਗੁਜਰੀ ਤੋੜੀ, ਮੁਲਤਾਨੀ ਰਾਗ ਆਉਂਦੇ ਹਨ।

ਅਧਿਆਇ-3

# ਤੋੜਾ

## (ਬਰਾਬਰ ਦਾ ਤੋੜਾ, ਦੁਗਨ ਦਾ ਤੋੜਾ)

ਸੰਗੀਤ ਵਾਦਨ ਵਿਚ ਜਦੋਂ ਅਸੀਂ ਰਾਗ ਦੇ ਵਿਸ਼ੇਸ਼ ਸਵਰ ਸਮੂਹ ਨੂੰ ਰਾਗ ਦੀ ਗਤ ਵਜਾਉਣ ਤੋਂ ਬਾਅਦ ਵਜਾਂਦੇ ਉਸ ਨੂੰ ਤੋੜਾ ਕਹਿੰਦੇ ਹਨ। ਤੋੜੇ ਵਿਚ ਰਾਗ ਦੀ ਝਲਕ ਦਿਖਦੀ ਰਹਿੰਦੀ ਹੈ। ਤੋੜਿਆਂ ਦਾ ਪ੍ਰਯੋਗ ਅਸੀਂ ਜੋੜ ਅਲਾਪ ਵਿਚ ਵੀ ਕਰਦੇ ਹਾਂ, ਇਸ ਵਿਚ ਅਲਾਪ ਦੀ ਗਤੀ ਦਰੁੱਤ ਕਰਕੇ ਬਰਾਬਰ ਦੇ ਛੋਟੇ-ਛੋਟੇ ਸਮੂਹ ਵਾਲੇ ਤੋੜੇ ਵਜਾਏ ਜਾਂਦੇ ਹਨ ਅਤੇ ਰਾਗ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਹੜਾ ਰਾਗ ਵਜਾਇਆ ਜਾ ਰਿਹਾ ਹੈ। ਤੋੜੇ ਤਾਲ ਦੀ ਕਿਸੀ ਵੀ ਮਾਤਰਾ (ਨਿਸ਼ਚਿਤ ਸਥਾਨ) ਤੋਂ ਸ਼ੁਰੂ ਹੁੰਦੇ ਹਨ ਅਤੇ ਕਿਸੀ ਨਿਸ਼ਚਿਤ ਸਥਾਨ ਤੇ ਆ ਕੇ ਖ਼ਤਮ ਕੀਤੇ ਜਾਂਦੇ ਹਨ। ਫਿਰ ਉਥੋਂ ਗਤ ਦੇ ਬੋਲ ਸ਼ੁਰੂ ਹੋ ਜਾਂਦੇ ਹਨ। ਤੋੜੇ ਹਮੇਸ਼ਾਂ ਐਸੀ ਮਾਤਰਾ ਤੋਂ ਸ਼ੁਰੂ ਕਰਨੇ ਚਾਹੀਦੇ ਹਨ ਤਾਂ ਜੋ ਤੋੜਾ ਜਿਸ ਮਾਤਰਾ ਤੇ ਖ਼ਤਮ ਕੀਤਾ ਜਾਵੇ ਉਥੋਂ ਗਤ ਦਾ ਮੁਖੜਾ ਆਸਾਨੀ ਨਾਲ ਪਕੜਿਆ ਜਾਵੇ ਵੈਸੇ ਤਾਂ ਜ਼ਿਆਦਾ ਤਰ ਸਮ ਤੋਂ ਹੀ ਮੁਖੜਾ ਫੜਿਆ ਜਾਂਦਾ ਹੈ। ਤੋੜੇ ਇਕ ਆਵਰਤਨ ਤੋਂ ਲੈ ਕੇ ਕਈ-ਕਈ ਆਵਰਤਨਾ ਦੇ ਹੋ ਸਕਦੇ ਹਨ। ਰਾਗ ਵਿਚ ਤੋੜੇ ਅੱਠ ਮਾਤਰਾ, ਸੋਲਾ ਮਾਤਰਾ, ਚੋਵੀ ਮਾਤਰਾ, ਬੱਤੀ ਮਾਤਰਾ ਜਾਂ ਇਸ ਤੋਂ ਵੱਧ ਮਾਤਰਾਵਾਂ ਦੇ ਤੋੜੇ ਵੀ ਵਜਾਏ ਜਾਂਦੇ ਹਨ, ਕਈ ਤੋੜਿਆਂ ਦੇ ਅੰਤ ਵਿਚ ਤਿਹਾਈ ਵਜਾਈ ਜਾਂਦੀ ਹੈ। ਤੋੜਿਆਂ ਦੀ ਸਹਾਇਤਾ ਨਾਲ ਗਤ ਕਾਫ਼ੀ ਸਮੇਂ ਤੱਕ ਵਜਾਈ ਜਾ ਸਕਦੀ ਹੈ :-

**1. ਬਰਾਬਰ ਦਾ ਤੋੜਾ**

ਇਸ ਵਿਚ ਜਿਸ ਲੈਅ ਵਿਚ ਰਾਗ ਦੀ ਗਤ ਵਜ ਰਹੀ ਹੁੰਦੀ ਹੈ, ਉਸ ਦੀ ਬਰਾਬਰ ਲੈਅ ਵਿਚ ਤੋੜਾ ਵਜਾਇਆ ਜਾਂਦਾ ਹੈ, ਉਸ ਨੂੰ ਬਰਾਬਰ ਦਾ ਤੋੜਾ ਇਨ੍ਹਾਂ ਤੋੜਿਆਂ ਵਿਚ ਵੱਖ-ਵੱਖ ਲੈਅਕਾਰੀਆਂ ਵਿਖਾਕੇ ਅੰਤ ਵਿੱਚ ਤਹਾਈ ਵਜਾਈ ਜਾਂਦੀ ਹੈ।

**2. ਦੁਗਣ ਦਾ ਤੋੜਾ**

ਜਦੋਂ ਗਤ ਦੀ ਗਤੀ ਦਰੁੱਤ ਲੈਅ ਵਿਚ ਲਿਜਾਕੇ ਦਰੁੱਤ ਲੈਅ ਵਿਚ ਤੋੜੇ ਵਜਾਏ ਜਾਂਦੇ ਹਨ ਤਾਂ ਉਸ ਨੂੰ ਦੁਗਣ ਦਾ ਤੋੜਾ ਕਹਿੰਦੇ ਹਨ। ਜਾਂ ਜਿਸ ਲੈਅ ਵਿਚ ਗਤ ਵਜਾਈ ਜਾ ਰਹੀ ਹੈ, ਉਸ ਤੋਂ ਦੁਗਤ ਲੈਅਕਾਰੀ ਵਿਚ ਜਦੋਂ ਤੋੜਾ ਵਜਾਇਆ ਜਾਂਦਾ ਹੈ ਤਾਂ ਉਸ ਨੂੰ ਦੁਗਣ ਦਾ ਤੋੜਾ ਕਿਹਾ ਜਾਂਦਾ ਹੈ। ਦੁਗਣ ਦਾ ਅਰਥ ਹੈ ਦੁਗਣਾ ਅਰਥਾਤ ਇਕ ਮਾਤਰਾ ਤੇ ਦੋ ਸਵਰਾਂ ਨੂੰ ਸਮਾਨ ਨਾਲ-ਨਾਲ ਵਜਾਉਣਾ।

# ਸਿਤਾਰ




ਚਿੱਤਰ ਨੰ. 1

### ਅਧਿਆਇ-4

# ਸੰਗੀਤ ਦਾ ਸਾਜ਼ ਸਿਤਾਰ-ਇਤਿਹਾਸ, ਅੰਗ ਵਰਣਨ

## ਇਤਿਹਾਸ

ਭਾਰਤੀ ਸੰਗੀਤ ਵਿਚ ਸਿਤਾਰ ਇਕ ਬਹੁਤ ਹੀ ਲੋਕਪ੍ਰਿਯ ਤੰਤ੍ਰੀ ਵਾਦਅ (ਸਾਜ਼) ਹੈ ਜਿਸ ਦਾ ਪ੍ਰਚਾਰ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ। ਦੇਸ਼ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਇਸ ਨੂੰ ਬਹੁਤ ਪਸੰਦ ਕੀਤਾ ਜਾਂਦਾ ਹੈ।

ਸਿਤਾਰ ਦਾ ਇਤਿਹਾਸ ਸਿਰਫ 250-300 ਮੰਨਿਆ ਜਾਂਦਾ ਹੈ। ਆਪਣੇ ਜਨਮ ਤੋਂ ਹੁਣ ਤੱਕ ਸਿਤਾਰ ਨੇ ਬਹੁਤ ਲੋਕਪ੍ਰਿਅਤਾ ਹਾਸਿਲ ਕੀਤੀ ਹੈ। ਇਹ ਕਹਿਣਾ ਬਿਲਕੁਲ ਠੀਕ ਹੀ ਹੋਵੇਗਾ ਕਿ ਤੰਤ੍ਰੀ ਵਾਦਾ ਵਿਚੋਂ ਸਿਤਾਰ ਨੇ ਸਭ ਤੋਂ ਵੱਧ ਲੋਕ ਪ੍ਰਿਅਤਾ ਪਾਈ ਹੈ।

ਸਿਤਾਰ ਦੇ ਅਵਿਸ਼ਕਾਰ ਦੇ ਵਿਸ਼ੇ ਵਿਚ ਕਈ ਵਿਦਵਾਨਾਂ ਦੇ ਮਤ ਹੈ ਕਿ ਇਸ ਦਾ ਅਵਿਸ਼ਕਾਰ 14 ਸਦੀ ਦੇ ਪ੍ਰਸਿੱਧ ਸੰਗੀਤਕਾਰ ਅਮੀਰ ਖੁਸਰੋ ਨੇ 1253-1325 ਈ: ਵਿਚ ਕੀਤਾ। ਇਨ੍ਹਾਂ ਨੇ ਪ੍ਰਾਚੀਨ ਵੀਣਾ ਅਤੇ ਤਾਨਪੁਰੇ ਦੇ ਆਧਾਰ ’ਤੇ ਤਿੰਨ ਤਾਰਾਂ ਵਾਲਾ ਇਕ ਨਵੀਨ ਵਾਦਾਂ ਦਾ ਨਿਰਮਾਣ ਕੀਤਾ, ਜਿਸ ਦਾ ਨਾਂ ‘ਸੇਹਤਾਰ’ ਰੱਖਿਆ। ਸੇਹਤਾਰ ਫਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਤਿੰਨ ਤਾਰਾਂ ਵਾਲਾ ਵਾਦਅ (ਸਾਜ਼) ਹੌਲੀ-ਹੌਲੀ ਤਾਰਾਂ ਦੀ ਸੰਖਿਆ ਵਿਚ ਵਾਧਾ ਹੁੰਦਾ ਗਿਆ।

ਆਚਾਰਿਆ ਬ੍ਰਹਮਪਤੀ ਅਤੇ ਹੋਰ ਅਨੇਕਾਂ ਵਿਦਵਾਨਾਂ ਦਾ ਮਤ ਹੈ ਕਿ ਸਿਤਾਰ ਦਾ ਅਵਿਸ਼ਕਾਰ ਸਦਾ ਰੰਗ ਦੇ ਭਾਈ ਖੁਸਰੋਂ ਖਾਂ ਨੇ ਕੀਤਾ। ਖੁਸਰੋ ਖਾਂ ਅਤੇ ਸਦਾਰੰਗ, ਤਾਨਸੇਨ ਦੇ ਦਾਮਾਦ ਮਿਸ਼ਰੀ ਸਿੰਘ ਦੇ ਵੰਸ਼ਜਾਂ ਵਿਚੋਂ ਹਨ। ਇਸ ਲਈ ਸ਼ਾਇਦ ਖੁਸਰੋ ਖਾਂ ਅਤੇ ਅਮੀਰ ਖੁਸਰੋ ਦੇ ਨਾਂਅ ਦੀ ਸਮਾਨਤਾ ਹੋਣ ਕਾਰਨ ਇਸ ਦਾ ਸੇਹਰਾ ਅਮੀਰ ਖੁਸਰੋ ਨੂੰ ਦਿੱਤਾ ਜਾਂਦਾ ਰਿਹਾ ਹੈ ਪਰ ਹੁਣ ਵਿਦਵਾਨਾਂ ਦੇ ਅਨੁਸਾਰ ਸਿਤਾਰ ਦਾ ਅਵਿਸ਼ਕਾਰਕ ਖੁਸਰੋ ਖਾਂ ਨੂੰ ਮੰਨਿਆ ਜਾਂਦਾ ਹੈ।

ਖੁਸਰੋ ਖਾਂ ਦੇ ਪੋਤੇ ਫਿਰੋਜ਼ ਖਾਂ, ਸਦਾਰੰਗ ਦੇ ਪੁੱਤਰ ਉਸਤਾਦ ਮਸੀਤ ਖਾਂ ਨੇ ਵਿਲੰਬਿਤ ਲੈਅ ਨੂੰ ਬਣਾਇਆ ਅਤੇ ਪ੍ਰਧਾਨਤਾ ਦਿਲਵਾਈ। ਮਸੀਤ ਖਾਂ ਦੇ ਸ਼ਿਸ ਮੁਹੰਮਦ ਰਜ਼ਾ ਖਾਂ ਨੇ ਦਰੁਤ ਲੈਅ ਬਣਾਈ ਜਿਹੜੀ ਰਜ਼ਾਖਾਨੀ ਗਤ ਨਾਲ ਜਾਣੀ ਜਾਂਦੀ ਹੈ।

ਸਿਤਾਰ ਦੇ ਵਾਦਨ ਵਿਚ ਪਰੰਪਰਾਗਤ ਦੋ ਤਰਾਂ ਦੀਆਂ ਸ਼ੈਲੀਆਂ (ਬਾਜ਼) ਪ੍ਰਚਲਿਤ ਹਨ। ਇਕ ਮਸੀਤ ਖਾਨੀ ਬਾਜ਼ ਜਿਸ ਨੂੰ ਦਿੱਲੀ ਬਾਜ਼ ਜਾਂ ਵਿਲੰਬਿਤ ਗਤ ਦੀ ਲੈਅ ਕਹਿੰਦੇ ਹਨ। ਦੂਜੀ ਰਜ਼ਾਖਾਨੀ ਬਾਜ਼ ਜਿਸ ਨੂੰ ਲਖਨਊ ਜਾਂ ਪੂਰਵੀ ਬਾਜ਼ ਜਾਂ ਦਰੁਤ ਗਤ ਦੀ ਲੈਅ ਕਹਿੰਦੇ ਹਨ। ਵਿਲੰਬਿਤ ਗਤ ਗੰਭੀਰ ਪ੍ਰਕਿਤੀ ਦੀ ਹੁੰਦੀ ਹੈ। ਇਸ ਬਾਜ਼ ਵਿਚ ‘ਦਾ’ ਗ, ਦਿਰ ਬੋਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਦਰੁਤ ਗਤ ਜਿਸ ਨੂੰ ਪੂਰਵੀ ਬਾਜ਼ ਜਾਂ ਰਜ਼ਾਖਾਨੀ ਬਾਜ਼ ਦੇ ਨਾਲ ਲਖਨਵੀ ਬਾਜ਼ ਵੀ ਕਹਿੰਦੇ ਹਨ। ਇਸ ਦੀ ਪ੍ਰਕਿਰਤੀ ਚੰਚਲ ਹੁੰਦੀ ਹੈ। ਇਸ ਦੇ ਬੋਲ ਦਾ, ਦਿਰ, ਦ੍ਰਾਮ, ਦ੍ਰਾ ਹਨ।

## ਅੰਗਵਰਣਨ

1. **ਤੂੰਬਾ** :-ਸਿਤਾਰ ਦੇ ਹੇਠਲੇ ਭਾਗ ਵਿਚ ਲੌਕੀ ਜਾਂ ਕੱਦੂ ਦਾ ਗੋਲਾਕਾਰ ਭਾਗ ਜਿਹੜਾ ਅੰਦਰੋਂ ਖੋਖਲਾ ਹੁੰਦਾ ਹੈ। ਡਾਂਡ ਦੇ ਨਾਲ ਜੁੜਿਆ ਹੁੰਦਾ ਹੈ। ਇਸ ਨੂੰ ਤੂੰਬਾ ਕਹਿੰਦੇ ਹਨ। ਸਿਤਾਰ ਦੇ ਤਾਰਾਂ ਦੀ ਗੂੰਜ ਇਸੇ ਕਾਰਨ ਹੁੰਦੀ ਹੈ।

2. **ਤਬਲੀ** :-ਲਕੜੀ ਦਾ ਉਹ ਭਾਗ, ਜਿਸ ਨਾਲ ਢੱਕਣ ਵਾਂਗ ਤੂੰਬੇ ਨੂੰ ਢੱਕਿਆ ਜਾਂਦਾ ਹੈ, ਉਹ ਤਬਲੀ ਕਹਾਉਂਦਾ ਹੈ। ਤਬਲੀ ਦੇ ਉਪਰਲੇ ਭਾਗ ਵਿਚ ਬ੍ਰਿਜ ਜਾਂ ਘੁੜਚ ਰੱਖਿਆ ਜਾਂਦਾ ਹੈ।

3. **ਬ੍ਰਿਜ** :-ਇਸ ਨੂੰ ਘੁੜਚ ਜਾਂ ਘੋੜੀ ਕਹਿੰਦੇ ਹਨ। ਇਹ ਤਬਲੀ ਦੇ ਉਪਰ ਰੱਖਿਆ ਹੁੰਦਾ ਹੈ ਜਿਸ ਦੇ ਉੱਪਰ ਤਾਰ ਰੱਖੇ ਹੁੰਦੇ ਹਨ। ਇਹ ਲਕੜੀ ਜਾਂ ਹਾਥੀ ਦੰਦ ਦੀ ਬਣੀ ਛੋਟੀ ਚੌਕੀ ਦੇ ਆਕਾਰ ਦੀ ਹੁੰਦੀ ਹੈ।

4. **ਡਾਂਡ** :-ਤੂੰਬੇ ਨਾਲ ਜੁੜਿਆ, ਸਿਤਾਰ ਦਾ ਲੰਬਾ ਭਾਗ ਡਾਂਡ ਕਹਾਉਂਦਾ ਹੈ। ਇਹ ਲਕੜੀ ਦਾ ਬਣਿਆ ਹੁੰਦਾ ਹੈ ਅਤੇ ਅੰਦਰੋਂ ਖੋਖਲਾ ਹੁੰਦਾ ਹੈ। ਡਾਂਡ ਦੇ ਉਪਰ ਹੀ ਸਿਤਾਰ ਦੇ ਪਰਦੇ ਬੰਨੇ ਜਾਂਦੇ ਹਨ। ਇਕ ਸਿਰ ਤੇ ਖੂੰਟੀਆਂ ਲਗੀਆਂ ਹੁੰਦੀਆਂ ਹਨ।

5. **ਗੁਲੂ** :-ਤੂੰਬੇ ਅਤੇ ਡਾਂਡ ਦੇ ਜੋੜਨ ਵਾਲੇ ਸਥਾਨ ਨੂੰ ਗੁਲੂ ਕਹਿੰਦੇ ਹਨ।

6. **ਲੰਗੋਟ** :-ਤੂੰਬੇ ਦੇ ਹੇਠਲੇ ਭਾਗ ਵਿਚ ਤਾਰਾਂ ਨੂੰ ਬੰਨ੍ਹਣ ਲਈ ਇਕ ਕਿੱਲ ਜਾਂ ਤਿਕੋਨੀ ਪੱਟੀ ਹੁੰਦੀ ਹੈ ਜਿਸ ਨੂੰ ਕਿੱਲ, ਲੰਗੋਟ ਜਾਂ ਮੋਂਗਰਾ ਕਹਿੰਦੇ ਹਨ।

7. **ਅੱਟੀ** :-ਸਿਤਾਰ ਦੀ ਡਾਂਡ ਦੇ ਉਪਰ ਵਾਲੇ ਪਾਸੇ ਹੱਡੀ ਤਾਰ ਅਟੱਕ ਕੇ ਖੂੰਟੀਆਂ ਨਾਲ ਬੰਨ੍ਹੇ ਜਾਂਦੇ ਹਨ। ਇਸ ਲਈ ਇਸ ਨੂੰ ਅੱਟੀ ਕਿਹਾ ਜਾਂਦਾ ਹੈ।

8. **ਤਾਰ ਗਹਿਨ** :-ਤਾਰ ਗਹਿਨ ਨੂੰ ਤਾਰਦਾਨ ਵੀ ਕਿਹਾ ਜਾਂਦਾ ਹੈ। ਅੱਟੀ ਦੇ ਨਾਲ ਹੀ ਇਕ ਪੱਟੀ ਹੁੰਦੀ ਹੈ। ਇਸ ਵਿਚ ਸੁਰਾਖ਼ ਹੁੰਦੇ ਹਨ। ਅੱਟੀ ਦੇ ਉੱਪਰ ਤਾਰ ਅਟਕੇ ਹੁੰਦੇ ਹਨ ਅਤੇ ਤਾਰ ਗਹਿਨ ਦੇ ਸੁਰਾਖ਼ਾਂ ਵਿਚੋਂ ਲੰਘ ਕੇ ਖੂੰਟੀਆਂ ਨਾਲ ਕਸੇ ਜਾਂਦੇ ਹਨ।

9. **ਖੂੰਟੀਆਂ** :-ਸਿਤਾਰ ਦੀਆਂ ਸਾਰੀਆਂ ਤਾਰਾਂ ਨੂੰ ਕੱਸਣ ਲਈ ਸਿਤਾਰ ਦੇ ਡਾਂਡ ਤੇ ਸਤ ਵੱਡੀਆਂ ਖੂੰਟੀਆਂ ਲਗਾਈਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਤਾਰ ਕੱਸੇ ਹੁੰਦੇ ਹਨ। ਇਨ੍ਹਾਂ ਸੱਤ ਮੁਖ ਖੂੰਟੀਆਂ ਤੋਂ ਇਲਾਵਾ 13 ਜਾਂ 14 ਛੋਟੀਆਂ-ਛੋਟੀਆਂ ਖੂੰਟੀਆਂ ਵੀ ਲਗੀਆਂ ਹੁੰਦੀਆਂ ਹਨ ਇਨ੍ਹਾਂ ਨਾਲ ਤਰਬ ਦੀਆਂ ਤਾਰਾਂ ਨੂੰ ਕੱਸਿਆ ਜਾਂਦਾ ਹੈ।

10 **ਮਣਕਾ** :-ਸਿਤਾਰ ਦੇ ਪਹਿਲੇ ਤਾਰ ਜਿਸ ਨੂੰ ਬਾਜ਼ ਦਾ ਤਾਰ ਕਹਿੰਦੇ ਹਨ ਉਸ ਵਿਚ ਹਾਥੀ ਦੰਦ ਦੀ ਬਣੀ ਚਿੜੀ, ਮੋਰ, ਬਤਕ ਆਦਿ ਸ਼ਕਲ ਦਾ ਮੋਤੀ ਪਿਰੋਆ ਹੁੰਦਾ ਹੈ, ਜਿਸ ਨੂੰ ਥੋੜ੍ਹਾ ਉਪਰ ਜਾਂ ਨੀਚੇ ਖਿਸਕਾ ਕੇ ਸਵਰ ਨੂੰ ਚੜ੍ਹਾਇਆ ਜਾਂ ਉਤਾਰਿਆ ਜਾਂਦਾ ਹੈ। ਇਸੇ ਤਰ੍ਹਾਂ ਦਾ ਮੋਤੀ ਦੂਜੇ ਅਤੇ ਤੀਜੇ ਤਾਰ (ਜੋੜੀ ਦੇ ਤਾਰ) ਵਿਚ ਲਗਾਇਆ ਜਾਂਦਾ ਹੈ।

11. **ਪਰਦਾ** :-ਸਿਤਾਰ ਦੀ ਡਾਂਡ ਦੇ ਉੱਪਰ ਪਿੱਤਲ ਜਾਂ ਲੋਹੇ ਦੇ ਟੁਕੜੇ ਜਿਹੜੇ ਕੁਝ ਮੁੜੇ ਹੁੰਦੇ ਹਨ। ਇਹ ਡਾਂਡ ਉੱਪਰ ਤੰਦ ਜਾਂ ਤਾਤ ਦੀ ਡੋਰੀ ਨਾਲ ਬੰਨ੍ਹੇ ਹੁੰਦੇ ਹਨ ਇਨ੍ਹਾਂ ਨੂੰ ਪਰਦੇ ਕਿਹਾ ਜਾਂਦਾ ਹੈ। ਇਹ ਪਰਦੇ 18 ਤੋਂ 20 ਤੱਕ ਦੀ ਗਿਣਤੀ ਦੇ ਹੁੰਦੇ ਹਨ। ਇਹ ਸਵਰਾਂ ਦੀ ਜਗ੍ਹਾ ਨਿਸ਼ਚਿਆ ਕਰਨ ਲਈ ਲਗਾਏ ਜਾਂਦੇ ਹਨ। ਇਨ੍ਹਾਂ ਨੂੰ ਖੱਬੇ ਹੱਥ ਦੀਆਂ ਉਂਗਲੀਆਂ ਨਾਲ ਦਬਾ ਕੇ ਸੱਜੇ ਹੱਥ ਦੀ ਉਂਗਲੀ ਵਿਚ ਮਿਜਰਾਬ ਪਾ ਕੇ ਚੋਟ ਜਾਂ ਆਯਾਤ ਕਰਨ ਨਾਲ ਸਵਰ ਪੈਦਾ ਕੀਤੇ ਜਾਂਦੇ ਹਨ।

12. **ਮਿਜ਼ਰਾਬ** :-ਲੋਹੇ ਦੀ ਬਣੀ ਤਾਰ ਜਿਸ ਨੂੰ ਤਿਕੋਨਾ ਆਕਾਰ ਦਿੱਤਾ ਜਾਂਦਾ ਹੈ ਮਿਜ਼ਰਾਬ ਕਹਾਉਂਦੀ ਹੈ। ਇਸ ਨੂੰ ਸੱਜੇ ਹੱਥ ਦੀ ਤਰਜਨੀ ਉਂਗਲੀ ਵਿਚ ਪਹਿਨ ਕੇ ਤਾਰਾਂ ਤੇ ਪ੍ਰਹਾਰ ਕੀਤਾ ਜਾਂਦਾ। ਸਿਤਾਰ ਦੇ ਤਾਰ ਅਤੇ ਇਸ ਮਿਲਾਣ ਦਾ ਢੰਗ।

### ਸਿਤਾਰ ਦੇ ਤਾਰ ਅਤੇ ਇਸਦੇ ਮਿਲਾਣ ਦਾ ਢੰਗ

1. **ਪਹਿਲਾ ਤਾਰ** :-ਸਿਤਾਰ ਦਾ ਪਹਿਲਾ ਤਾਰ ਲੋਹੇ ਦਾ ਹੁੰਦਾ ਹੈ। ਇਹ ਮੁਖ ਤਾਰ ਬਾਜ਼ ਦਾ ਤਾਰ ਕਹਿਲਾਉਂਦੀ ਹੈ। ਇਸ ਤਾਰ ਨੂੰ ਮੰਦਰ ਸਪਤਕ 'ਮ' (ਮੱਧਮ) ਸਵਰ ਨਾਲ ਮਿਲਾਇਆ ਜਾਂਦਾ ਹੈ।

2. **ਦੂਜਾ ਅਤੇ ਤੀਜਾ ਤਾਰ** :-ਦੂਸਰਾ ਅਤੇ ਤੀਸਰਾ ਤਾਰ ਪਿੱਤਲ ਜਾਂ ਤਾਂਬੇ ਦਾ ਹੁੰਦਾ ਹੈ। ਇਹ ਦੋਵੇਂ ਇਕੋ-ਜਿਹੇ ਹੁੰਦੇ ਹਨ। ਇਨ੍ਹਾਂ ਨੂੰ ਜੋੜੀ ਜਾਂ ਸ਼ੜਜ ਦਾ ਤਾਰ ਕਹਿੰਦੇ ਹਨ। ਇਨ੍ਹਾਂ ਨੂੰ ਮੰਦਰ ਸਪਤਕ ਦੇ ਸ਼ੜਜ 'ਸ' ਨਾਲ ਮਿਲਾਉਂਦੇ ਹਨ।

3. **ਚੌਥਾ ਤਾਰ** :-ਚੌਥਾ ਤਾਰ ਪਿੱਤਲ ਦਾ ਹੁੰਦਾ ਹੈ ਇਸ ਦੀ ਮੋਟਾਈ ਜੋੜੀ ਦੇ ਤਾਰ ਤੋਂ ਜ਼ਿਆਦਾ ਅਤੀ ਮੰਦਰ ਸਪਤਕ ਦੇ ਪੰਚਮ 'ਪ' ਨਾਲ ਮਿਲਾਇਆ ਜਾਂਦਾ ਹੈ। ਇਸ ਨੂੰ 'ਲਰਜ਼ ਦਾ ਤਾਰ' ਵੀ ਕਹਿੰਦੇ ਹਨ।

4. **ਪੰਜਵਾਂ ਤਾਰ** :-ਪੰਜਵਾਂ ਤਾਰ ਬਾਜ਼ ਦੀ ਤਾਰ ਵਾਂਗ ਲੋਹੇ ਜਾਂ ਸਟੀਲ ਦਾ ਹੁੰਦਾ ਹੈ ਅਤੇ ਮੰਦ੍ਰ ਪੰਚਮ ਨਾਲ 'ਪ' ਨਾਲ ਮਿਲਾਇਆ ਜਾਂਦਾ ਹੈ। ਜਿਨ੍ਹਾਂ ਰਾਗਾਂ ਵਿਚ ਪੰਚਮ ਸਵਰ ਨਹੀਂ ਲਗਦਾ ਹੋਵੇ ਉਨ੍ਹਾਂ ਵਿਚ ਇਹ ਦੋਵੇਂ ਤਾਰ ਮੱਧਮ 'ਮ' ਸਵਰ ਨਾਲ ਮਿਲਾ ਲਏ ਜਾਂਦੇ ਹਨ।

5. **ਛੇਵਾਂ ਤਾਰ ਸੱਤਵਾਂ ਤਾਰ** :-ਛੇਵਾਂ ਅਤੇ ਸੱਤਵਾਂ ਤਾਰ ਲੋਹੇ ਦਾ ਹੁੰਦਾ ਹੈ। ਇਨ੍ਹਾਂ ਤਾਰਾਂ ਦੀ ਮੋਟਾਈ ਬਾਕੀ ਤਾਰਾਂ ਨਾਲੋਂ ਬਹੁਤ ਘੱਟ ਹੁੰਦੀ ਹੈ। ਇਹ ਚਿਕ ਦੇ ਤਾਰ ਹੁੰਦੇ ਹਨ। ਛੇਵਾਂ ਤਾਰ ਮੱਧ ਸਪਤਕ ਦੇ 'ਸ' ਨਾਲ ਅਤੇ ਸੱਤਵਾਂ ਤਾਰ ਸਪਤਕ ਦੇ 'ਸ' ਨਾਲ ਮਿਲਾਇਆ ਜਾਂਦਾ ਹੈ। ਇਸ ਨੂੰ ਪਪੀਹੇ ਦਾ ਤਾਰ ਵੀ ਕਹਿੰਦੇ ਹਨ।

6. ਤਰਬ ਦੇ ਤਾਰ :-ਸਿਤਾਰ ਦੀਆਂ ਮੁਖ ਸੱਤ ਤਾਰਾਂ ਦੇ ਹੇਠਾਂ ਕੁਝ ਹੋਰ ਤਾਰ ਹੁੰਦੇ ਹਨ, ਜਿਨ੍ਹਾਂ ਨੂੰ ਤਰਬ ਦੀਆਂ ਤਾਰਾਂ ਕਹਿੰਦੇ ਹਨ। ਇਹ ਤਾਰ ਭਿੰਨ-ਭਿੰਨ ਸਵਰਾਂ ਨਾਲ ਮਿਲਾਏ ਜਾਂਦੇ ਹਨ। ਇਨ੍ਹਾਂ ਤਾਰਾਂ ਨੂੰ ਮਿਲਾਇਆ ਨਹੀਂ ਜਾਂਦਾ ਸਗੋਂ ਵਜਾਉਂਦੇ ਸਮੇਂ ਇਨ੍ਹਾਂ ਵਿਚੋਂ ਅਲੱਗ-ਅਲੱਗ ਸਵਰਾਂ ਦੀ ਝੰਕਾਰ ਪੈਦਾ ਹੁੰਦੀ ਹੈ। ਕਦੇ-ਕਦੇ ਇਨ੍ਹਾਂ ਨੂੰ ਅਲਗ ਨਾਲ ਛੇੜ ਕੇ ਮਧੁਰ ਧਵਨੀਆਂ ਕੱਢੀਆਂ ਜਾਂਦੀਆਂ ਹਨ। ਇਨ੍ਹਾਂ ਤਾਰਾਂ ਦੀ ਸੰਖਿਆ 9 ਤੋਂ 13 ਤੱਕ ਹੁੰਦੀ ਹੈ।

ਅਧਿਆਇ-5

# 'ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਸਵਰ ਲਿੱਪੀ ਅਤੇ ਤਾਲ ਲਿੱਪੀ'

ਉੱਤਰ ਭਾਰਤੀ ਸੰਗੀਤ ਵਿਚ ਪ੍ਰਯੋਗ ਹੋਣ ਵਾਲੀ ਲਿੱਪੀ ਨੂੰ ਭਾਤਖੰਡੇ ਜੀ ਦੀ ਸੁਰ ਲਿੱਪੀ ਤੋਂ ਜਾਣਿਆ ਜਾਂਦਾ ਹੈ। ਇਹ ਲਿਪੀ ਅਸਾਨ ਹੋਣ ਕਰਕੇ ਉੱਤਰ ਭਾਰਤ ਵਿਚ ਬਹੁਤ ਲੋਕਪ੍ਰਿਯ ਹੈ। ਭਾਤਖੰਡੇ ਜੀ ਨੇ ਸਾਰੇ ਭਾਰਤ ਦੌਰਾਨ ਕਰਕੇ ਸੰਗੀਤਕਾਰਾਂ ਤੋਂ ਸੰਗੀਤ ਦੀ ਸਾਮਗ੍ਰੀ ਪ੍ਰਾਪਤ ਕੀਤੀ। ਸੰਗੀਤ ਦੀ ਇਸ ਸਾਮਗ੍ਰੀ ਤੇ ਮਿਹਨਤ ਕਰਕੇ ਇਕ ਨਮੀ ਸਵਰ ਲਿੱਪੀ ਤਿਆਰ ਕਰਕੇ ਆਪਣੀ ਪੁਸਤਕ 'ਕ੍ਰਾਮਿਕ ਪੁਸਤਕ ਮਾਲਿਕਾ' ਵਿਚ ਇਕੱਠਾ ਕੀਤਾ। ਪੰ: ਜੀ ਦਾ ਵਿਚਾਰ ਸੀ ਕਿ ਵਿਸ਼ੇਸ਼ ਰਾਗ ਕਿਸ ਤਰ੍ਹਾਂ ਗਾਏ ਜਾਂਦੇ ਹਨ ਅਤੇ ਉਨ੍ਹਾਂ ਤੇ ਕਿਥੇ ਤੇ ਕਿੰਨਾ ਠਹਿਰਾਵ ਹੁੰਦਾ ਹੈ। ਇਸ ਦਾ ਗਿਆਨ ਵਿਦਿਆਰਥੀਆਂ ਨੂੰ ਕਰਵਾਉਣ ਦੇ ਲਈ ਉਨ੍ਹਾਂ ਨੇ ਨੋਟੇਸ਼ਨ ਪਧਤੀ ਸ਼ੁਰੂ ਕੀਤੀ। ਨੋਟੇਨ ਪਧਤੀ ਆਪਣੇ-ਆਪ ਵਿਚ ਪੂਰਨ ਸਿੱਧ ਹੋ ਸਕੀ। ਕਿਉਂਕਿ ਸੰਗੀਤ ਦੀਆਂ ਬਾਰੀਕੀਆਂ ਨੂੰ ਵਿਖਾਉਣ ਦੇ ਲਈ ਸਵਰ ਲਿੱਪੀ ਪ੍ਰਣਾਲੀ ਯੋਗ ਹੈ। ਇਸ ਲਈ ਸਵਰ, ਤਾਲ, ਭਾਸ਼ਾ ਦੇ ਨਾਲ ਲਿੱਪੀ ਦੀ ਨੋਟੇਸ਼ਨ ਜ਼ਰੂਰੀ ਹੈ।

## ਭਾਤਖੰਡੇ ਜੀ ਦੀ ਸਵਰ ਲਿੱਪੀ ਤੇ ਤਾਲ ਲਿੱਪੀ ਦੇ ਚਿੰਨ੍ਹ

**ਸਵਰ**

**ਸ਼ੁੱਧ ਸਵਰ** :- ਸੰਗੀਤ ਵਿਚ ਉਪਯੋਗ ਹੋਣ ਵਾਲੇ ਸੱਤ ਸਵਰ ਸ਼ੁੱਧ ਸਵਰ ਹਨ। ਇਨ੍ਹਾਂ ਨੂੰ ਸਵਰ ਲਿੱਪੀ ਵਿਚ ਲਿਖਣ ਲਈ ਕੋਈ ਚਿੰਨ ਨਹੀਂ ਲਗਾਇਆ ਜਾਂਦਾ ਜਿਵੇਂ :-ਸ ਰੇ ਗ ਮ ਧ ਨੀ।

2. **ਕੋਮਲ ਸਵਰ** :-ਕੋਮਲ ਸਵਰ ਨੂੰ ਸੁਰ ਲਿੱਪੀ ਵਿਚ ਲਿਖਣ ਦੇ ਲਈ ਸੁਰਾਂ ਦੀ ਨਿੱਚੇ ਰੇਖਾ ਲਗਾ ਕੇ ਸੂਚਿਤ ਕੀਤਾ ਜਾਂਦਾ ਹੈ। ਜਿਵੇਂ :-ਰੇ ਗੁ ਧੁ ਨੁੀ।

**ਤੀਵਰ ਸਵਰ** :-ਇਸ ਸਵਰ ਦੇ ਲਈ ਸਵਰ ਦੇ ਉੱਪਰ ਛੋਟੀ ਜਿਹੀ ਰੇਖਾ (ਖੜੀ) ਲਗਾਈ ਜਾਂਦਾ ਹੈ। ਜਿਵੇਂ : ਮ ਸਵਰ ਤੀਵਰ ਹੈ। ਇਸ ਲਈ ਇਸ ਸੁਰ ਦੇ ਉੱਪਰ ਖੜ੍ਹੀ ਰੇਖਾ ਲਗਾਈ ਜਾਂਦੀ ਹੈ। ਜਿਵੇਂ : ਮ'।

2. **ਸਪਤਕ** :

(i) **ਮੰਦਰ ਸਪਤਕ**-ਮੰਦਰ ਸਪਤਕ ਦੇ ਸੁਰਾਂ ਦੀ ਪਹਿਚਾਣ ਦੇ ਕਈ ਸਵਰਾਂ ਦੇ ਨੀਚੇ ਬਿੰਦੀ ਲਗਾਈ ਜਾਂਦਾ ਹੈ। ਜਿਵੇਂ : ਮ਼ ਪ਼ ਧ਼ ਨ਼ੀ।

(ii) **ਮੱਧ ਸਪਤਕ** : ਮੱਧ ਸਪਤਕ ਦੇ ਸਵਰਾਂ ਲਈ ਸੁਰ ਲਿੱਪੀ ਵਿਚ ਕੋਈ ਵੀ ਨਿਸ਼ਾਨ ਦੀ ਲੋੜ ਨਹੀਂ ਹੁੰਦੀ ਜਿਵੇਂ :-ਸਾ ਰੇ ਗ ਮ ਪ ਧ ਨੀ।

(iii) **ਤਾਰ ਸਪਤਕ** :-ਤਾਰ ਸਪਤਕ ਦੇ ਸਵਰਾਂ ਦੇ ਉਪਰ ਬਿੰਦੀ ਲਗਾਈ ਜਾਂਦਾ ਹੈ ਜਿਵੇਂ :-ਸਂ ਰੇਂ ਗਂ ਮਂ।

3. **ਸਵਰ ਮਾਨ** :

*(i)* "‿" ਇਸ ਤਰ੍ਹਾਂ ਦੇ ਅਰਧ ਚੰਦਨ ਦੇ ਅੰਦਰ ਜਿੰਨੇ ਸਵਰ ਆਉਂਦੇ ਹਨ ਤਾਂ ਉਨ੍ਹਾਂ ਇਕ ਮਾਤਰਾ ਕਾਲ ਵਿਚ ਉਚਾਰਨ ਇਕੱਠੇ ਕੀਤਾ ਜਾਂਦਾ ਹੈ। ਜਿਵੇਂ : ਗੁਸੁ ਪਧੁਨੀ ਸਾਰੇਗਮ।

4. **ਸਵਰਾਂ ਦੀ ਸੁੰਦਰਤਾ :**

*(i)* **ਮੀਂਡ ⌒** :-ਮੀਂਡ ਦਾ ਚਿੰਨ ਸੁਰਲਿੱਪੀ ਵਿਚ ਦੱਸਣ ਲਈ ਸਵਰਾਂ ਦੇ ਉਪਰ ਅਰਧ ਚੰਦਰਾਕਾਰ ਦਸਦੇ ਹਨ ਜਿਵੇਂ 'ਗ⌒ਮ' ਇਸ ਨਾਲ ਇਹ ਸਪੱਸ਼ਟ ਹੈ ਕਿ 'ਗ' ਦੇ ਪਰਦੇ ਨਾਲ 'ਮ' ਸਵਰ ਦੀ ਮੀਂਡ ਕ੍ਰਿਆ ਦੁਆਰਾ ਇਸ ਪ੍ਰਕਾਰ ਧੁਨੀ ਦਾ ਉਚਾਰਨ ਕਰਨਾ 'ਗ' ਸਵਰ ਦੀ ਧੁਨੀ ਖੰਡਿਤ ਹੋਏ ਬਿਨਾਂ 'ਮ' ਸਵਰ ਉੱਤੇ ਆ ਕੇ ਰੁਕ ਜਾਈਏ।

*(ii)* **ਕਣ** :-$\frac{\text{ਮ}}{\text{ਪ}}$ ਇਸ ਤਰ੍ਹਾਂ ਦੇ ਸਵਰ ਉੱਤੇ ਦੂਸਰਾ ਸਵਰ ਲਿਖਿਆ ਗਿਆ ਹੋਵੇ ਤਾਂ ਇਸ ਤੋਂ ਭਾਵ ਹੈ ਕਿ 'ਪ' ਸਵਰ ਦੇ ਉਚਾਰਣ ਕਰਨ ਤੋਂ ਪਹਿਲਾਂ 'ਮ' ਸਵਰ ਨੂੰ ਥੋੜ੍ਹਾ ਜਿਹਾ ਛੂਹਣਾ। ਕਣ ਪਹਿਲੇ ਸਵਰ ਜਾਂ ਬਾਅਦ ਦੇ ਸਵਰ ਦਾ ਵੀ ਹੋ ਸਕਦਾ ਹੈ। ਜਿਹੜਾ ਸਵਰ ਉੱਪਰ ਬਾਅਦ ਵਾਲਾ ਸਵਰ ਲਿਖਿਆ ਹੋਵੇਗਾ ਤਾਂ ਉਸ ਦਾ ਹੀ ਕਣ ਲਿਆ ਜਾਵੇਗਾ।

ਜਿਵੇਂ : $\frac{\text{ਗ}}{\text{ਮ}}$ $\frac{\text{ਮ}}{\text{ਪ}}$

(ii) **ਖਟਕਾ** :-(ਮ) ਜੇਕਰ ਕੋਈ ਸਵਰ ਇਸ ਤਰ੍ਹਾਂ ਦੀ ਬਰੇਕਟ ਵਿਚ ਹੋਵੇ ਤਾਂ ਉਸ ਸਵਰ ਦਾ ਉਚਾਰਨ ਕਰਨ ਤੋਂ ਪਹਿਲਾਂ ਉਸ ਦੇ ਬਾਅਦ ਵਾਲੇ ਸਵਰਾਂ ਦਾ ਖਟਕਾ ਲੈ ਕੇ ਕਹਾਂਗੇ ਉਸ ਦੇ ਪਹਿਲੇ ਵਾਲੇ ਸਵਰ ਦਾ ਖਟਕਾ ਲੈ ਕੇ ਅੰਦਰ ਵਾਲੇ ਸਵਰ ਕਹਾਂਗੇ। ਜਿਵੇਂ : ਗ ਮ ਪ ਮ ਜਾਂ ਗ ਮ/ਪ ਮ ਇਹ ਕਿਰਿਆ ਜਲਦੀ ਨਾਲ ਅਤੇ ਸਵਰਾਂ ਦੇ ਸਪੱਸ਼ਟ ਉਚਾਰਨ ਨਾਲ ਕੀਤੀ ਜਾਂਦੀ ਹੈ।

5. **ਗੀਤਾਂ ਦਾ ਉਚਾਰਣ :**

(i) **ਡੈਸ਼** : '—' ਡੈਸ਼ ਦਾ ਨਿਸ਼ਾਨ ਜਿਨ੍ਹਾਂ ਸਵਰਾਂ ਦੇ ਅੱਗੇ ਲੱਗਾ ਹੋਵੇ ਤਾਂ ਉਨ੍ਹਾਂ ਸਵਰਾਂ ਨੂੰ ਉਚਾਹਣ ਕਰਨ ਤੋਂ ਬਾਅਦ ਉਨ੍ਹਾਂ ਸਵਰ ਤੇ ਠਹਿਰਿਆ ਜਾਂਦਾ ਹੈ। ਜਿੰਨੇ ਸਵਰ ਦੇ ਅੱਗੇ ਡੈਸ਼ ਦਾ ਚਿੰਨ੍ਹ ਹੋਵੇਗਾ ਉਨੇ ਮਾਤਰਾ ਕਾਲ ਦਾ ਠਹਿਰਾਵ ਹੁੰਦਾ ਹੈ।

(ii) **ਅਵਰਕਰ** : 'S' ਇਹ ਚਿੰਨ੍ਹ ਜਿਨ੍ਹਾਂ ਸਵਰਾਂ ਦੇ ਅੱਗੇ ਹੁੰਦਾ ਹੈ ਓਨੀ ਹੀ ਮਾਤਰਾ ਕਾਲ ਲਈ ਉਸ ਬੋਲ ਨੂੰ ਵਧਾਇਆ ਜਾਂਦਾ ਹੈ। ਜਿਵੇਂ : ਮ S S S

(iii) **ਅਰਧ ਵਿਰਾਮ** : ',' ਇਸ ਤਰ੍ਹਾਂ ਕੌਮਾ ਦਾ ਨਿਸ਼ਾਨ ਜਿਨ੍ਹਾਂ ਗੀਤਾਂ ਜਾਂ ਗਤ ਦੇ ਬੋਲਾਂ ਦਾ ਸਵਰਾਂ ਅੱਗੇ ਲੱਗਾ ਹੋਵੇ ਉਸ ਦੇ ਉਨੇ ਹੀ ਸਮ, ਵਿਭਾਗ ਹੁੰਦੇ ਹਨ।

6. **ਤਾਲ ਲਿੱਪੀ :**

(i) **ਸਮ** :-'X' ਤਾਲ ਵਿਚ ਸਮ ਦੇ ਚਿੰਨ ਲਈ ਇਸ ਤਰ੍ਹਾਂ ਦੇ ਗੁਣਾਂ ਦਾ ਚਿੰਨ ਲਗਾਂਦੇ ਹਨ। ਸਮ ਤਾਲ ਦੀ ਪਹਿਲੀ ਮਾਤਰਾ 'ਤੇ ਹੁੰਦਾ ਹੈ।

(ii) **ਖਾਲੀ**-'0' ਤਾਲ ਵਿਚ ਖਾਲੀ ਦੇ ਲਈ ਜੀਰੋ ਦਾ ਚਿੰਨ ਲਗਾਇਆ ਜਾਂਦਾ ਹੈ, ਤਾਲ ਵਿਚ ਖਾਲੀ ਇਕ ਤੋਂ ਵੱਧ ਵੀ ਹੋ ਸਕਦੇ ਹਨ।

(iii) **ਵਿਭਾਗ 'ו'**: ਇਸ ਤਰ੍ਹਾਂ ਦੀ ਲਾਈਨ ਤਾਲ ਦੀਆਂ ਮਾਤਰਾਵਾਂ ਦੀ ਵੰਡ ਦਾ ਪਤਾ ਲਗਦਾ ਹੈ ਤਾਂ ਮਾਤਰਾ ਦੇ ਅਲਗ ਵਿਭਾਗ ਹੁੰਦੇ ਹਨ। ਵਿਭਾਗ ਦੇ ਲਈ ਸਿੱਧੀ ਰੇਖਾ ਦਾ ਚਿੰਨ ਲਗਾਇਆ ਜਾਂਦਾ ਹੈ। ਜਿਵੇਂ 1

(iv) **ਤਾਲੀ** :-1 : 2 : 3 : 4 ਸੁਰਲਿੱਪੀ ਵਿਚ ਤਾਲ ਵਿਚ ਤਾਲੀ ਦੇ ਚਿੰਨ ਲਈ ਗਿਣਤੀ ਦੇ ਚਿੰਨ ਜਿਵੇਂ 1, 2, 3, 4, ਲਗਾਏ ਜਾਂਦੇ ਹਨ ਕਈ ਤਾਲਾਂ ਵਿਚ ਇਕ ਤੋਂ ਵੱਧ ਤਾਲੀਆਂ ਹੁੰਦੀਆਂ ਹਨ।

### ਸਵਰ ਲਿੱਖੀ ਦੀਆਂ ਚੰਗਿਆਈਆਂ

(i) ਸੁਰਲਿੱਪੀ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਕਿਸੇ ਤੋਂ ਸਿੱਖੀ ਹੋਈ ਚੀਜ਼ ਨੂੰ ਯਾਦ ਕਰਨ ਵਿਚ ਮਦਦ ਮਿਲਦੀ ਹੈ। ਕਿਉਂਕਿ ਸਿਖੀ ਹੋਈ ਚੀਜ਼ ਨੂੰ ਵੇਖ ਕੇ ਹੀ ਪਹਿਲਾਂ ਯਾਦ ਕੀਤੀ ਚੀਜ਼ ਯਾਦ ਕਰਨ ਵਿਚ ਆਸਾਨੀ ਹੁੰਦੀ ਹੈ।

(ii) ਸਵਰ ਲਿੱਪੀ ਦੀ ਮਦਦ ਨਾਲ ਦੂਸਰੀ ਭਾਸ਼ਾਵਾਂ ਵਿਚ ਵੀ ਇਸ ਦਾ ਪ੍ਰਚਾਰ ਹੋ ਸਕਦਾ ਹੈ।

(iii) ਜੇਕਰ ਅਸੀਂ ਕਿਸੀ ਗੁਣੀਜਨ ਤੋਂ ਗਾਇਕੀ ਦੀ ਕੋਈ ਚੀਜ਼ ਸਿਖੀ ਹੈ ਤਾਂ ਉਸ ਨੂੰ ਸੁਰਲਿਪੀ ਦੇ ਸਹਾਰੇ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

(iv) ਸੁਰ ਲਿੱਪੀ ਨਾਲ ਸਮੇਂ ਦੀ ਬਚਤ ਹੁੰਦੀ ਹੈ ਲਿਖੀ ਹੋਈ ਚੀਜ਼ ਨੂੰ ਘੱਟ ਸਮੇਂ ਵਿਚ ਸਿੱਖਣਾ ਸੌਖਾ ਹੋ ਗਿਆ ਹੈ।

(v) ਰਾਗਾਂ ਦੀ ਨੋਟੇਸ਼ਨ ਲਿਖ ਕੇ ਰੱਖਣ ਨਾਲ ਅਸੀਂ ਅਗਲੀ ਪੀੜ੍ਹੀ ਨੂੰ ਇਹ ਚੀਜ਼ ਕਰਵਾਉਣ ਵਿਚ ਕਾਰਗਾਰ ਸਿੱਧ ਹੁੰਦੀ ਹੈ ਕਿਉਂਕਿ ਨੋਟੇਸ਼ਨ ਹੀ ਇਕ ਐਸਾ ਸਾਧਨ ਹੈ ਜੋ ਇਨ੍ਹਾਂ ਸਾਰਿਆਂ ਦਾ ਰਿਕਾਰਡ ਰੱਖਦਾ ਹੈ।

(vi) ਸਵਰ ਲਿੱਪੀ ਦੁਆਰਾ ਹੀ ਅਸੀਂ ਘਰਾਣੇਦਾਰ ਗਾਇਕਾਂ ਦੀਆਂ ਚੀਜ਼ਾਂ ਨੂੰ ਸੰਭਾਲ ਕੇ ਰੱਖ ਸਕਦੇ ਹਨ। ਜਿਵੇਂ : ਭਾਤਖੰਡੇ ਜੀ ਦੀ ਪੁਸਤਕ 'ਕ੍ਰਮਿਕ ਪੁਸਤਕ ਮਾਲਿਕਾ 6' ਵਿਚ ਘਰਾਣੇਦਾਰ ਚੀਜ਼ਾਂ ਲਿਖੀਆਂ ਹਨ।

(vii) ਘੱਟ ਸਮੇਂ ਵਿਚ ਗਾਇਕੀ ਦੀਆਂ ਚੀਜ਼ਾਂ ਸਿੱਖ ਕੇ ਸਮੇਂ ਦੀ ਕਦਰ ਕਰ ਸਕਦੇ ਹਾਂ।

(viii) ਸੁਰਲਿੱਪੀ ਸਰਲ ਸਪੱਸ਼ਟ ਹੋਣ ਤੇ ਘੱਟ ਗਿਆਨ ਵਾਲੇ ਤੇ ਵਿਦਵਾਨ ਦੇਣ ਦਾ ਫ਼ਾਇਦਾ ਲੈ ਸਕਦੇ ਹਨ।

(ix) ਕਿਸੀ ਵੀ ਘਰਾਣੇ ਦੀ ਸ਼ੈਲੀ (ਗਾਇਕ, ਵਾਦਕ) ਦੀ ਸਵਰ ਲਿੱਪੀ ਦੀ ਮਦਦ ਨਾਲ ਹੀ ਲਿਖ ਕੇ ਸੁਰੱਖਿਅਤ ਰੱਖੀ ਜਾ ਸਕਦੀ ਹੈ।

(x) ਸਵਰ ਲਿੱਪੀ ਦਾ ਉਦੇਸ਼ ਸਪੱਸ਼ਟ ਤੇ ਸ਼ੁੱਧ ਰੂਪ ਵਿਚ ਸਾਰੀਆਂ ਚੀਜ਼ਾਂ ਦਾ ਵਰਣਨ ਕਰਨਾ ਹੈ। ਜਿਸ ਦੇ ਪੜ੍ਹਦੇ ਹੀ ਇਹ ਚੀਜ਼ਾਂ ਸਪੱਸ਼ਟ ਹੋ ਜਾਣ।

### ਸਵਰ ਲਿੱਪੀ ਦੀਆਂ ਬੁਰਾਈਆਂ

1. ਸਵਰਾਂ ਦਾ ਸ਼ੁੱਧ ਉਚਾਰਨ ਜਿਵੇਂ ਸਵਰਾਂ ਦੇ ਵਿਸ਼ਰਾਮ, ਕੋਮਲ ਤੇ ਤੀਵਰ ਸਵਰਾਂ ਦਾ ਉਚਾਰਣ ਆਦਿ ਸਵਰ ਲਿੱਪੀ ਵਿਚ ਨਹੀਂ ਉਤਾਰੀਆਂ ਜਾ ਸਕਦੀਆਂ। ਕੇਵਲ ਸੁਰ ਲਿੱਪੀ ਤੇ ਆਧਾਰਿਤ ਹੋਣਾ ਪੈਂਦਾ ਹੈ ਤੇ ਸੰਗੀਤ ਦੀ ਅਸਲੀਅਤ ਤੋਂ ਦੂਰ ਚਲੇ ਜਾਂਦੇ ਹਨ।
2. ਸਵਰਾਂ ਦਾ ਉਚਾਰਣ, ਰਾਗ ਨੂੰ ਗਾਉਣ ਦਾ ਢੰਗ ਇਹ ਗੱਲਾਂ ਸਿੱਖਣ ਤੋਂ ਨਹੀਂ ਸੁਣ ਕੇ ਲਿਖੀਆਂ ਜਾ ਸਕਦੀਆਂ ਹਨ।
3. ਸਵਰ ਲਿੱਪੀ ਨੇ ਸੰਗੀਤ ਦੇ ਵਿਦਿਆਰਥੀਆਂ ਨੂੰ ਆਲਸੀ ਬਣਾ ਦਿੱਤਾ ਹੈ ਜਿਸ ਨਾਲ ਵਿਦਿਆਰਥੀ ਖ਼ੁਦ ਹੀ ਗ਼ਲਤ ਤਰੀਕੇ ਨਾਲ ਘਰ ਬੈਠ ਕੇ ਸੰਗੀਤ ਸਿੱਖ ਰਹੇ ਹਨ ਜਿਸ ਨਾਲ ਗੁਰੂ ਸ਼ਿਸ਼ ਪਰੰਪਰਾ ਖ਼ਤਮ ਹੋ ਰਹੀ ਹੈ।
4. ਕਈ ਕਠਿਨ ਧੁਨਾਂ ਨੂੰ ਅਸੀਂ ਸਵਰ ਲਿੱਪੀ ਦੁਆਰਾ ਨਹੀਂ ਸਮਝ ਸਕਦੇ ਜਦੋਂ ਤੱਕ ਕਿਸੀ ਉਸਤਾਦ ਤੋਂ ਪ੍ਰਯੋਗੀ ਰੂਪ ਤੋਂ ਇਹ ਸਿੱਖੀਆਂ ਨਾ ਜਾਣ।

## ਅਧਿਆਇ-6

# ਗਤ

ਰਾਗ ਵਿਚ ਆਲਾਪ ਵਜਾਉਣ ਤੋਂ ਬਾਅਦ ਰਾਗ ਦੀ ਗਤ ਵਜਾਈ ਜਾਂਦੀ ਹੈ। ਕਿਸੇ ਵੀ ਰਾਗ ਤਾਲਬੱਧ ਰਚਨਾ ਨੂੰ ਗਤ ਕਹਿੰਦੇ ਹਨ। ਗਤ ਵਿਲੰਬਿਤ ਜਾਂ ਦਰੁੱਤ ਲੈਅ ਵਿਚ ਵਜਾਈ ਜਾਂਦੀ ਹੈ। ਗਤ ਦੇ ਦੋ ਭਾਗ ਹੁੰਦੇ ਹਨ ਸਥਾਈ ਅਤੇ ਅੰਤਰਾ। ਸਥਾਈ ਹਮੇਸ਼ਾ ਦੋ ਲਾਈਨਾਂ ਦੀ ਹੁੰਦੀ ਹੈ ਅਤੇ ਅੰਤਰਾ ਦੋ ਤੋਂ ਚਾਰ ਲਾਈਨਾਂ ਦਾ ਹੁੰਦਾ ਹੈ। ਵਾਦਨ ਵਿਚ ਗਤ ਦਾ ਬਹੁਤ ਮਹੱਤਵ ਪੂਰਨ ਸਥਾਨ ਹੈ। ਵਾਦਨ ਹਰਮੋਨੀਅਮ, ਸਰੋਦ, ਵਚਿੱਤਰ ਵੀਣਾ ਅਤੇ ਸਿਤਾਰ ਤੇ ਵਜਾਇਆ ਜਾਣ ਵਾਲੀਆਂ ਸਵਰ ਰਚਨਾਵਾਂ ਨੂੰ ਹੀ ਗਤ ਕਹਿੰਦੇ ਹਨ। ਗਤ ਦੋ ਪ੍ਰਕਾਰ ਦੀ ਹੁੰਦੀ ਹੈ:-

1. ਮਸੀਤ ਖਾਨੀ ਗਤ
2. ਰਜ਼ਾ ਖਾਨੀ ਗਤ

1. **ਮਸੀਤ ਖਾਨੀ ਗਤ** :- ਇਸ ਗਤ ਦੀ ਰਚਨਾ ਮਸੀਤ ਖਾਂ ਸਾਹਿਬ ਨੇ ਕੀਤੀ, ਇਸੇ ਲਈ ਇਸ ਗਤ ਦਾ ਨਾਂ ਮਸੀਤ ਖਾਨੀ ਗਤ ਪੈ ਗਿਆ। ਇਸ ਗਤ ਨੂੰ ਹਮੇਸ਼ਾ ਵਿਲੰਬਿਤ ਲੈਅ ਵਿਚ ਵਜਾਇਆ ਜਾਂਦਾ ਹੈ। ਵਾਦਨ ਵਿਚ ਇਹ ਗਤ 12ਵੀਂ ਮਾਤਰਾ ਤੋਂ ਸ਼ੁਰੂ ਕੀਤੀ ਜਾਂਦੀ ਹੈ। ਇਸ ਵਿਚ ਦਿਰ ਦਾ ਦਿਰ ਦਾ ਰਾ ਦਾ ਦਾ ਰਾ ਦੇ ਬੋਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਗਤ ਵਿਚ ਮੀਂਡ, ਘਸੀਟ, ਗਮਕ ਦਾ ਪ੍ਰਯੋਗ ਕਰਕੇ ਚੌਗੁਣ ਤੇ ਅਣਗੁਣ ਦੇ ਤੋੜੇ ਵਜਾਏ ਜਾਂਦੇ ਹਨ ਅਤੇ ਗਿਆਰਵੀਂ ਮਾਤਰਾ ਤੇ ਇਹ ਤੋੜੇ ਖ਼ਤਮ ਕਰਕੇ ਬਾਰ੍ਹਵੀਂ ਮਾਤਰਾ ਤੋਂ ਗਤ ਨੂੰ ਪਕੜ ਲਿਆ ਜਾਂਦਾ ਹੈ। ਇਸ ਗਤ ਨੂੰ ਤਿੰਨ ਤਾਲ ਝਪਤਾਲ, ਇਕਤਾਲ, ਰੂਪਕ ਤਾਲਾਂ ਵਿਚ ਵਜਾਇਆ ਜਾਂਦਾ ਹੈ।

2. **ਰਜ਼ਾ ਖਾਨੀ ਗਤ** :-ਇਸ ਗਤ ਦੇ ਰਚਨਹਾਰ ਲਖਨਉ ਦੇ ਉਸਤਾਦ ਅਹਿਮਦ ਰਜ਼ਾ ਖਾਂ ਕੇ 18 ਸਦੀ ਵਿਚ ਕੀਤਾ। ਇਸ ਲਈ ਇਸ ਗਤ ਦਾ ਨਾਂਅ ਰਜ਼ਾ ਖਾਨੀ ਗਤ ਪੈ ਗਿਆ। ਇਸ ਗਤ ਨੂੰ ਪੂਰਵੀ ਬਾਜ਼ ਦੀ ਗਤ ਜਾਂ ਦਿੱਲੀ ਬਾਜ਼ ਦੀ ਗਤ ਵੀ ਕਹਿੰਦੇ ਹਨ। ਇਸ ਗਤ ਦੀ ਚਾਲ ਦਰੁਤ ਗਤੀ ਵਿਚ ਵਜਾਈਆ ਜਾਂਦਾ ਹੈ ਇਸ ਲਈ ਇਹ ਵਜਾਣ ਵਿਚ ਬਹੁਤ ਚੰਚਲ ਲਗਦੀ ਹੈ। ਇਸ ਗਤ ਵਿਚ ਦਾ, ਦਿਰ ਦਿਰ ਦਾ ਰਦਾ ਰ ਦਾ, ਦਾ ਰਾ ਰਾ ਦਾ ਰਾ ਦਾ ਦਿਰ ਦਾ ਰਾ ਦੇ ਬੋਲ ਵਜਾਏ ਜਾਂਦੇ ਹਨ। ਇਸ ਗਤ ਵਿਚ ਚੌਗੁਣ ਅਤੇ ਬਰਾਬਰ ਦੋ ਤੋੜਿਆ ਦਾ ਪ੍ਰਯੋਗ ਹੁੰਦਾ ਹੈ।

### ਅਧਿਆਇ-7

# ਵਾਦਕ ਦੇ ਗੁਣ ਤੇ ਦੋਸ਼

ਗਾਇਨ ਤੇ ਵਾਦਕ ਸੰਗੀਤ ਰੂਪੀ ਰੱਥ ਦੇ ਦੋ ਪਹੀਏ ਹਨ। ਜੋ ਇਕ-ਦੂਜੇ ਦੇ ਸਹਿਯੋਗ ਨਾਲ ਅੱਗੇ ਵਧਦੇ ਹਨ। ਅਸੀਂ ਦੇਖਿਆ ਹੈ ਜਿਸ ਵਾਦਕ ਨੂੰ ਗਾਇਕੀ ਦਾ ਗਿਆਨ ਹੈ ਉਹ ਵਾਦ ਤੇ ਬਹੁਤ ਹੀ ਛੇਤੀ ਪ੍ਰਸਿੱਧੀ ਪ੍ਰਾਪਤ ਕਰਦਾ ਹੈ। ਇਕ ਚੰਗਾ ਵਾਦਕ ਉਹ ਹੀ ਹੈ ਜਿਹੜਾ ਦੂਜਿਆਂ ਦੇ ਸਾਹਮਣੇ ਆਪਣੀ ਕਲਾ ਦਾ ਪ੍ਰਦਰਸ਼ਨ ਚੰਗੀ ਤਰ੍ਹਾਂ ਕਰ ਸਕੇ। ਇਕ ਚੰਗੇ ਵਾਦਕ ਨੂੰ ਚਾਹੀਦਾ ਹੈ ਕਿ ਠੀਕ ਮੁਦਰਾਂ ਵਿਚ ਬੈਠ ਕੇ ਸਾਜ਼ ਵਜਾਏ, ਸੁਰ, ਲੈਅ, ਤਾਲ ਨੂੰ ਸਮਝਦਾ ਹੋਵੇ। ਇਕ ਆਮ ਵਾਦਕ ਸਰੋਤਾਵਾਂ ਤੇ ਤਾਂ ਹੀ ਪ੍ਰਭਾਵ ਪਾ ਸਕਦਾ ਹੈ ਜੇਕਰ ਉਸ ਨੂੰ ਤਾਲ, ਲੈਅ ਦਾ ਗਿਆਨ ਹੋਵੇ। ਕਈ ਵਾਰ ਚੰਗੇ ਤੋਂ ਚੰਗਾ ਵਾਦਕ, ਆਪਣੇ ਭਦੇ ਅੰਗ ਸੰਚਾਲਨ ਕਰਕੇ ਦੋਸ਼ਪੂਰਨ ਮੁਦਰਾ ਕਰਕੇ ਆਪਣੀ ਕਲਾ ਦਾ ਪ੍ਰਭਾਵਸ਼ਾਲੀ ਢੰਗ ਨੂੰ ਸਰੋਤਿਆਂ ਦੇ ਸਾਹਮਣੇ ਪੇਸ਼ ਕਰਨ ਵਿਚ ਸਫ਼ਲ ਨਹੀਂ ਹੁੰਦਾ। ਇਸ ਲਈ ਇਕ ਵਾਦਕ ਨੂੰ ਇਨ੍ਹਾਂ ਗੁਣਾਂ ਤੇ ਦੋਸ਼ਾਂ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ, ਜਿਸ ਨਾਲ ਵਿਦਿਆਰਥੀ ਸ਼ੁਰੂ ਤੋਂ ਹੀ ਦੋਸ਼ਾਂ ਨੂੰ ਤਿਆਗ ਕੇ ਗੁਣਾਂ ਨੂੰ ਅਪਨਾ ਸਕਣ। ਇਕ ਚੰਗੇ ਵਾਦਕ ਵਿਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ।

**ਵਾਦਕ ਦੇ ਗੁਣ**

1. **ਚੰਗਾ ਸੰਗੀਤਕਾਰ** :-ਇਕ ਵਾਦਕ ਨੂੰ ਗਾਇਕੀ ਅੰਗਾਂ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ, ਇਸ ਲਈ ਉਸ ਨੂੰ ਚੰਗਾ ਸੰਗੀਤਕਾਰ ਬਣਨ ਲਈ ਇਹ ਗੁਣ ਅਪਨਾਣਾ ਚਾਹੀਦਾ ਹੈ।
2. **ਵਾਦ ਵਿਚ ਸੁਰੀਲਾਪਨ** : ਵਾਦਕ ਜਿਹੜਾ ਵੀ ਵਾਦ ਵਜਾ ਰਿਹਾ ਹੋਵੇ ਉਸ ਨੂੰ ਪੂਰੀ ਤਰ੍ਹਾਂ ਸੁਰ ਕੀਤਾ ਹੋਣਾ ਚਾਹੀਦਾ ਤਾਂ ਜੋ ਵਾਦ ਵਿਚ ਮਧੁਰਤਾ ਤੇ ਸੁਰੀਲਾਪਨ ਹੋਵੇ।
3. **ਲੈਅ ਤੇ ਤਾਲ ਦਾ ਗਿਆਨ** :-ਵਾਦਕ ਨੂੰ ਭਿੰਨ-ਭਿੰਨ ਅੰਗ ਅਲਾਪ, ਜੋੜ ਅਲਾਪ, ਤੋੜੇ ਵਾਦੀ, ਸੰਵਾਦੀ, ਗਿਆਸ ਇਨ੍ਹਾਂ ਸਾਰਿਆਂ ਦਾ ਪ੍ਰਦਰਸ਼ਨ ਕਰਦੇ ਲੈਅ ਤੇ ਤਾਲ ਦਾ ਪੂਰਾ ਗਿਆਨ ਹੋਵੇ।
4. **ਹੱਥ ਦਾ ਰੱਖ ਰਖਾਵ** : ਵਾਦਕ ਜਿਹੜਾ ਵੀ ਵਾਦ ਵਜਾ ਰਿਹਾ ਹੈ ਉਸ ਦੀਆਂ ਉਂਗਲੀਆਂ ਤਾਰਾਂ 'ਤੇ ਠੀਕ ਤਰ੍ਹਾਂ ਰੱਖੀਆਂ ਹੋਣ, ਵਾਦ ਤੇ ਠੀਕ ਹੱਥ ਰੱਖਣ ਤੇ ਵਾਦ ਬਹੁਤ ਹੀ ਸੁਰੀਲਾ ਵਜਦਾ ਹੈ।
5. **ਸਾਜ਼ਾਂ ਦੀ ਆਵਾਜ਼** :-ਵਾਦਕ ਦੇ ਸਾਜ਼ਾਂ ਦੀ ਆਵਾਜ਼ ਮੁੰਜਦਾਰ, ਗੰਭੀਰ, ਸਥਿਰਾ ਹੋਣਾ ਚਾਹੀਦੀ ਹੈ।
6. **ਰਾਗ ਦੇ ਨਿਯਮਾਂ ਦਾ ਗਿਆਨ** :-ਵਾਦਕ ਕਰਦੇ ਸਮੇਂ ਵਾਦਕ ਜੋ ਵਜਾ ਰਿਹਾ, ਉਸ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ। ਜਿਵੇਂ ਕਿਹੜਾ ਰਾਸ ਕਿਹੜੇ ਸਮੇਂ ਵਚਾਣ ਉਸ ਦੇ ਗਿਆਨ ਦੇ ਸੁਰਾਂ ਅਨੁਸਾਰ ਪ੍ਰਸਤੂਤੀ।
7. **ਵਾਦਕ ਦੀਆਂ ਕ੍ਰਿਆਵਾ** :-ਵਾਦਕ ਨੂੰ ਵਾਦਨ ਦੀਆਂ ਕ੍ਰਿਆਵਾਂ, ਮੀਂਡ, ਗਮਕ, ਕਣ, ਕਰਿਤਨ ਆਦਿ ਵਜਾਉਣ ਵਿਚ ਪੂਰੀ ਨਿਪੁੰਨਤਾ ਹੋਵੇ।
8. **ਅਭਿਆਸ** :-ਇਕ ਵਾਦ ਨੂੰ ਹਰ ਰੋਜ਼ ਆਪਣੇ ਸਾਜ਼ ਤੇ ਭਿੰਨ ਵਾਦਕ ਸ਼ੈਲੀ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ, ਜਿਸ ਨਾਲ ਉਸ ਦੇ ਸਾਜ਼ ਵਿਚ ਨਿਖਾਰਤਾ ਆ ਸਕੇ।
9. **ਸਰੋਤਾਵਾਂ ਦੀ ਰੁਚੀ ਅਨੁਸਾਰ ਕਲਾ ਦਾ ਪ੍ਰਦਰਸ਼ਨ** :-ਜੋ ਸਰੋਤਾਵਾਦੀ ਇੱਛਾ ਅਨੁਸਾਰ ਵਾਦਨ ਕਰਨ ਦੀ ਤਤਪਰ ਹੋਵੇ ਅਤੇ ਉਸ ਦੇ ਸਾਜ਼ ਦੀ ਪ੍ਰਦਰਸ਼ਨੀ ਸਮੇਂ ਸਰੋਤਾ ਵਾਹ-ਵਾਹ ਕਹਿ ਉੱਠਣ।
10. **ਵਿਧੀ ਵਿਦਾਨ ਨਾਲ ਸਿੱਖਿਆ ਪ੍ਰਾਪਤ ਕਰਨੀ** :-ਇਕ ਕੁਸ਼ਲ ਵਾਦਕ ਆਪਣੀ ਕਲਾ ਦਾ ਪ੍ਰਦਰਸ਼ਨ ਚੰਗੀ ਤਰ੍ਹਾਂ ਤਾਂ ਹੀ ਕਰ ਸਕਦਾ ਹੈ ਜੇਕਰ ਉਸ ਨੇ ਕਿਸੇ ਗੁਰੂ ਜਾਂ ਕਿਸੀ ਅਧਿਆਪਕ ਤੋਂ ਵਿਧੀ ਪੂਰਵਕ

ਸਿੱਖਿਆ ਲਈ ਹੋਵੇ।

11. **ਸਾਧਕ ਹੋਣਾ ਜ਼ਰੂਰੀ** :-ਵਾਦਕ ਸਾਧਨਾ ਕਰਨ ਵਾਲਾ ਹੋਵੇ ਅਤੇ ਹਰ ਸਮੇਂ ਸਿੱਖਣ ਦੀ ਲਾਲਸਾ ਰੱਖਦਾ ਹੋਵੇ।

**ਦੋਸ਼** :-ਜਿਸ ਵਾਦਕ ਵਿਚ ਉਪਰ ਦਰਸਾਏ ਗੁਣ ਨਾ ਹੋਣ ਉਸ ਉਸ ਦੇ ਦੋਸ਼ ਹੁੰਦੇ ਹਨ।

1. ਵਾਦ ਦੀ ਸੁਰੀਲਾਪਨ ਤੇ ਮਧੁਰਤਾ ਨਾ ਹੋਣੀ।
2. ਲੈਅ ਤੇ ਤਾਲ ਤੇ ਨਿਰੰਤਰ ਨਾ ਹੋਣਾ ਭਾਵ ਬੇਤਾਲ ਹੋਣਾ।
3. ਵਾਦਨ ਕਰਦੇ ਸਮੇਂ ਸਾਜ਼ ਤੇ ਉਂਗਲੀਆਂ ਦਾ ਰੱਖ-ਰਖਾਵ ਠੀਕ ਨਾ ਹੋਣਾ।
4. ਵਾਦਨ ਕਰਦੇ ਸਮੇਂ ਭੈੜੀਆਂ ਹਰਕਤਾਂ ਕਰਨਾ, ਜਿਸ ਦਾ ਸਰੋਤਾਵਾਂ 'ਤੇ ਬੁਰਾ ਪ੍ਰਭਾਵ ਪੈਣਾ।
5. ਵਾਦ ਦੀ ਆਵਾਜ਼ ਠੀਕ ਜਗ੍ਹਾ 'ਤੇ ਪਹੁੰਚਣ ਤੋਂ ਪਹਿਲਾਂ ਹੀ ਬੰਦ ਹੋ ਜਾਣੀ।
6. ਸਾਜ਼ ਵਜਾਉਂਦੇ ਤਾਰਾਂ ਦੀ ਝੰਨਕਾਰ ਜ਼ਿਆਦਾ ਸੁਣਨੀ। ਤਾਰਾਂ ਨੂੰ ਜ਼ਿਆਦਾ ਕੰਪਾਨਾ।
7. ਡਰਦੇ, ਆਤਮ ਵਿਸ਼ਵਾਸ ਖੋ ਕੇ ਜਲਦੀ ਜਲਦੀ ਸਜ਼ਾ ਵਜਾਉਣਾ।
8. ਗੀਤ, ਗਮਕਾ, ਮੀਂਡ ਦੀ ਠੀਕ ਵਰਤੋਂ ਨਾ ਕਰਨੀ।
9. ਡਾਇਆ ਲਗ, ਮਿਸ਼ਰਿਤ ਰਾਗਾਂ ਦਾ ਅਨਉਪਯੁਕਤ ਪ੍ਰਯੋਗ ਕਰਦੇ ਵਜਾਉਣਾ।
10. ਸਾਜ਼ ਸਰੋਤਾਵਾਂ ਦੀ ਰੁਚੀ ਮੁਤਾਬਿਕ ਨਾ ਵਜਾਉਣਾ।
11. ਸਿਰ ਹਿਲਾ ਕੇ ਹੱਥ-ਪੈਰ ਪੱਟ ਕੇ ਸਾਜ਼ ਵਜਾਉਣ।
12. ਜਿਸ ਨੂੰ ਰਾਗਾਂ ਦੀ ਪੂਰੀ ਜਾਣਕਾਰੀ ਨਾ ਹੋਣੀ।

ਅਧਿਆਇ-8

# ਥਾਟ ਤੇ ਰਾਗ ਦੇ ਨਿਯਮਾਂ ਦੀ ਆਪਸੀ ਤੁਲਨਾਂ

| **ਰਾਗ** | **ਥਾਟ** |
| --- | --- |
| ਘੱਟ ਤੋਂ ਘੱਟ ਪੰਜ ਅਤੇ ਵੱਧ ਤੋਂ ਵੱਧ ਸੱਤ ਸਵਰਾਂ ਦੀ ਉਹ ਸੁੰਦਰ ਰਚਨਾ ਜਿਹੜੀ ਕੰਨਾਂ ਨੂੰ ਚੰਗੀ ਲੱਗੇ ਉਸ ਨੂੰ ਰਾਗ ਕਹਿੰਦੇ ਹਨ। ਅਭਿਨਵ ਰਾਗ ਮੰਜਰੀ ਵਿਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ, 'ਸਵਰ ਅਤੇ ਵਰਣ ਨਾਲ ਸਜੀ ਧਵਨੀ ਜਿਹੜੀ ਮਨੁੱਖ ਦਾ ਮਨੋਰੰਜਨ ਕਰੇ ਰਾਗ ਕਹਿਲਾਉਂਦੀ ਹੈ।' | ਸਪਤਕ ਦੇ 12 ਸਵਰਾਂ ਵਿਚੋਂ ਸੱਤ ਕ੍ਰਮਵਾਰ ਮੁਖ ਸਵਰਾਂ ਦੇ ਉਸ ਸਵਰ ਸਮੂਹ ਨੂੰ ਥਾਟ ਕਹਿੰਦੇ ਹਨ ਜਿਸ ਤੋਂ ਪੈਂਦਾ ਹੁੰਦੇ ਹੋਣ। ਥਾਟ ਨੂੰ ਮੇਲ ਵੀ ਕਿਹਾ ਜਾਂਦਾ ਹੈ। ਅਭਿਨਵ ਰਾਗ ਮੰਜਰੀ ਵਿਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ। 'ਮੇਲ ਜਾਂ ਥਾਟ ਸਵਰਾਂ ਦੇ ਉਸ ਸਮੂਹ ਨੂੰ ਜਾਂਦੇ ਹਨ, ਜਿਸ ਵਿਚ ਰਾਗ ਪੈਦਾ ਕਰਨ ਦੀ ਸ਼ਕਤੀ ਹੋਵੇ।' |
| **ਰਾਗ ਦੇ ਨਿਯਮ** | **ਥਾਟ ਦੇ ਨਿਯਮ** |
| 1. ਰਾਗ ਦੀ ਉਤਪਤੀ ਥਾਟ ਤੋਂ ਹੁੰਦੀ ਹੈ। | 1. ਥਾਟ ਦੀ ਉਤਪਤੀ ਸਪਤਕ ਦੇ ਸਤ ਸਵਰ ਤੋਂ ਹੁੰਦੀ ਹੈ। ਇਨ੍ਹਾਂ ਸਵਰਾਂ ਵਿਚ ਕਿਸੇ ਸਵਰ ਦਾ ਸ਼ੁੱਧ ਜਾਂ ਵਿਕਰਿਤ ਰੂਪ ਪ੍ਰਯੋਗ ਹੋ ਸਕਦਾ ਹੈ। |
| 2. ਰਾਗ ਵਿਚ ਘੱਟ ਤੋਂ ਘੱਟ ਪੰਜ ਸਵਰ ਅਤੇ ਵੱਧ ਤੋਂ ਵੱਧ ਸਤ ਸਵਰ ਹੋਣੇ ਚਾਹੀਦੇ ਹਨ। ਇਸ ਤੋਂ ਘੱਟ ਜਾਂ ਵੱਧ ਨਹੀਂ। | 2. ਹਰੇਕ ਥਾਟ ਵਿਚ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਸਤ ਸਵਰ ਹੀ ਹੋਣੇ ਚਾਹੀਦੇ ਹਨ ਕਿਉਂਕਿ ਜੇਕਰ ਥਾਟ ਸਮਪੂਰਣ (ਸਤ ਸਵਰ) ਨਹੀਂ ਰਹਿੰਦਾ ਦਾ ਉਹ ਸਮਪੂਰਣ ਰਾਗ ਦੇ ਉਤਪਤੀ ਨਹੀਂ ਕਰ ਸਕੇਗਾ। |
| 3. ਕਿਸੇ ਵੀ ਰਾਗ ਵਿਚ ਸੜਜ 'ਸ' ਸਵਰ ਕਦੇ ਵੀ ਵਰਜਿਤ ਨਹੀਂ ਹੁੰਦਾ ਕਿਉਂਕਿ ਇਹ ਸਪਤਕ ਦਾ ਆਧਾਰ ਸਵਰ (Key-note ਹੁੰਦਾ ਹੈ। | 3. ਥਾਟ ਸਮਪੂਰਣ ਹੋਣੇ ਚਾਹਦੇ ਹਨ ਅਤੇ ਸਵਰ ਵੀ ਕ੍ਰਮ ਅਨੁਸਾਰ ਹੋਣੇ ਚਾਹੀਦੇ ਹਨ। |

| | |
|---|---|
| 4. ਰਾਗ ਵਿਚ ਆਰੋਹ ਅਤੇ ਅਵਰੋਹ ਦੋਹਾਂ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਸਿਰਫ ਆਰੋਹ ਤੋਂ ਰਾਗ ਦੀ ਪਹਿਚਾਨ ਹੋਣੀ ਜ਼ਰੂਰੀ ਨਹੀਂ ਹੋ ਸਕਦੀ। | 4. ਕਿਸੇ ਵੀ ਥਾਟ ਵਿਚ ਆਰੋਹ ਅਵਰੋਹ ਦੋਹਾਂ ਦਾ ਹੋਣਾ ਜ਼ਰੂਰੀ ਨਹੀਂ ਹੈ ਕਿਉਂਕਿ ਹਰੇਕ ਥਾਟ ਦੇ ਆਰੋਹ-ਅਵਰੋਹ ਵਿਚ ਕੋਈ ਫਰਕ (ਅੰਤਰ) ਨਹੀਂ ਹੁੰਦਾ ਸਿਰਫ ਆਰੋਹ ਜਾਂ ਅਵਰੋਹ ਦੇਣ ਤੋਂ ਹੀ ਥਾਟ ਦਾ ਪਤਾ ਲੱਗ ਜਾਂਦਾ ਹੈ। |
| 5. ਹਰੇਕ ਰਾਗ ਵਿਚ 'ਮ' ਅਤੇ 'ਪ' (ਮਧਮ ਅਤੇ ਪੰਚਮ) ਵਿਚ ਘੱਟੋ-ਘੱਟ ਇਕ ਸਵਰ ਦਾ ਹੋਣਾ ਜ਼ਰੂਰੀ ਹੈ। ਦੋਵੇਂ ਸਵਰ ਇਕੱਠੇ ਕਦੇ ਵੀ ਵਰਜਿਤ ਨਹੀਂ ਹੋ ਸਕਦੇ। ਜੇਕਰ 'ਪ' ਦੇ ਨਾਲ ਸ਼ੁੱਧ ਮ ਵੀ ਵਰਜਿਤ ਹੈ ਤਾਂ ਉਸ ਰਾਗ ਵਿਚ ਤੀਵਰ ਮ' ਲੱਗੇਗਾ। | 5. ਥਾਟ ਵਿਚ ਇਸ ਤਰ੍ਹਾਂ ਦਾ ਕੋਈ ਨਿਯਮ ਨਹੀਂ ਹੈ। |
| 6. ਰਾਗ ਵਿਚ ਕਿਸੇ ਵੀ ਸਵਰ ਦੇ ਦੋਵੇਂ ਰੂਪ ਇਕੱਠੇ ਪ੍ਰਯੋਗ ਨਹੀਂ ਹੋਣੇ ਚਾਹੀਦੇ ਜਿਵੇਂ ਕੋਮਲ ਰੇ ਅਤੇ ਸ਼ੁੱਧ ਰੇ ਜਾਂ ਕੋਮਲ ਗਾ ਅਤੇ ਸ਼ੁੱਧ ਗ ਦੋਵੇਂ ਇਕ ਰਾਗ ਵਿਚ ਇਕੱਠੇ ਨਹੀਂ ਪ੍ਰਯੋਗ ਕਰਨੇ ਚਾਹੀਦੇ ਪਰ ਇਹ ਸੰਭਵ ਹੈ ਕਿ ਆਰੋਹ ਵਿਚ ਸ਼ੁੱਧ ਪ੍ਰਯੋਗ ਕਿਹਾ ਜਾਵੇ ਅਤੇ ਅਵਰੋਹ ਵਿਚ ਕੋਮਲ ਸਵਰ। | 6. ਥਾਟ ਵਿਚ ਇਸ ਤਰ੍ਹਾਂ ਦਾ ਕੋਈ ਨਿਯਮ ਨਹੀਂ ਹੈ। ਕਿਉਂਕਿ ਥਾਟ ਗਾਏ ਵਜਾਏ ਨਹੀਂ ਜਾਂਦੇ। |
| 7. ਰਾਗ ਵਿਚ ਆਰੋਹ ਅਤੇ ਅਵਰੋਹ ਦੇ ਸਵਰਾਂ ਦੀ ਗਿਣਤੀ ਵਿਚ ਭਿੰਨਤਾ ਕਾਰਨ ਰਾਗ ਦੀਆਂ ਮੁੱਖ ਤਿੰਨ ਜਾਤੀਆਂ ਅਤੇ ਨੌਂ ਉਪ ਜਾਤੀਆਂ ਹੁੰਦੀਆਂ ਹਨ। | 7. ਥਾਟ ਦੀਆਂ ਕੋਈ ਜਾਤੀਆਂ ਨਹੀਂ ਹੁੰਦੀਆਂ। |
| 8. ਹਰੇਕ ਰਾਗ ਵਿਚ ਆਰੋਹ ਅਵਰੋਹ, ਪਕੜ, ਸਮਾਂ, ਵਾਦੀ, ਸਮਵਾਦੀ ਦਾ ਹੋਣਾ ਜ਼ਰੂਰੀ ਹੈ। | 8. ਥਾਟ ਗਾਏ-ਵਜਾਏ ਨਹੀਂ ਜਾਂਦੇ ਇਸ ਕਾਰਨ ਸਮਾਂ, ਪਕੜ ਆਦਿ ਦੀ ਜ਼ਰੂਰਤ ਨਹੀਂ ਹੈ। |
| 9. ਰਾਗ ਵਿਚ ਰੰਜਕਤਾ ਦਾ ਹੋਣਾ ਜ਼ਰੂਰੀ ਹੈ। ਇਹ ਗਾਏ-ਬਜਾਏ ਨਹੀਂ ਜਾਂਦੇ। | 9. ਇਨ੍ਹਾਂ 'ਚ ਰੰਜਕਤਾ ਦੀ ਲੋੜ ਨਹੀਂ। ਕਿਉਂਕਿ |
| 10.ਰਾਗ ਥਾਟ ਤੋਂ ਉਤਪੰਨ (ਪੈਦਾ) ਹੁੰਦੇ ਹਨ ਪਰ ਰਾਗ ਦਾ ਨਾਂਅ ਸੁਤੰਤਰ ਹੁੰਦਾ ਹੈ, ਭਾਵ ਰਾਗ ਨੂੰ ਕੋਈ ਵੀ ਨਾਂਅ ਦਿੱਤਾ ਜਾ ਸਕਦਾ ਹੈ। | 10.ਥਾਟ ਦਾ ਨਾਂਅ ਕਰਨ ਉਸ ਦੇ ਨਿਕਲੇ ਕਿਸੀ ਪ੍ਰਸਿੱਧ ਰਾਗ ਦੇ ਨਾਂਅ 'ਤੇ ਕੀਤਾ ਜਾਂਦਾ ਹੈ। |

| | |
|---|---|
| 11.ਹਰੇਕ ਰਾਗ ਕਿਸੀ ਨਾ ਕਿਸੀ ਥਾਟ ਤੋਂ ਪੈਂਦਾ ਮੰਨ ਗਏ ਹਨ ਇਸ ਲਈ ਹਰ ਰਾਗ ਨੂੰ ਜੰਨਿਆ ਰਸਾ ਕਿਹਾ ਜਾਂਦਾ ਹੈ। ਜੰਨਿਆ ਦਾ ਅਰਥ ਹੈ, 'ਜੋ ਪੈਦਾ ਹੋਇਆ ਹੋਵੇ। ਹੋਏ ਹੋਣ। | 11.ਹਰੇਕ ਰਾਗ ਕਿਸੀ ਨਾ ਕਿਸੀ ਥਾਟ ਤੋਂ ਪੈਂਦਾ ਮੰਨਿਆ ਜਾਂਦਾ ਗਿਆ ਹੈ ਇਸ ਲਈ ਹਰੇਕ ਥਾਟ ਨੂੰ ਜਨਕ ਥਾਟ ਕਿਹਾ ਜਾਂਦਾ ਹੈ। 'ਜਨਕ' ਦਾ ਅਰਥ ਹੈ ਪਿਤਾ ਜਿਨ੍ਹਾਂ ਥਾਟਾਂ ਤੋਂ ਰਾਗ ਪੈਦਾ |
| 12.ਥਾਟਾਂ ਦੇ ਅਨੁਸਾਰ ਅਰੋਹ ਅਵਰੋਹ ਕਰਨ ਤੋਂ ਗਣਿਤ ਦੇ ਆਧਾਰ ਤੇ 484 ਰਾਗਾਂ ਦੀ ਉਤਪਤੀ ਹੋ ਸਕਦੀ ਹੈ। ਪਰ ਅੱਜਕਲ੍ਹ ਪ੍ਰਚਾਰ ਵਿਚ ਸਿਰਫ 150, 200 ਰਾਗ ਹੀ ਹਨ। | 12.ਸਪਤਕ ਦੇ ਸ਼ੁੱਧ ਅਤੇ ਇਕ ਸ਼ਵਰਾਂ ਤੋਂ ਗਣਿਤ ਦੇ ਆਧਾਰ 'ਤੇ 72 ਥਾਟਾਂ ਦੀ ਉਤਪਤੀ ਹੋ ਸਕਦੀ ਹੈ। ਹਿੰਦੁਸਤਾਨੀ ਸੰਗੀਤ ਪਧਤੀ ਵਿਚ ਇਹ 72 ਥਾਟਾਂ ਵਿਚੋਂ ਕੁਲ 10 ਥਾਟਾਂ ਦਾ ਹੀ ਪਰ੍ਚਲਿਤ ਹੈ। |

### ਅਧਿਆਇ-9

# ਪੰਜਾਬ ਦੇ ਲੋਕ ਸਾਜ਼

ਸਾਡਾ ਸਮੁੱਚਾ ਸੰਗੀਤ ਸਾਜ਼ਾਂ ਦੇ ਸਹਿਯੋਗ ਨਾਲ ਅੱਗੇ ਤੁਰਦਾ ਹੈ। ਪੰਜਾਬ ਪ੍ਰਾਂਤ ਇਸ ਤਰ੍ਹਾਂ ਦਾ ਪ੍ਰਾਂਤ ਹੈ ਜਿਥੇ ਕਈ ਤਿਉਹਾਰ ਜਿਵੇਂ ਵਿਸਾਖੀ, ਲੋਹੜੀ, ਬਸੰਤ ਰੁੱਤ ਦਾ, ਵਿਆਹ ਸ਼ਾਦੀਆਂ ਦੇ ਗਾਏ ਜਾਣ ਵਾਲੇ ਗੀਤ, ਖੁਸ਼ੀ ਤੇ ਪਾਏ ਜਾਣ ਵਾਲੇ ਲੋਕ ਨਾਚ ਜਿਵੇਂ ਗਿੱਧਾ, ਭੰਗੜਾ, ਮਲਵਈ ਗਿੱਧਾ, ਲੁਡੀ, ਗੁਰਦੁਆਰਿਆਂ ਤੇ ਮੰਦਿਰਾਂ ਵਿਚ ਉਚਾਰਨ ਕੀਤੇ ਜਾਣ ਵਾਲੇ ਸ਼ਬਦ, ਭਜਨ, ਪੰਜਾਬ ਦੀਆਂ ਪ੍ਰਸਿੱਧ ਲੋਕ ਕਥਾਵਾਂ ਜਿਵੇਂ ਹੀਰ ਰਾਂਝਾ, ਸੱਸੀ ਪੁੰਨੂੰ, ਮਲਕੀ ਆਦਿ ਇਨ੍ਹਾਂ ਸਾਰਿਆਂ ਨਾਲ ਭਿੰਨ-ਭਿੰਨ ਤਰ੍ਹਾਂ ਦੇ ਲੋਕ ਸਾਜ਼ ਲੈਅ ਤੇ ਤਾਲ ਦੇਣ ਲਈ ਵਰਤੇ ਜਾਂਦੇ ਹਨ। ਇਹ ਸਾਰੇ ਲੋਕ ਸਾਜ਼ਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਪੰਜਾਬ ਪ੍ਰਾਂਤ ਵਿਚ ਵੀ ਚਾਰ ਤਰ੍ਹਾਂ ਦੇ ਸਾਜ਼ ਵਰਤੇ ਜਾਂਦੇ ਹਨ ਅਤੇ ਇਨ੍ਹਾਂ ਦੇ ਬਹੁਤ ਪ੍ਰਚਲਨ ਵੀ ਹੈ, ਜਿਸ ਵਿਚ ਸਿਤਾਰ ਵੀਣਾ, ਸਾਰੰਗੀ ਤੱਤ ਵਾਦ ਜਾਂ ਤੰਤੀ ਵਾਦ ਦੀ ਸ਼੍ਰੇਣੀ ਵਿਚ ਆਉਂਦੇ ਹਨ, ਇਨ੍ਹਾਂ ਸਾਜ਼ਾਂ ਦਾ ਪ੍ਰਯੋਗ ਗਜ਼ ਜਾਂ ਕਿਸੀ ਹੋਰ ਚੀਜ਼ ਨਾਲ ਤਾਰ ਤੇ ਕੀਤਾ ਜਾਂਦਾ ਹੈ। ਦੂਜੀ ਸ਼੍ਰੇਣੀ ਹੈ ਅਵਨਦ ਵਾਦ, ਇਸ ਸ਼੍ਰੇਣੀ ਵਿਚ ਚਮੜੇ ਦੀ ਖਲ ਤੋਂ ਮੜੇ ਸਾਜ਼ ਦੀਆਂ ਹੈ ਜਿਵੇਂ ਢੋਲ, ਢੋਲਕੀ, ਤਬਲਾ, ਢੱਡ ਆਦਿ। ਤੀਸਰੀ ਸ਼੍ਰੇਣੀ ਵਿਚ ਸੁਸਿਰਵਾਦ ਆਉਂਦੇ ਹਨ। ਇਨ੍ਹਾਂ ਵਾਦਾਂ ਵਿਚ ਹਵਾ ਭਰਨ 'ਤੇ ਧੁੰਨੀ ਪੈਦਾ ਕਰਦੇ ਹਨ ਭਾਵੇਂ ਇਹ ਹਵਾ ਮੂੰਹ ਨਾਲ ਭਰੀ ਜਾਵੇ ਜਾਂ ਹੱਥ ਦਾ ਪ੍ਰਯੋਗ ਕਰਕੇ, ਜਿਵੇਂ ਬੰਸੂਰੀ ਹਰਮੋਨੀਅਮ, ਸ਼ਹਿਨਾਈ, ਬੀਨ ਆਦਿ। ਚੌਥੀ ਸ਼੍ਰੇਣੀ ਵਿਚ ਘਨਵਾਦ ਆਉਂਦੇ ਹਨ ਜੋ ਆਪਸੀ ਰਾਗ, ਤੋਂ ਵਜਦੇ ਹਨ ਜਿਵੇਂ ਖੜਤਾਲ, ਚਿਮਟਾ, ਮੰਜੀਰਾ, ਛੁਣਛੁਣਾ ਆਦਿ। ਇਨ੍ਹਾਂ ਚਾਰੋਂ ਸ਼੍ਰੇਣੀ ਦੇ ਲੋਕ ਸਾਜ਼ਾਂ ਨਾਲ ਹੀ ਪੰਜਾਬ ਪ੍ਰਾਂਤ ਦਾ ਸੰਗੀਤ ਅੱਗੇ ਤੁਰਦਾ ਹੈ। ਇਸ ਲਈ ਇਨ੍ਹਾਂ ਸਾਜ਼ਾਂ ਨੂੰ ਪਰੰਪਰਿਕ ਢੰਗ ਨਾਲ ਵਜਾਇਆ ਜਾਂਦਾ ਹੈ। ਪੰਜਾਬ ਪ੍ਰਾਂਤ ਵਿਚ ਵਰਤੇ ਜਾਂਦੇ ਕੁਝ ਲੋਕ ਸਾਜ਼ਾਂ ਬਾਰੇ ਅਸੀਂ ਗੱਲ ਕਰਾਂਗੇ ਜੋ ਹੇਠ ਲਿਖੇ ਹਨ :-

**ਢੋਲ :—**



ਪੰਜਾਬ ਦੇ ਲੋਕ ਸਾਜ਼ਾਂ ਵਿਚੋਂ ਢੋਲ ਬਹੁਤ ਹੀ ਮਹੱਤਵਪੂਰਨ ਸਾਜ਼ ਹੈ। ਇਹ ਸਾਜ਼ ਅਵਨਦ ਸਾਜ਼ ਦੀ ਸ਼੍ਰੇਣੀ ਵਿਚ ਆਉਂਦਾ ਹੈ। ਜਿਥੇ ਢੋਲ ਵੀਰਤਾ ਦਾ ਪ੍ਰਤੀਕ ਹੈ ਉਥੇ ਸਮਾਜਿਕ ਜੀਵਨ ਵਿਚ ਵੀ ਉਤਸ਼ਾਹ ਦਾ ਪ੍ਰਤੀਕ ਹੈ। ਇਸ ਪ੍ਰਯੋਗ ਲੋਕ ਗੀਤ, ਲੋਕ ਨਾਚ, ਭੰਗੜਾ, ਗਿੱਧਾ, ਮਲਵਈ ਗਿੱਧਾ, ਲੁੱਡੀ, ਅਖਾੜਿਆਂ, ਗੱਤਕੇ ਨਾਲ ਬਹੁਤ ਖੂਬੀ ਕੀਤਾ ਜਾਂਦਾ ਹੈ। ਜਦੋਂ ਇਹ ਸਾਜ਼ ਵਜਦਾ ਹੈ ਤਾਂ ਆਪ ਮੁਹਾਰੇ ਹੀ ਪੈਰ ਧਿਰਕਣ ਲੱਗ ਜਾਂਦੇ ਹਨ ਅਤੇ ਮੋਢੇ

ਫਰਕਣ ਲੱਗ ਜਾਂਦੇ ਹਨ। ਢੋਲ ਅੰਦਰ ਤੋਂ ਖੋਖਲਾ ਹੁੰਦਾ ਹੈ ਅਤੇ ਇਹ ਲਕੜੀ ਦਾ ਬਣਿਆ ਹੁੰਦਾ ਹੈ। ਇਸ ਦੇ ਦੋ ਹਿੱਸੇ ਹੁੰਦੇ ਹਨ, ਸੱਜਾ ਅਤੇ ਖੱਬਾ। ਇਹ ਦੋਵੇਂ ਹਿੱਸੇ ਬੱਕਰੇ ਦੀ ਖੱਲ ਨਾਲ ਮੜੇ ਹੁੰਦੇ ਹਨ। ਚਮੜੇ ਨੂੰ ਕੱਸਣ ਲਈ ਰੱਸੀ ਦੀ ਵਰਤੋਂ ਕੀਤੀ ਜਾਂਦੀ ਹੈ। ਸੱਜੇ ਪਾਸੇ ਦੋ ਢੋਲ ਨੂੰ ਉੱਚੇ ਸਵਰ ਵਿਚ ਅਤੇ ਖੱਬੇ ਪਾਸੇ ਦੇ ਢੋਲ ਨੂੰ ਨੀਵੇਂ ਸਵਰ ਨਾਲ ਮਿਲਾਇਆ ਜਾਂਦਾ ਹੈ। ਸਵਰ ਉੱਚਾ ਨੀਵਾਂ ਕਰਨ ਲਈ ਰੱਸੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਵਿਚ ਛੱਲੇ ਪਾਏ ਜਾਂਦੇ ਹਨ। ਇਨ੍ਹਾਂ ਛੱਲਿਆਂ ਨੂੰ ਕੱਸਣ ਤੇ ਸਵਰ ਉੱਚਾ ਨੀਵਾਂ ਹੁੰਦਾ ਹੈ। ਢੋਲ ਨੂੰ ਰੱਸੀ ਨਾਲ ਪਰੋ ਕੇ ਮੋਢੇ ਤੇ ਰੱਸੀ ਨਾਲ ਲਟਕਾਕੇ ਲਕੜੀ ਜਾਂ ਬਾਂਸ ਦੀਆਂ ਛੜੀਆਂ ਨਾਲ ਵਜਾਇਆ ਜਾਂਦਾ ਹੈ। ਢੋਲ ਦੇ ਖੱਬੇ ਪਾਸੇ ਹਾਕੀ ਦੀ ਸ਼ਕਲ ਦੀ ਇਕ ਛੜ ਮਾਰੀ ਜਾਂਦਾ ਹੈ ਜਿਸ ਨੂੰ ਡਗਾ ਕਹਿੰਦੇ ਹਨ। ਢੋਲ ਤੇ ਕਹਿਰਵਾ ਤਾਲ, ਦਾਦਰਾ, ਭੰਗੜਾ ਤਾਲ ਆਦਿ ਵਜਾਈਆਂ ਜਾਂਦੀਆਂ ਹਨ।

**ਢੋਲਕੀ :-**



**ਚਿੱਤਰ-2**

ਪੰਜਾਬ ਦੇ ਲੋਕ ਗੀਤਾਂ ਵਿਚ ਢੋਲਕੀ ਦਾ ਖਾਸ ਸਥਾਨ ਹੈ। ਪੰਜਾਬ ਦਾ ਕੋਈ ਵੀ ਅਜਿਹਾ ਲੋਕ ਗੀਤ ਨਹੀਂ ਜਿਸ ਵਿਚ ਇਹ ਸਾਜ਼ ਨਾ ਵੱਜਦਾ ਹੋਵੇ। ਪੰਜਾਬ ਦਾ ਪ੍ਰਸਿੱਧ ਲੋਕ ਨਾਚ ਗਿੱਧਾ, ਵਿਆਹ-ਸ਼ਾਦੀਆਂ ’ਤੇ ਗਾਏ ਜਾਣ ਵਾਲੇ ਲੋਕ ਗੀਤ, ਮੰਦਰਾਂ ਵਿਚ ਗਾਏ ਜਾਣ ਵਾਲੇ ਭਜਨ, ਜਗਰਾਤਿਆਂ ਵਿਚ ਗਾਏ ਜਾਣ ਵਾਲੇ ਭਜਨ, ਪ੍ਰਭਾਤ ਫੇਰੀਆਂ ਵਿਚ, ਗੁਰਦੁਆਰਿਆਂ ਵਿਚ ਸ਼ਬਦਾਂ ਦੇ ਨਾਲ ਇਸ ਸਾਜ਼ ਦੀ ਵਰਤੋਂ ਬਾਖੂਬੀ ਕੀਤੀ ਜਾਂਦੀ ਹੈ। ਢੋਲਕੀ ਸ਼ੀਸ਼ਮ, ਅੰਬ, ਸਾਗਵਾਨ, ਦੇਵਦਾਰ ਆਦਿ ਦੀ ਲਕੜੀ ਨੂੰ ਅੰਦਰੋਂ ਖੋਖਲਾ ਕਰਕੇ ਬਣਾਈ ਜਾਂਦੀ ਹੈ। ਇਸ ਦੇ ਦੋ ਹਿੱਸੇ ਹੁੰਦੇ ਹਨ-ਸੱਜਾ ਅਤੇ ਖੱਬਾ। ਇਨ੍ਹਾਂ ਦੋਹਾਂ ਪਾਸਿਆਂ ’ਤੇ ਬੱਕਰੇ ਦੀ ਖੱਲ ਮੜੀ ਜਾਂਦੀ ਹੈ ਅਤੇ ਸੂਤ ਦੀਆਂ ਰੱਸੀਆਂ ਵਿਚ ਪਿੱਤਲ ਜਾਂ ਲੋਹੇ ਦੇ ਛੱਲੇ ਢੋਲਕੀ ਨੂੰ ਕੱਸਣ ਜਾਂ ਢਿੱਲਾ ਕਰਨ ਲਈ ਲਗਾਏ ਜਾਂਦੇ ਹਨ। ਢੋਲਕੀ ਦੇ ਸੱਜੇ ਮੂੰਹ ’ਤੇ ਅੰਦਰ ਖਾਸ ਕਿਸਮ ਦਾ ਮਸਾਲਾ ਲਗਾਇਆ ਜਾਂਦਾ ਹੈ ਜਿਸ ਨਾਲ ਆਵਾਜ਼ ਭਾਰੀ ਨਿਕਲਦੀ ਹੈ। ਢੋਲਕੀ ਨੂੰ ਦੋਨੋਂ ਹੱਥਾਂ ਦੀਆਂ ਹਥੇਲੀਆਂ ਤੇ ਉਂਗਲੀਆਂ ਦੇ ਸਹਾਰੇ ਵਜਾਇਆ ਜਾਂਦਾ ਹੈ। ਕਈ ਵਾਰ ਵਾਦਕ ਇਸ ਨੂੰ ਹੋਰ ਰੌਚਿਕ ਬਣਾਉਣ ਲਈ ਅੰਗੂਠੇ ਵਿਚ ਛੱਲਾ ਜਾਂ ਗੁੱਟ ’ਤੇ ਘੁੰਗਰੂ ਬੰਨ੍ਹ ਲੈਂਦੇ ਹਨ ਜਦੋਂ ਢੋਲਕੀ ਵਜਦੀ ਹੈ ਤਾਂ ਛੱਲੇ ਤੇ ਘੁੰਗਰੂ ਦੀ ਆਵਾਜ਼ ਬਹੁਤ ਹੀ ਪ੍ਰਭਾਵਸ਼ਾਲੀ ਲਗਦੀ ਹੈ। ਢੋਲਕੀ ਦਾ ਪ੍ਰਯੋਗ ਲੋਕ ਗੀਤਾਂ, ਲੋਕ ਗਥਾਵਾਂ ਜਿਵੇਂ ਮਲਕੀ, ਮਿਰਜ਼ਾ ਸਾਹਿਬਾ, ਜੱਗਾ ਆਦਿ ਨਾਲ ਵਜਾਈ ਜਾਂਦੀ ਹੈ।

**ਢੱਡ :-**



**ਚਿੱਤਰ**-3

ਇਸ ਸਾਜ਼ ਦਾ ਪ੍ਰਯੋਗ ਪੰਜਾਬ ਵਿਚ ਬਹੁਤ ਕੀਤਾ ਜਾਂਦਾ ਹੈ। ਇਹ ਸਾਜ਼ ਬਹੁਤ ਹੀ ਪ੍ਰਾਚੀਨ ਸਾਜ਼ਾਂ ਵਿਚੋਂ ਇਕ ਹੈ। ਇਹ ਡਮਰੂ, ਡਰੂ, ਡਿਮਡਿਮ ਆਦਿ ਸਾਜ਼ਾਂ ਦੀ ਜਾਤੀ ਵਿਚੋਂ ਹੈ। ਇਸ ਸਾਜ਼ ਦੀ ਸੰਗੀਤ ਸਾਰੰਗੀ ਸਾਜ਼ ਨਾਲ ਜ਼ਿਆਦਾ ਕੀਤੀ ਜਾਂਦੀ ਹੈ। ਜਦੋਂ ਇਹ ਦੋਵੇਂ ਸਾਜ਼ (ਢੱਡ ਅਤੇ ਸਾਰੰਗੀ) ਇਕੱਠੇ ਵਜਦੇ ਹਨ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ। ਪੰਜਾਬ ਦੇ ਢਾਡੀ, ਵਾਰਾਂ, ਕਲੀਆਂ, ਕਿੱਸੇ, ਧਾਰਮਿਕ ਗਾਥਾਵਾਂ ਆਦਿ ਨਾਲ ਢੱਡ ਸਾਜ਼ ਵਜਾਇਆ ਜਾਂਦਾ ਹੈ। ਢੱਡ, ਅੰਬ, ਸ਼ਹਿਤੂਤ, ਟਾਲੀ ਜਾਂ ਸ਼ੀਸ਼ਮ ਦੀ ਲਕੜੀ ਤੋਂ ਬਣਾਈ ਜਾਂਦੀ ਹੈ। ਇਸ ਦਾ ਵਿਚਕਾਰਲਾ ਭਾਗ ਅੰਦਰ ਨੂੰ ਹੁੰਦਾ ਹੈ। ਇਸ ਦੇ ਦੋਵੇਂ ਮੂੰਹ ਗੋਲਾਈ ਵਿਚ ਹੁੰਦੇ ਹਨ ਜਿਸ ਉੱਤੇ ਚਮੜੇ ਦੇ ਪੁੜੇ ਚੜ੍ਹਾਏ ਜਾਂਦੇ ਹਨ। ਦੋਹਾਂ ਪਾਸਿਆਂ ਤੋਂ ਸੂਤ ਦੀ ਪਤਲੀ ਰੱਸੀ ਨਾਲ ਸੱਤ, ਅੱਠ ਥਾਵਾਂ ਤੋਂ ਬੰਨਿਆ ਜਾਂਦਾ ਹੈ। ਇਸ ਵਿਚ ਰੱਸੀ ਵਾਧੂ ਤੇ ਲੰਬੀ ਰੱਖੀ ਜਾਂਦੀ ਹੈ ਜਿਸ ਨੂੰ ਢੱਡ ਦੇ ਵਿਚਲੇ ਹਿੱਸੇ ਤੋਂ ਲਪੇਟ ਲਿਆ ਜਾਂਦਾ ਹੈ ਤੇ ਫਿਰ ਢੱਡ ਨੂੰ ਵਜਾਉਂਦੇ ਹੋਏ ਇਸ ਰੱਸੀ ਨੂੰ ਬਾਰ-ਬਾਰ ਖਿੱਚਿਆ ਜਾਂਦਾ ਹੈ ਤੇ ਢੱਡ ਢਿੱਲਾ ਕੀਤਾ ਜਾਂਦਾ ਹੈ। ਰੱਸੀ ਦੇ ਖਿੱਚੇ ਜਾਣ 'ਤੇ ਹੀ ਢੱਡ ਦੇ ਦੋਵਾਂ ਪਾਸਿਆਂ ਦਾ ਚਮੜਾ ਕੱਸਿਆ ਜਾਂਦਾ ਹੈ ਤੇ ਉਸ ਤੋਂ ਸੁਰ ਪੈਦਾ ਕੀਤਾ ਜਾਂਦਾ ਹੈ। ਵਾਦਕ ਇਕ ਹੱਥ ਵਿਚ ਢੱਡ ਨੂੰ ਫੜ ਕੇ ਤੇ ਦੂਜੇ ਹੱਥ ਦੀਆਂ ਉਂਗਲਾਂ ਨਾਲ ਇਸ ਨੂੰ ਵਜਾਉਂਦਾ ਹੈ ਤੇ ਬਾਰ-ਬਾਰ ਇਸ ਦੀ ਰੱਸੀ ਤੇ ਸਹਾਰੇ ਸੁਰ ਉੱਚਾ ਤੇ ਨੀਵਾਂ ਕਰਦਾ ਰਹਿੰਦਾ ਹੈ।

**ਸਾਰੰਗੀ :-**



**ਚਿੱਤਰ**-4

ਜਿਵੇਂ ਸਾਰੰਗੀ ਦੇ ਨਾਂਅ ਤੋਂ ਹੀ ਸਪੱਸ਼ਟ ਹੈ ਕਿ ਸੌ ਰੰਗਾਂ ਵਾਲੀ ਇਹ ਪੰਜਾਬ ਦਾ ਪ੍ਰਸਿੱਧ ਸਾਜ਼ ਹੈ। ਇਸ ਨੂੰ ਗੰਭੀਰ ਪ੍ਰਕਿਰਤੀ ਦਾ ਸਾਜ਼ ਮੰਨਿਆ ਗਿਆ ਹੈ। ਇਸ ਦਾ ਢੱਡ ਨਾਲ ਪ੍ਰਯੋਗ ਬਹੁਤ ਕੀਤਾ ਜਾਂਦਾ ਹੈ। ਇਸ ਦਾ ਪ੍ਰਯੋਗ ਵਾਰ, ਲੋਕ-ਗਾਥਾ, ਧਾਰਮਿਕ ਗਾਥਾਵਾਂ, ਸ਼ਾਸਤਰੀ ਸੰਗੀਤ, ਲੋਕ ਗੀਤਾਂ ਨਾਲ ਕੀਤਾ ਜਾਂਦਾ ਹੈ। ਸ਼ਾਸਤਰੀ ਸੰਗੀਤ ਵਿਚ ਸਾਰੰਗੀ ਨਾਲ ਤਬਲਾ ਵਜਾਇਆ ਜਾਂਦਾ ਹੈ। ਸਾਰੰਗੀ ਨੂੰ ਲਕੜੀ ਨਾਲ ਘੜ ਕੇ ਬਣਾਇਆ ਜਾਂਦਾ ਹੈ ਜਿਸ ਉੱਤੇ ਚਮੜਾ ਮੜ੍ਹ ਦਿੱਤਾ ਜਾਂਦਾ ਹੈ। ਇਸ ਚਮੜੇ 'ਤੇ ਊਠ ਦੀ ਹੱਡੀ ਦੀ ਘੋੜੀ ਟਿਕਾਈ ਜਾਂਦੀ ਹੈ। ਇਸ ਘੋੜੀ ਤੇ ਖੁਟਿਆਂ ਵੱਲੋਂ ਚਮੜੇ ਦੀਆਂ ਚਾਰ ਤਾਰਾਂ ਲਗਾਈਆਂ ਜਾਂਦੀਆਂ ਹਨ। ਸਾਰੰਗੀ ਨੂੰ ਕਮਾਨ ਦੀ ਮਦਦ ਨਾਲ ਵਜਾਇਆ ਜਾਂਦਾ ਹੈ। ਖੱਬੇ ਹੱਥ ਦੀਆਂ ਉਂਗਲੀਆਂ ਦੇ ਨਹੁੰਆਂ ਨਾਲ ਤਾਰਾਂ ਨੂੰ ਪਿੱਛੇ ਤੋਂ ਛੂਹ ਕੇ ਆਪਣੀ ਮਰਜ਼ੀ ਨਾਲ ਸੁਰ ਕੱਢੇ ਜਾਂਦੇ ਹਨ। ਇਸ ਸਾਜ਼ ਨੂੰ ਵਜਾਉਣਾ ਸੌਖਾ ਨਹੀਂ ਇਸ ਦੇ ਸਵਰ ਅਭਿਆਸ ਨਾਲ ਹੀ ਕੱਢੇ ਜਾ ਸਕਦੇ ਹਨ। ਅੱਜ ਦੇ ਨੌਜਵਾਨ ਇਸ ਨੂੰ ਬਹੁਖੂਬੀ ਨਾਲ ਵਜਾ ਰਹੇ ਹਨ। ਅੱਜ ਦੇ ਪ੍ਰਸਿੱਧ ਸਾਰੰਗੀ ਵਾਦਕਾਂ ਵਿਚੋਂ, ਮੋਹਨ ਸਿੰਘ ਸੀਤਲ, ਨਰਾਇਣ ਸਿੰਘ, ਦੀਦਾਰ ਸਿੰਘ, ਪਾਲ ਸਿੰਘ, ਅਮਰ ਸਿੰਘ ਆਦਿ।

**ਨਗਾੜਾ :-**



**ਚਿੱਤਰ-5**

ਇਹ ਇਕ ਅਵਨਦ ਸਾਜ਼ ਹੈ। ਇਸ ਨੂੰ ਬਹੁਤ ਹੀ ਪ੍ਰਾਚੀਨ ਸਾਜ਼ ਮੰਨਿਆ ਜਾਂਦਾ ਹੈ ਕਿਉਂਕਿ ਪਹਿਲਾਂ ਯੁੱਧਾਂ ਦੀ ਚਿਤਾਵਨੀ, ਜਾਂ ਰਾਜੇ ਦੇ ਫੁਰਮਾਨ ਲਈ ਜਨਤਾ ਨੂੰ ਇਕੱਠਾ ਕਰਨ ਲਈ ਜਾਂ ਕੋਈ ਜਨਤਕ ਸੂਚਨਾ ਲਈ ਇਸ ਸਾਜ਼ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਸਾਜ਼ ਤਾਲ ਪ੍ਰਧਾਨ, ਵੀਰਰਸ ਦਾ ਪ੍ਰਤੀਕ ਹੈ। ਪੰਜਾਬ ਵਿਚ ਗੁਰਦੁਆਰਿਆਂ ਵਿਚ ਜਾਂ ਧਾਰਮਿਕ ਸਮਾਰੋਹਾਂ ਵਿਚ ਇਸ ਸਾਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦਾ ਖੋਲ ਲੋਹੇ ਦੇ ਧਾਤੂ ਤੋਂ ਬਣਿਆ ਹੁੰਦਾ ਹੈ ਅਤੇ ਇਸ ਦੇ ਉੱਪਰ ਮੱਝ ਦੀ ਖੱਲ ਮੜੀ ਹੁੰਦੀ ਹੈ। ਫਿਰ ਇਸ ਨੂੰ ਚਮੜੇ ਦੀ ਰੱਸੀ ਨਾਲ ਕੱਸ ਦਿੱਤਾ ਜਾਂਦਾ ਹੈ। ਇਸ 'ਤੇ ਵੀ ਸੂਤ ਦੀਆਂ ਅੱਠ ਤੋਂ ਦਸ ਬਦਰੀਆਂ ਮੜੀਆਂ ਜਾਂਦੀਆਂ ਹਨ, ਜਿਸ ਨਾਲ ਨਗਾੜੇ ਨੂੰ ਸੁਰ ਦਿੱਤਾ ਜਾਂਦਾ ਹੈ। ਨਗਾੜੇ ਨੂੰ ਤਪਾਈ ਤੇ ਰੱਖ ਕੇ ਦੋ ਡੰਡਿਆਂ ਨਾਲ ਵਜਾਇਆ ਜਾਂਦਾ ਹੈ।

**ਅਲਗੋਜ਼ਾ :-**

ਅਲਗੋਜ਼ੇ ਦਾ ਪੰਜਾਬ ਦੇ ਲੋਕ ਨਾਚਾਂ ਅਤੇ ਗੀਤਾਂ ਵਿਚ ਬਹੁਤ ਜ਼ਿਆਦਾ ਸਥਾਨ ਹੈ। ਲੋਕ ਨਾਚਾਂ ਅਤੇ ਗੀਤਾਂ ਵਿਚ ਇਹ ਸਾਜ਼ ਚਾਰ ਚੰਨ ਲਗਾ ਦਿੰਦਾ ਹੈ। ਅਲਗੋਜ਼ਾ, ਬੰਸੁਰੀ, ਸ਼ਹਿਨਾਈ ਦੀ ਜਾਤੀ ਵਿਚੋਂ ਹੈ। ਇਹ ਸਾਜ਼ ਖੋਖਲੇ ਬਾਂਸ ਤੋਂ ਬਣਾਇਆ ਜਾਂਦਾ ਹੈ। ਅਲਗੋਜ਼ੇ ਵਿਚ ਚਾਰ ਤੋਂ ਸੱਤ ਤੱਕ ਛੇਕ ਹੁੰਦੇ ਹਨ, ਉੱਪਰੋਂ ਇਕੱਠੀ ਫੂਕ ਮਾਰਨ ਤੋਂ ਦੋਹਾਂ ਅਲਗੋਜ਼ਿਆਂ ਵਿਚ ਧਵਨੀ ਪੈਂਦਾ ਹੁੰਦੀ ਹੈ। ਇਹ ਸਾਜ਼ ਦੋਹਾਂ ਹੱਥਾਂ ਤੋਂ ਫੜ ਕੇ ਵਜਾਇਆ ਜਾਂਦਾ ਹੈ। ਦੋਵਾਂ ਅਲਗੋਜ਼ਿਆਂ ਤੇ ਭਿੰਨ-ਭਿੰਨ ਉਂਗਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਸਾਜ਼ ਨੂੰ ਸੁਤੰਤਰ ਰੂਪ ਵਿਚ ਵਜਾਇਆ ਜਾਂਦਾ ਹੈ। ਇਸ ਸਾਜ਼ ਦਾ ਸਵਰ ਬਹੁਤ ਉੱਚਾ ਹੁੰਦਾ ਹੈ। ਇਸ ਲਈ ਗਾਇਕ ਨੂੰ ਉੱਚੇ ਸੁਰ ਵਿਚ ਗਾਉਣਾ ਪੈਂਦਾ ਹੈ। ਇਸ ਉੱਤੇ ਰੰਗ-ਬਿਰੰਗੇ ਧਾਗੀਆਂ ਦੀਆਂ ਗੁੱਤਾਂ ਬਣਾ ਕੇ ਸਜਾਵਟ ਕੀਤੀ ਜਾਂਦੀ ਹੈ। ਪੰਜਾਬ ਵਿਚ ਇਸ ਸਾਜ਼ ਦੀ ਵਰਤੋਂ ਗਿੱਧੇ, ਭੰਗੜੇ ਦੀਆਂ ਬੋਲੀਆਂ ਨਾਲ ਕੀਤੀ ਜਾਂਦੀ ਹੈ।



**ਚਿੱਤਰ-6**

**ਬੰਸੁਰੀ :-**



**ਚਿੱਤਰ-7**

ਬੰਸੁਰੀ ਬਹੁਤ ਹੀ ਪ੍ਰਾਚੀਨ ਸਾਜ਼ ਹੈ। ਪੰਜਾਬ ਦੇ ਮੰਦਿਰਾਂ 'ਚ ਲੋਕ ਨਾਚਾਂ, ਲੋਕ ਗਾਥਾਵਾਂ ਵਿਚ ਪ੍ਰਯੋਗ ਕੀਤੀ ਜਾਂਦੀ ਹੈ। ਹੀਰ ਰਾਂਝਾ ਵਿਚ ਬੰਸੁਰੀ ਨੂੰ ਰਾਂਝੇ ਦੀ ਵੰਝਲੀ ਕਿਹਾ ਗਿਆ ਹੈ ਕਿਉਂਕਿ ਰਾਂਝਾਂ ਆਪ ਬੰਸੁਰੀ ਵਜਾਉਂਦਾ ਸੀ। ਬੰਸੁਰੀ ਬਾਂਸ ਜਾਂ ਹੋਰ ਧਾਤਾਂ ਦੀ ਬਣਾਈ ਜਾਂਦੀ ਹੈ, ਪਰ ਬਾਂਸ ਦੀ ਬੰਸੁਰੀ ਨੂੰ ਚੰਗਾ ਮੰਨਿਆ ਜਾਂਦਾ ਹੈ। ਪਰ ਇਹ ਗਰਮੀ ਦੇ ਮੌਸਮ ਵਿਚ ਤਿੜਕ ਕੇ ਫੱਟ ਜਾਂਦੀ ਹੈ। ਪੰਜਾਬ ਵਿਚ ਬਾਂਸ ਦੀ ਬੰਸੁਰੀ ਹੀ ਪ੍ਰਚਲਿਤ ਹੈ। ਇਸ ਦੇ ਦੋਵੇਂ ਪਾਸੇ ਬਾਂਸ ਦੀ ਗੰਢ ਨਾਲ ਬੰਦ ਹੁੰਦੇ ਹਨ। ਬੰਸੁਰੀ ਦੇ ਖੱਬੇ ਪਾਸੇ ਇਕ ਦੋ ਇੰਚ ਜਗ੍ਹਾ ਛੱਡ ਕੇ ਸੁਰਾਖ ਕੀਤੇ ਜਾਂਦੇ ਹਨ। ਇਸ ਰਾਹੀਂ ਵਾਦਕ ਬੰਸੁਰੀ ਵਿਚ ਰਾਗ ਭਰ ਕੇ ਵਾਦਕ ਬੰਸੁਰੀ ਨੂੰ ਦੋਵੇਂ ਹੱਥਾਂ ਨਾਲ ਵਜਾਉਂਦਾ ਹੈ। ਬੰਸੁਰੀ ਨੂੰ ਫੜਨ ਵਾਸਤੇ ਸੱਜੇ ਹੱਥ ਦੀਆਂ ਉਂਗਲਾਂ ਨੂੰ ਹੇਠਲੇ ਤਿੰਨ ਸੁਰਾਖਾਂ ਉੱਤੇ ਟਿਕਾਇਆ ਜਾਂਦਾ ਹੈ ਅਤੇ ਖੱਬੇ ਹੱਥ ਦੀਆਂ ਤਿੰਨ ਉਂਗਲਾਂ ਨੂੰ ਉਪਰਲੇ ਤਿੰਨ ਸੁਰਾਖਾਂ ਉੱਤੇ ਰੱਖੀਆਂ ਜਾਂਦੀਆਂ ਹਨ। ਜਦੋਂ ਸਾਰੇ ਸੁਰਾਖ ਚੰਗੀ ਤਰ੍ਹਾਂ ਬੰਦ ਹੋ ਜਾਂਦੇ ਹਨ ਤਾਂ ਹਲਕੀ ਜਿਹੀ ਫੂਕ ਲਗਾਈ ਜਾਂਦੀ ਹੈ ਤੇ ਹੇਠਾਂ ਤੋਂ ਇਕ-ਇਕ ਸੁਰਾਖ ਖੁੱਲਦੇ ਜਾਂਦੇ ਤੇ ਸੁਰ ਪੈਦਾ ਕੀਤੇ ਜਾਂਦੇ ਹਨ। ਬੰਸੁਰੀ ਉੱਤੇ ਪੁਰਾਣੇ ਗੀਤਾਂ ਦੀਆਂ ਧੁਨਾਂ, ਲੋਕ ਗੀਤ, ਲੋਕ ਗਧਾਵਾਂ, ਹੀਰ ਰਾਂਝਾ, ਸੱਸੀ-ਪੁੰਨੂੰ, ਮਿਰਜ਼ਾ ਸਾਹਿਬਾਂ ਦੇ ਕਿੱਸੇ ਵੀ ਗਾਏ ਜਾਂਦੇ ਹਨ।

**ਤੂੰਬੀ :-**



**ਚਿੱਤਰ-8**

ਤੂੰਬੀ ਪੰਜਾਬ ਦਾ ਬਹੁਤ ਪ੍ਰਾਚੀਨ ਸਾਜ਼ ਹੈ। ਇਹ ਸਾਜ਼ ਲੌਕੀ ਜਾਂ ਕੱਦੂ ਨੂੰ ਖੋਖਲਾ ਕਰਕੇ ਬਣਾਇਆ ਜਾਂਦਾ ਹੈ। ਇਸ ਉੱਤੇ ਇਕ ਫੁੱਟ ਤੋਂ ਡੇਢ ਫੁੱਟ ਤੱਕ ਦਾ ਲੰਬਾ ਲਕੜੀ ਦਾ ਡਾਂਡ ਲਗਾਇਆ ਜਾਂਦਾ ਹੈ। ਖੋਲ ਦੀ ਚੌੜਾਈ ਦਸ ਸੈਂਟੀ ਮੀਟਰ ਤੱਕ ਦੀ ਹੁੰਦੀ ਹੈ। ਖੋਲ ਦੇ ਮੂੰਹ 'ਤੇ ਚਮੜੇ ਦੀ ਪਤਲੀ ਖੱਲ ਚੜ੍ਹਾਈ ਹੁੰਦੀ ਹੈ। ਡਾਂਡ ਦੇ ਉਪਰਲੇ ਪਾਸੇ ਖੱਬੇ ਹੱਥ ਦੀ ਲਕੜੀ ਤੇ ਇਕ ਖੂੰਟੀ ਲਗਾਈ ਜਾਂਦੀ ਹੈ। ਇਸ ਖੂੰਟੀ ਵਿਚੋਂ ਤਾਰ ਨੂੰ ਪਰੋ ਕੇ ਲਕੜੀ ਦੀ ਖੋਲ ਵਿਚੋਂ ਨਿਕਲੇ ਵਾਧੂ ਡੰਡੇ ਨਾਲ ਬੰਨ੍ਹੀ ਜਾਂਦੀ ਹੈ। ਚਮੜੇ ਦੀ ਖੱਲ ਉੱਤੇ ਬਾਂਸ ਜਾਂ ਲਕੜੀ ਦਾ ਇਕ ਟੁਕੜਾ ਰਖਿਆ ਜਾਂਦਾ ਹੈ ਜਿਸ ਨੂੰ ਘੋੜੀ ਕਹਿੰਦੇ ਹਨ। ਖੂੰਟੀ ਨੂੰ ਘੁਮਾਉਣ ਨਾਲ ਆਵਾਜ਼ ਵਿਚ ਉਤਾਰ ਚੜਾਵ ਆਉਂਦਾ ਹੈ। ਇਸ ਸਾਜ਼ ਨੂੰ ਸੱਜੇ ਹੱਥ ਦੀ ਪਹਿਲੀ ਉਂਗਲ ਵਿਚ ਮਿਜ਼ਰਾਬ ਪਾ ਕੇ ਵਜਾਇਆ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਵਿਚ ਜੋ ਸਥਾਨ ਇਸ ਸਾਜ਼ ਨੂੰ ਹੈ ਸ਼ਾਇਦ ਹੀ ਕਿਸੇ ਹੋਰ ਸਾਜ਼ ਨੂੰ ਪ੍ਰਾਪਤ ਹੋਵੇ।

**ਚਿਮਟਾ :-**



**ਚਿੱਤਰ-9**

ਚਿਮਟਾ ਇਕ ਪ੍ਰਸਿੱਧ ਲੋਕ ਸਾਜ਼ ਹੈ। ਇਸ ਸਾਜ਼ ਨੂੰ ਭਜਨ, ਭੰਗੜੇ, ਕੀਰਤਨ, ਨਗਰ ਕੀਰਤਨ, ਪ੍ਰਭਾਤ ਫੇਰੀ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਚਿਮਟੇ ਦੀ ਲੰਬਾਈ 4 ਫੁੱਟ ਤੱਕ ਦੀ ਹੁੰਦੀ ਹੈ ਅਤੇ ਇਹ ਲੋਹੇ ਦਾ ਹੁੰਦਾ ਹੈ। ਇਸ ਦੇ ਉਪਰਲੇ ਪਾਸੇ ਲੋਹੇ ਦੀ ਇਕ ਗੋਲ ਕੜਾ ਪਾਇਆ ਜਾਂਦਾ ਹੈ। ਇਸ ਕੜੇ ਨੂੰ ਖੱਬੇ ਹੱਥ ਨਾਲ ਚਿਮਟੇ ਤੇ ਮਾਰਿਆ ਜਾਂਦਾ ਹੈ ਅਤੇ ਸੱਜੇ ਹੱਥ ਨਾਲ ਦੋਨਾਂ ਪਤਰਿਆਂ ਨੂੰ ਆਪਸ ਵਿਚ ਰਗੜਿਆ ਜਾਂਦਾ ਹੈ। ਚਿਮਟੇ ਦੇ ਦੋਨੋਂ ਪਤਰਿਆਂ ਵਿਚ ਸੱਤ ਤੋਂ ਅੱਠ ਜਗ੍ਹਾ 'ਤੇ ਲੋਹੇ ਜਾਂ ਪਿੱਤਲ ਦੇ ਛੱਲੇ ਲਗਾਏ ਜਾਂਦੇ ਹਨ ਜੋ ਦੋਨਾਂ ਪਤਰਿਆਂ ਨੂੰ ਆਪਸ

ਟਕਰਾਇਆ ਜਾਂਦਾ ਹੈ ਤੇ ਬਹੁਤ ਧੁਨੀ ਨਿਕਲਦੀ ਹੈ। ਵੱਡੇ ਚਿਮਟੇ ਦੇ ਆਕਾਰ ਦੇ ਛੈਣੇ ਦਿਹਾਤੀ ਵਾਜੇ ਨਾਲ ਅਤੇ ਛੋਟ ਆਕਾਰ ਦੇ ਛੈਣੇ ਵਾਲੇ ਚਿਮਟਿਆਂ ਦੀ ਵਰਤੋਂ ਭੰਗੜੇ, ਕੀਰਤਨ ਤੇ ਭਜਨਾਂ ਆਦਿ ਨਾਲ ਕੀਤੀ ਜਾਂਦੀ ਹੈ। ਕਈ ਨੌਜਵਾਨ ਭੰਗੜੇ ਵਿਚ ਇਸ ਨੂੰ ਇਕ ਹੱਥ ਨਾਲ ਵਜਾਉਂਦੇ ਹਨ ਤੇ ਆਪ ਵੀ ਜੋਸ਼ ਵਿਚ ਆਉਂਦੇ ਹਨ।

**ਖੜਤਾਲ :-**

ਖੜਤਾਲ ਨੂੰ ਖਰਤਾਲ ਦੇ ਨਾਲ ਵੀ ਜਾਣਿਆ ਜਾਂਦਾ ਹੈ। ਪੁਰਾਣੇ ਜ਼ਮਾਨੇ ਵਿਚ ਸਾਧੂ ਸੰਤ ਇਸ ਸਾਜ਼ ਦੀ ਵਰਤੋਂ ਕਰਦੇ ਸਨ ਅਤੇ ਨਾਲ ਭਜਨ ਉਚਾਰਨ ਕਰਦੇ ਸਨ। ਨਾਰਦਮੁਨੀ ਦੇ ਹੱਥ ਵਿਚ ਖੜਤਾਲ ਵੇਖਣ ਨੂੰ ਮਿਲਦੀ ਹੈ। ਪੰਜਾਬ ਵਿਚ ਇਸ ਸਾਜ਼ ਦੀ ਵਰਤੋਂ ਮੰਦਿਰਾਂ, ਗੁਰਦੁਆਰਿਆਂ ਵਿਚ ਭਜਨ ਤੇ ਕੀਰਤਨ ਨਾਲ ਕੀਤੀ ਜਾਂਦੀ ਹੈ। ਇਹ ਲਕੜੀ ਦੇ ਟੁਕੜੇ ਤੋਂ ਬਣਾਈ ਜਾਂਦੀ ਹੈ। ਇਨ੍ਹਾਂ ਵਿਚ ਪਿੱਤਲ ਜਾਂ ਲੋਹੇ ਦੇ ਗੋਲ ਆਕਾਰ ਦੇ ਛੱਲੇ ਲਗਾਏ ਜਾਂਦੇ ਹਨ। ਇਹ ਸਾਜ਼ ਇਕ ਹੀ ਹੱਥ ਨਾਲ ਫੜ ਕੇ ਵਜਾਇਆ ਜਾਂਦਾ ਹੈ। ਇਸ ਸਾਜ਼ ਵਿਚ ਅੰਗੂਠਾ ਪਾਉਣ ਦੀ ਥਾਂ ਹੁੰਦੀ ਹੈ ਤੇ ਦੂਜੇ ਪਾਸੇ ਚਾਰ ਉਂਗਲੀਆਂ ਪਾਉਣ ਦਾਂ ਥਾਂ ਹੁੰਦੀ ਹੈ। ਇਨ੍ਹਾਂ ਦੋਹਾਂ ਟੁਕੜਿਆਂ ਨੂੰ ਆਪਸ ਵਿਚ ਖੜਕਾਉਣ ਤੇ ਆਵਾਜ਼ ਨਿਕਲਦੀ ਹੈ ਕਿਹਾ ਜਾਂਦਾ ਹੈ ਕਿ ਮੀਰਾਂ ਬਾਈ ਨੇ ਖੜਤਾਲ ਨਾਲ ਭਜਨ ਕੀਰਤਨ ਕਰਦਿਆਂ ਖੁਦਾ ਦੀ ਪ੍ਰਾਪਤੀ ਕੀਤੀ।



**ਚਿੱਤਰ-10**

**ਸੱਪ :-**



**ਚਿੱਤਰ-11**

ਪੰਜਾਬ ਦੇ ਲੋਕ ਨਾਚ ਭੰਗੜੇ ਦਾ ਇਹ ਇਕ ਮੁੱਖ ਸਾਜ਼ ਹੈ। ਇਸ ਨੂੰ ਸੱਪ ਇਸ ਲਈ ਕਹਿੰਦੇ ਹਨ ਕਿਉਂਕਿ ਇਸ ਦੀ ਬਨਾਵਟ ਸੱਪ ਵਰਗੀ ਹੁੰਦੀ ਹੈ। ਇਹ ਸਾਜ਼ ਸਿਰਫ਼ ਪੰਜਾਬ ਵਿਚ ਹੀ ਵਰਤਿਆ ਜਾਂਦਾ ਹੈ। ਸੱਪ ਦੀ ਉਤਪਤੀ ਲੋਕਾਂ ਦੇ ਸੁਭਾਅ ਤੇ ਲੋੜ ਅਨੁਸਾਰ ਹੀ ਹੋਈ ਹੈ। ਇਸ ਸਾਜ਼ ਦੀ ਆਵਾਜ਼ ਇਸ ਤਰ੍ਹਾਂ ਦੀ ਹੈ ਕਿ ਜਿਵੇਂ ਕੁਝ ਵਿਅਕਤੀਆਂ ਨੇ ਇਕੱਠੇ ਤਾੜੀ ਮਾਰਦੇ ਹੋਵੇ। ਇਹ ਇਕ ਘਣ ਤੇ ਤਾਲ ਪ੍ਰਧਾਨ ਸਾਜ਼ ਹੈ। ਇਸ ਸਾਜ਼ ਦੀ ਬਣਤਰ ਬੱਚਿਆਂ ਵੱਲੋਂ ਖੇਡੀ ਜਾਣ ਵਾਲੀ ਸੱਪ ਖੇਡ ਨਾਲ ਮਿਲਦੀ-ਜੁਲਦੀ ਹੈ। ਇਸ ਸਾਜ਼ ਵਿਚ ਲਕੜੀ ਦੀਆਂ ਖੜੀਆਂ ਪਟੀਆਂ ਫੱਟੀਆਂ ਜੁੜੀਆਂ ਹੁੰਦੀਆਂ ਹਨ। ਇਨ੍ਹਾਂ ਫੱਟੀਆਂ ਦੀ ਲੰਬਾਈ ਤਕਰੀਬਨ ਡੇਢ ਫੁੱਟ ਤੇ ਚੌੜਾਈ ਇਕ ਇੰਚ ਹੁੰਦੀ ਹੈ। ਫੱਟੀ ਦੀ ਮੋਟਾਈ ਪੌਣੀ ਇੰਚ ਹੁੰਦੀ ਹੈ। ਸੱਪ 28 ਸੈਂਟੀ ਮੀਟਰ ਦੀ ਲੰਬਾਈ ਵਿਚ ਹੁੰਦਾ ਹੈ।

ਜਿਥੇ ਦੋ ਫੱਟੀਆਂ ਦਾ ਸਪਰਸ਼ ਹੁੰਦਾ ਹੈ ਉਥੇ ਛੇਕ ਕੱਢੇ ਜਾਂਦੇ ਹਨ। ਇਨ੍ਹਾਂ ਛੇਕਾਂ ਵਿਚ ਮੋਟੇ ਕਿੱਲ ਜਾਂ ਸਰੀਆ ਪਾ ਕੇ ਉਪਰੋਂ ਰੰਗ ਕਰ ਦਿੱਤਾ ਜਾਂਦਾ ਹੈ। ਸੱਪ ਦੀਆਂ ਫੱਟੀਆਂ ਦੀ ਗਿਣਤੀ 8 ਤੋਂ 24 ਤੱਕ ਹੋ ਸਕਦੀ ਹੈ। ਇਹ ਫੱਟੀਆਂ ਟਾਹਲੀ ਦੀ ਲਕੜੀ ਦੀਆਂ ਹੁੰਦੀਆਂ ਹਨ। ਉੱਪਰ ਸੱਪ ਦੀਆਂ ਅੱਖਾਂ ਨੂੰ ਜੀਬ ਦਿਖਾਈ ਜਾਂਦੀ ਹੈ। ਉਸ ਨੂੰ ਹੋਰ ਸੋਹਣਾ ਬਣਾਉਣ ਲਈ ਸੱਪ ਦੇ ਗਲ ਵਿਚ ਰੰਗਦਾਰ ਧਾਗੇ ਪਰੋਏ ਜਾਂਦੇ ਹਨ। ਭੰਗੜੇ ਵਿਚ ਜਦੋਂ ਗੱਭਰੂ ਇਸ ਦਾ ਪ੍ਰਯੋਗ ਕਰਦੇ ਹਨ ਤਾਂ ਉਹ ਕੈਂਚੀ ਵਾਂਗ ਖੁੱਲ੍ਹਦਾ ਹੈ ਅੱਗੇ ਦੀ ਕ੍ਰਿਆ ਤਾਲ ਦੀ ਬੀਟ ਨਾਲ ਕਰਦਾ ਹੈ।

**ਕਾਟੋ :-**

ਪੰਜਾਬ ਦੇ ਲੋਕ ਨਾਚ ਵਿਚ ਕਾਟੋ ਸਾਜ਼ ਦਾ ਇਕ ਵੱਖਰਾ ਹੀ ਸਥਾਨ ਹੈ। ਇਸ ਦਾ ਰੂਪ ਸਿਰਫ਼ ਪੰਜਾਬ ਪ੍ਰਾਂਤ ਵਿਚ ਹੀ ਦੇਖਣ ਨੂੰ ਮਿਲਦਾ ਹੈ। ਕਾਟੋ ਤਾਲ ਪ੍ਰਧਾਨ ਸਾਜ਼ ਹੈ। ਜਿਵੇਂ ਪੰਜਾਬੀ ਸੰਗੀਤ ਵਿਚ ਢੱਡ ਸਾਰੰਗੀ ਦੀ ਜੋੜੀ ਹੈ ਉਸ ਤਰ੍ਹਾਂ ਪੰਜਾਬ ਦੇ ਨਾਲ ਭੰਗੜੇ ਵਿਚ ਸੱਪ-ਕਾਟੋ ਦੀ ਜੋੜੀ ਮਸ਼ਹੂਰ ਹੈ, ਭੰਗੜੇ ਵਿਚ ਜਦ ਤੱਕ ਇਨ੍ਹਾਂ ਦੋਵਾਂ ਸਾਜ਼ਾਂ ਦੀ ਪ੍ਰਯੋਗ ਨਾ ਕੀਤਾ ਜਾਵੇ ਉਦੋਂ ਤੱਕ ਭੰਗੜਾ ਪੂਰਨ ਨਹੀਂ ਮੰਨਿਆ ਜਾਂਦਾ। ਕਾਟੋ ਦੀ ਸ਼ਕਲ ਲਕੜੀ ਦਾ ਟੁਕੜਾ ਲੈ ਕੇ ਘੜੀ ਜਾਂਦੀ ਹੈ ਤੇ ਉਸਦਿਆਂ ਪੈਰਾਂ ਤੇ ਅੱਖਾਂ 'ਤੇ ਕੋਕੇ ਜੜੇ ਜਾਂਦੇ ਹਨ ਤੇ ਜਿਥੇ ਕਾਟੋ ਦਾ ਮੂੰਹ ਖੁੱਲ੍ਹਦਾ ਹੈ ਉਸ ਨੂੰ ਕਈ ਰੰਗਾਂ ਨਾਲ ਸਜਾਇਆ ਜਾਂਦਾ ਹੈ। ਕਾਟੋ ਨੂੰ ਹੋਰ ਖੂਬਸੂਰਤ ਬਣਾਉਣ ਲਈ ਗਲੇ ਵਿਚ ਰੰਗਦਾਰ ਰਿਬਨ ਤੇ ਪੂੰਛ ਤੇ ਨਿੱਕੇ-ਨਿੱਕੇ ਘੁੰਗਰੂ ਬੰਨ੍ਹੇ ਜਾਂਦੇ ਹਨ। ਕਾਟੋ ਨੂੰ ਇਕ ਰੰਗਦਾਰ ਡੰਡੇ 'ਤੇ ਬੰਨ੍ਹਿਆ ਜਾਂਦਾ ਹੈ, ਜਿਸ ਡੰਡੇ ਦੀ ਲੰਬਾਈ 90 ਸੈਂਟੀ ਮੀਟਰ ਤੋਂ 100 ਸੈਂਟੀ ਮੀਟਰ ਹੁੰਦੀ ਹੈ। ਕਾਟੋ ਨੂੰ ਇਕ ਡੰਡੇ 'ਤੇ ਬੰਨ੍ਹ ਕੇ ਲਾਲ ਧਾਗਾ ਪਰੋਇਆ ਜਾਂਦਾ ਹੈ। ਜਦੋਂ ਇਸ ਪਾਸੇ ਨੂੰ ਖਿੱਚਿਆ ਜਾਂਦਾ ਹੈ ਤਾਂ ਕਾਟੋ ਆਪ ਮੁਹਾਰੇ ਨੱਚ ਉੱਠਦੀ ਹੈ। ਇਸ ਤਰ੍ਹਾਂ ਘੁੰਗਰੂਆਂ ਦੀ ਤਾਲ ਉੱਤੇ ਕਾਟੋ ਉੱਪਰ ਤੇ ਕਦੇ ਹੇਠਾਂ ਨਚਦੀ-ਟੱਪਦੀ ਹੈ ਤੇ ਦਰਸ਼ਕਾਂ ਦਾ ਮਨੋਰੰਜਨ ਕਰਦੀ ਹੈ।



**ਚਿੱਤਰ-12**

**ਡਫ਼ਲੀ :-**

ਖੜਤਾਲ, ਖੰਜਰੀ ਦੀ ਸ਼੍ਰੇਣੀ ਵਿਚ ਡਫਲੀ ਦਾ ਆਪਣਾ ਹੀ ਸਥਾਨ ਹੈ। ਲੋਕ ਗੀਤਾਂ, ਖਾਸ ਕਰਕੇ ਗੁਰਦਾਸ ਮਾਨ ਦੀ ਡਫਲੀ ਤਾਂ ਪੰਜਾਬ ਵਿਚ ਬਹੁਤ ਪ੍ਰਸਿੱਧ ਹੈ। ਗੋਲ ਆਕਾਰ ਵਿਚ ਲੋਹੇ ਦੀ ਪੱਤੀ ਲਾਈ ਜਾਂਦੀ ਹੈ ਜਿਸ ਵਿਚ ਛੇ ਤੋਂ ਅੱਠ ਜਗ੍ਹਾ 'ਤੇ ਛੇਕ ਕਰਕੇ ਛਲੇ ਪਰੋਏ ਜਾਂਦੇ ਹਨ ਤੇ ਇਸ ਗੋਲਾਕਾਰ ਤੇ ਚਮੜਾ ਮੜਿਆ ਜਾਂਦਾ ਹੈ ਤੇ ਇਸ ਸਾਜ਼ ਨੂੰ ਤਾਲ ਦੇਣ ਲਈ ਵਰਤਿਆ ਜਾਂਦਾ ਹੈ। ਇਹ ਛੋਟੇ ਤੇ ਵੱਡੇ ਦੋਹਾਂ ਆਕਾਰ ਵਿਚ ਮਿਲਦੇ ਹਨ। ਇਸ ਸਾਜ਼ ਨੂੰ ਖੱਬੇ ਹੱਥ ਨਾਲ ਫੜ ਕੇ ਤੇ ਸੱਜੇ ਹੱਥ ਦੀਆਂ ਉਂਗਲੀਆਂ ਤੇ ਹਥੇਲੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਦੋਂ ਹੱਥ ਨਾਲ ਛੈਣਿਆਂ ਦੀ ਆਵਾਜ਼ ਨਿਕਲਦੀ ਹੈ ਤਾਂ ਉਹ ਬਹੁਤ ਮਨਮੋਹਕ ਲਗਦੀ ਹੈ।



**ਚਿੱਤਰ-13**

**ਘੜਾ :-**

ਇਸ ਸਾਜ਼ ਦੀ ਵਰਤੋਂ ਵੀ ਪੰਜਾਬ ਦੇ ਲੋਕ ਗੀਤਾਂ ਨਾਲ, ਜਗਰਾਤਿਆਂ ਤੇ ਭਜਨ ਉਚਾਰਨ ਵੇਲੇ ਕੀਤੀ ਜਾਂਦੀ ਹੈ। ਪੰਜਾਬ ਵਿਚ ਮਹੀਵਾਲ ਦਾ ਘੜਾ ਬਹੁਤ ਮਸ਼ਹੂਰ ਹੈ। ਘੜੇ ਦਾ ਆਕਾਰ ਹੇਠਾਂ ਤੋਂ ਗੋਲ ਤੇ ਉੱਪਰੋਂ ਛੋਟਾ ਮੂੰਹ ਹੁੰਦਾ ਹੈ। ਘੜਾ ਮਿੱਟੀ, ਕਾਂਸੇ ਜਾਂ ਪਿੱਤਲ ਦਾ ਵੀ ਹੋ ਸਕਦਾ ਹੈ। ਇਸ ਨੂੰ ਸਜਾਉਣ ਲਈ ਰੰਗ ਕਰਕੇ ਉੱਪਰ ਬੇਲ ਬੂਟੇ ਵੀ ਪਾਏ ਜਾਂਦੇ ਹਨ। ਇਸ ਸਾਜ਼ ਨੂੰ ਵਾਦਕ ਆਪਣੀ ਗੋਦੀ ਵਿਚ ਰੱਖ ਕੇ ਜਾਂ ਛੋਟੇ ਜਿਹੇ ਵਿੰਨ੍ਹੂੰ (ਜੋ ਗੋਲ ਆਕਾਰ ਵਿਚ ਕੱਪੜੇ ਦੀ ਲੀਰਾਂ ਦੀ ਬਣਿਆ ਹੋਇਆ ਛੱਲਾ ਹੁੰਦਾ ਹੈ) ਉੱਪਰ ਆਪਣੇ ਅੱਗੇ ਰੱਖ ਕੇ ਤੇ ਸੱਜੇ ਹੱਥ ਦੀਆਂ ਉਂਗਲੀਆਂ ਤੇ ਅੰਗੂਠੇ ਵਿਚ ਉੱਪਰ ਵਾਲੇ ਪਾਸੇ ਲੋਹੇ ਜਾਂ ਪਿੱਤਲ ਦੇ ਛੱਲੇ ਪਾ ਕੇ ਤਾਲ ਦੇ ਕੇ ਵਜਾਇਆ ਜਾਂਦਾ ਹੈ ਤੇ ਖੱਬਾ ਹੱਥ ਨਾਲ-ਨਾਲ ਕਦੇ ਘੜੇ ਦੇ ਖੱਬੇ ਹੱਥ ਛੱਲਿਆਂ ਦੀ ਸਹਾਇਤਾ ਨਾਲ ਤੇ ਵਿਚ-ਵਿਚ ਘੜੇ ਦੇ ਮੂੰਹ 'ਤੇ ਖੱਬਾ ਹੱਥ ਮਾਰ ਕੇ ਵਜਾਇਆ ਜਾਂਦਾ ਹੈ।



**ਚਿੱਤਰ**-14

### ਅਧਿਆਇ-10
# ਜੀਵਨੀ—'ਨਿਖਿਲ ਬੈਨਰਜੀ'




**ਜਨਮ ਅਤੇ ਸਿੱਖਿਆ**

ਮਹਾਨ ਸਿਤਾਰ ਵਾਦਕ ਨਿਖਿਲ ਬੈਨਰਜੀ ਦਾ ਜਨਮ 14 ਅਕਤੂਬਰ, 1931 ਨੂੰ ਕਲਕੱਤਾ ਦੇ ਵਿਚ ਸੰਗੀਤ ਪ੍ਰੇਮੀ ਪਰਿਵਾਰ ਵਿਚ ਹੋਇਆ। ਆਪ ਜੀ ਦੇ ਪਿਤਾ ਸ੍ਰੀ ਜਤਿੰਦਰ ਨਾਥ ਬੈਨਰਜੀ ਆਪਣੇ ਸਮੇਂ ਦੇ ਮੰਨੇ ਸੰਗੀਤਕਾਰ ਸਨ। ਸੋ ਆਪ ਨੇ ਸ਼ੁਰੂ ਦੀ ਸੰਗੀਤ ਸਿੱਖਿਆ ਆਪਣੇ ਪਿਤਾ ਤੋਂ ਲਈ। ਇਸ ਤੋਂ ਬਾਅਦ ਆਪ ਨੇ ਵਰਿੰਦਰ ਕਿਸ਼ੋਰ ਰਾਏ ਚੌਧਰੀ ਕੋਲੀ ਸੰਗੀਤ ਦੀ ਵਿਧੀ ਪੂਰਨ ਸਿੱਖਿਆ ਪ੍ਰਾਪਤ ਕੀਤੀ। ਇਸ ਤਰ੍ਹਾਂ ਉਹ ਜਲਦੀ ਹੀ ਸਿਤਾਰ ਵਜਾਉਣ ਵਿਚ ਨਿਪੁੰਨ ਹੋ ਗਏ। ਆਪ ਨੂੰ ਪਹਿਲੀ ਬਾਰ 'ਆਲ ਬੰਗਾਲ ਸਿਤਾਰ ਰਿਸਾਈਟਲ' ਵਿਚ ਆਪਣੀ ਕਲਾਂ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਆਪ ਨੇ ਰਾਚਿਕਾ ਮੋਹਨ ਮੋਤਰ ਪਾਸੋਂ ਸਰੋਦ ਵਾਦਨ ਅਤੇ ਮੁਸਤਾਕ ਅਲੀ ਖਾਂ ਦੀ ਸੰਗੀਤ ਕਲਾਂ ਬਹੁਤ ਹੀ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਸਾਹਮਣੇ ਸੰਗੀਤ ਕਲਾਂ ਸਿੱਖਣ ਦੀ ਇੱਛਾ ਪ੍ਰਗਟ ਕੀਤੀ। ਪਰ ਬਾਬਾ ਨੇ ਸੰਗੀਤ ਸਿੱਖਿਆ ਦੇਣ ਤੋਂ ਸਾਫ ਨਾਂਹ ਕਰ ਦਿੱਤੀ। ਉਨ੍ਹਾਂ ਦੀ ਨਾਂਹ ਤੇ ਇਹ ਬਹੁਤ ਰੋਏ ਪਰ ਫਿਰ ਵੀ ਪੂਰੇ ਵਿਸ਼ਵਾਸ ਨਾਲ ਸਿਤਾਰ ਦਾ ਵਾਦਨ ਕੀਤਾ ਪਰ ਬਾਬਾ ਉਠ ਕੇ ਚਲੇ ਗਏ। ਪਰ ਪਰਮਾਤਮਾ ਦੀ ਕ੍ਰਿਪਾ ਨਾਲ ਬਾਬਾ ਨੇ ਇਨ੍ਹਾਂ ਨੂੰ ਆਪਣਾ ਸ਼ਿਸ਼ ਬਣਾ ਲਿਆ। ਇਥੇ ਰਹਿ ਕੇ ਇਨ੍ਹਾਂ ਨੇ ਬਹੁਤ ਤਪੱਸਿਆ ਕੀਤੀ। 7 ਸਾਲ ਤੱਕ ਬਾਬਾ ਕੋਲ ਰਹਿ ਕੇ ਪਿਆਸ, ਅਨੁਸ਼ਾਸਨ, ਉਦੇਸ਼ ਭਰਿਆ ਸੰਗੀਤ ਦਾ ਗਿਆਨ ਲੈ ਕੇ ਘਰ ਵਾਪਸ ਆ ਗਏ।

**ਸੰਮੇਲਨ** :-ਕਲਕੱਤਾ ਵਾਪਿਸ ਆ ਕੇ ਇਨ੍ਹਾਂ ਨੇ 'ਤਾਨਸ਼ੇਨ ਸੰਗੀਤ ਸੰਮੇਲਨ' ਵਿਚ ਭਾਗ ਲਿਆ। ਜਿਥੇ ਇਨ੍ਹਾਂ ਨੂੰ ਬਹੁਤ ਇੱਜ਼ਤ ਮਿਲੀ। ਹੁਣ ਦੇਸ਼ ਵਿਚ ਹੀ ਨਹੀਂ ਸਗੋਂ ਵਿਦੇਸ਼ ਵਿਚ ਵੀ ਇਨ੍ਹਾਂ ਦੇ ਪ੍ਰੋਗਰਾਮ ਹੋਣ ਲੱਗਾ ਇਨ੍ਹਾਂ ਦਾ ਵਾਦਨ ਅਲੱਗ ਰੂਪ ਵਿਚ ਹੀ ਪਹਿਚਾਣਿਆ ਜਾਂਦਾ ਸੀ। ਇਨ੍ਹਾਂ ਨੇ 1931 ਵਿਚ ਅਮਰੀਕਾ, ਇੰਗਲੈਂਡ

ਪੱਛਮੀ ਯੂਰਪ ਦੇਸ਼ਾਂ ਵਿਚ ਵੀ ਯਾਤਰਾ ਕੀਤੀ। ਇਥੇ ਹੀ ਨਹੀਂ ਸਗੋਂ ਰੂਸ, ਯੂਰਪ, ਆਸਟ੍ਰੇਲੀਆ, ਅਫਗਾਨਿਸਤਾਨ, ਨੇਪਾਲ ਵਿਚ ਵੀ ਇਨ੍ਹਾਂ ਨੇ ਆਪਣੀ ਕਲਾਂ ਨਾਲ ਸਰੋਤਾਵਾਂ ਦਾ ਮੰਨ ਮੋਹਿਆ। ਨਿਖਿਲ ਜੀ ਦਾ ਕਹਿਣਾ ਹੈ ਭਾਰਤੀ ਸੰਗੀਤ ਨੂੰ ਫੈਸ਼ਨ ਦੇ ਰੂਪ ਵਿਚ ਸਮਝਦੇ ਹਨ ਜੋ ਕਿ ਵਿਦੇਸ਼ੀ ਲੋਕ ਸੰਗੀਤ ਵਿਚ ਆਤਮਿਕ ਸ਼ਾਂਤੀ ਤੇ ਸੱਚਾ ਪ੍ਰੇਮ ਰੱਖਦੇ ਹਨ।

**ਨਿਖਿਲ ਜੀ ਦੀ ਵਾਦਨ ਸ਼ੈਲੀ** :-ਇਨ੍ਹਾਂ ਦੇ ਵਾਦਨ ਵਿਚ ਪੰ: ਰਵੀਸ਼ੰਕਰ, ਅਲੀ ਅਕਬਰ ਖਾਂ ਦੀਆਂ ਸ਼ੈਲੀਆਂ ਦਾ ਮਿਸ਼ਰਣ ਸੀ। ਉਨ੍ਹਾਂ ਦਾ ਮੰਨਣਾ ਸੀ ਤਾਨ ਵਿਚ ਸੁਰ ਤੇ ਤਾਨ ਵਿਚ ਹੀ ਰਾਗ ਦੀ ਸੁੰਦਰਤਾ ਹੈ। ਉਨ੍ਹਾਂ ਦੇ ਰਾਗ ਅਲਾਪ ਵਿਚ ਰਾਗ ਦਾ ਸਵਰੂਪ ਖਿਲ ਉਠਦਾ ਸੀ। ਪੰ: ਰਵੀਸ਼ੰਕਰ ਜੀ ਨੇ ਵੀ ਉਨ੍ਹਾਂ ਦੀ ਵਾਦਨ ਸ਼ੈਲੀ ਬਾਰੇ ਕਿਹਾ ‘ਮੈਂ ਨਿਖਿਲ ਦੇ ਵਾਦਨ ਵਿਚ ਅਨੋਖਾ ਰੂਪ ਦੇਖਿਆ ਹੈ ਉਨ੍ਹਾਂ ਦੇ ਵਾਦਨ ਵਿਚ ਗਾਇਕੀ ਢੰਗ ਦਾ ਵਾਦਨ ਸੀ। ਮੀਂਡ ਅੰਗ ਦੀ ਤਾਨ ਵਿਚ ਨਿਖਿਲ ਅਤਿਉੱਤਮ ਸਨ।

**ਰਾਗਾਂ ਦੇ ਰਿਕਾਰਡ** :-ਇਨ੍ਹਾਂ ਦੇ ਮਲੂਹਾ ਕੇਦਾਰ, ਹੇਮ ਲਲਿਤ, ਜੋਨਪੁਰੀ, ਲਲਿਤ, ਪੁਰੀਆ, ਕਲਿਆਣ, ਹੇਮੰਤ, ਮਾਲਕਿਨ, ਅੜਾਨਾ, ਸਿੰਧੂਰਾ, ਭੈਰਵੀ ਰਾਗਾਂ ਦੇ ਵਜਾਏ ਰਿਕਾਰਡ ਹੁਣ ਵੀ ਮਿਲਦੇ ਹਨ। ਇਨ੍ਹਾਂ ਦੀ ਰੁਚੀ ਕੀਰਤਨ ਵੀ ਬਹੁਤ ਸੀ। ਇਨ੍ਹਾਂ ਦੀਆਂ ਮੰਨ ਪਸੰਦ ਤਾਲਾਂ ਰੁਪਕ, ਤਿੰਨ ਤਾਲ, ਝਪਤਾਲ ਸੀ।

**ਮ੍ਰਿਤੂ** :-14 ਜਨਵਰੀ, 1986 ਨੂੰ ਇਹ ਅਦਭੁੱਤ ਸਿਤਾਰ ਵਾਦਕ ਸਮੇਂ ਤੋਂ ਪਹਿਲਾਂ ਹੀ ਸਾਡੇ ਤੋਂ ਚਲੇ ਗਏ। ਰਵੀਸ਼ੰਕਰ ਹੋਰਾ ਦਾ ਕਹਿਣਾ ਸੀ 55 ਸਾਲ ਦੀ ਉਮਰ ਉਨ੍ਹਾਂ ਦੀ ਇਸ ਦੁਨੀਆ ਤੋਂ ਉੱਠਣ ਦੀ ਨਹੀਂ ਸੀ। ਇਹ ਉਮਰ ਉਨ੍ਹਾਂ ਦੀ ਵਾਦਨ ਵਿਚ ਕੁਸ਼ਲਤਾ ਪ੍ਰਾਪਤ ਕਰਨ ਦੀ ਸੀ। ਇਸ ਦਾ ਘਾਟਾ ਸ਼ਾਇਦ ਹੀ ਕੋਈ ਪੂਰਾ ਕਰ ਸਕਦਾ ਹੈ। ਅੱਜ ਨਿਖਿਲ ਦਾ ਨਾਸ਼ਵਾਨ ਸਰੀਰ ਸਾਡੇ ਵਿਚ ਨਹੀਂ ਪਰ ਆਪਣੀ ਸੰਗੀਤ ਕਲਾ ਦੀ ਜਗਦੀ ਲੋਅ ਨਾਲ ਹਮੇਸ਼ਾ ਜਗਤ ਨੂੰ ਪ੍ਰਕਾਸ਼ਿਤ ਕਰਦੇ ਰਹਿਣਗੇ। ਇਨ੍ਹਾਂ ਦੀ ਮੌਤ ਤੋਂ ਬਾਅਦ ਭਾਰਤ ਸਰਕਾਰ ਨੇ ਇਨ੍ਹਾਂ ਨੂੰ ਪਦਮ ਵਿਭੂਸ਼ਣ ਲਈ ਉਪਾਧੀ ਦਿੱਤੀ।